1-JUNE-PAGE-1.qxd 5/31/2024 8:46 PM Page 1

ਸ਼ਨੀਵਾਰ, 1 ਜੂਨ, 2024
19 ਜੇਠ { ਨਾਨਕਸ਼ਾਹੀ 556
ਬਿਕਰਮੀ 2081
ਜਿਲਦ/VOL. : 72
ਅੰਕ/NO. : 362

# ਨਵਾਂ ਜ਼ਮਾਨਾ

DAILY NAWAN ZAMANA • SATURDAY, 1 JUNE, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪੰਜਾਬ ਦੇ ਵੋਟਰਾਂ ਦੀ ਪਰਖ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਲੋਕ ਸਭਾ ਚੋਣਾਂ ਦੇ ਸੱਤਵੇਂ ਤੇ ਅੰਤਮ ਗੇੜ ਤਹਿਤ ਸ਼ਨੀਵਾਰ 7 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਇਕ ਸੀਟ ਸਮੇਤ 57 ਸੀਟਾਂ 'ਤੇ ਵੋਟਾਂ ਪੈਣਗੀਆਂ। ਪੰਜਾਬ ਦੀਆਂ 13, ਹਿਮਾਚਲ ਦੀਆਂ ਚਾਰ, ਯੂ ਪੀ ਦੀਆਂ 13, ਪੱਛਮੀ ਬੰਗਾਲ ਦੀਆਂ ਨੌਂ, ਬਿਹਾਰ ਦੀਆਂ ਅੱਠ, ਓਡੀਸ਼ਾ ਦੀਆਂ ਛੇ ਅਤੇ ਝਾਰਖੰਡ ਦੀਆਂ ਤਿੰਨ ਲੋਕ ਸਭਾ ਸੀਟਾਂ 'ਤੇ ਵੋਟਾਂ ਪੈਣੀਆਂ ਹਨ। ਹਿਮਾਚਲ ਦੀਆਂ 6 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਵੀ ਪਹਿਲੀ ਜੂਨ ਨੂੰ ਹੋਵੇਗੀ। 28 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚਲੀਆਂ 486 ਸੀਟਾਂ 'ਤੇ ਵੋਟਿੰਗ ਪਹਿਲਾਂ ਹੀ ਹੋ ਚੁੱਕੀ ਹੈ। ਪਹਿਲੇ ਛੇ ਗੇੜਾਂ 'ਚ ਵੋਟਿੰਗ ਫੀਸਦ 66.14, 66.71, 65.68, 69.16, 62.2 ਅਤੇ 63.36 ਫੀਸਦ ਰਹੀ।

ਪੰਜਾਬ ਵਿਚ ਇੰਡੀਆ ਗੱਠਜੋੜ ਦੀਆਂ ਭਾਈਵਾਲ ਕਾਂਗਰਸ ਤੇ ਆਮ ਆਦਮੀ ਪਾਰਟੀ ਵੱਖਰੇ ਤੌਰ 'ਤੇ ਚੋਣ ਲੜ ਰਹੀਆਂ ਹਨ ਅਤੇ 1996 ਤੋਂ ਬਾਅਦ ਪਹਿਲੀ ਵਾਰ ਭਾਜਪਾ ਅਤੇ ਅਕਾਲੀ ਦਲ ਆਪਣੇ ਦਮ 'ਤੇ ਲੋਕ ਸਭਾ ਚੋਣਾਂ



ਲੜ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਬਹੁਜਨ ਸਮਾਜ ਪਾਰਟੀ ਨੇ ਵੀ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ।

ਚੋਣ ਅਧਿਕਾਰੀਆਂ ਮੁਤਾਬਕ 13 ਲੋਕ ਸਭਾ ਸੀਟਾਂ ਲਈ 24,451 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਵੋਟਿੰਗ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲੇਗੀ। 2.14 ਕਰੋੜ ਤੋਂ ਵੱਧ ਵੋਟਰ ਹਨ। ਪੰਜਾਬ 'ਚ 26 ਔਰਤਾਂ ਸਮੇਤ 328 ਉਮੀਦਵਾਰ ਹਨ, ਜਦਕਿ ਚੰਡੀਗੜ੍ਹ 'ਚ ਦੋ ਔਰਤਾਂ ਸਮੇਤ 19 ਉਮੀਦਵਾਰ ਚੋਣ ਲੜ ਰਹੇ ਹਨ। ਚੰਡੀਗੜ੍ਹ 'ਚ ਭਾਜਪਾ ਉਮੀਦਵਾਰ ਸੰਜੈ ਟੰਡਨ ਦਾ ਮੁਕਾਬਲਾ ਆਪ ਦੀ ਹਮਾਇਤ ਹਾਸਲ ਕਾਂਗਰਸ ਉਮੀਦਵਾਰ ਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨਾਲ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਸੂਬੇ 'ਚ ਕੁੱਲ 2,14,61,741 ਵੋਟਰ ਹਨ, ਜਿਨ੍ਹਾਂ 'ਚ 1,12,86,727 ਪੁਰਸ਼, 1,01,74,241 ਮਹਿਲਾਵਾਂ, 773 ਟਰਾਂਸਜੈਂਡਰ, 1,58,718 ਪੀ ਡਬਲਿਊ ਡੀ (ਦਿਵਿਆਂਗ) ਅਤੇ 1614 ਐਨ ਆਰ ਆਈ. (ਪ੍ਰਵਾਸੀ ਭਾਰਤੀ) ਵੋਟਰ ਸ਼ਾਮਲ ਹਨ। ਸੂਬੇ 'ਚ ਪਹਿਲੀ ਵਾਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵਾਲੇ ਵੋਟਰਾਂ ਦੀ ਗਿਣਤੀ 5,38,715 ਅਤੇ 85 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵੋਟਰਾਂ ਦੀ ਗਿਣਤੀ 1,89,855 ਹੈ।

## ਲੂ ਤੇ ਸੀਤ ਲਹਿਰ ਨੂੰ ਕੌਮੀ ਆਫਤ ਐਲਾਨਣ ਦੀ ਲੋੜ : ਰਾਜਸਥਾਨ ਹਾਈ ਕੋਰਟ



**ਜੈਪੁਰ** : ਰਾਜਸਥਾਨ ਹਾਈ ਕੋਰਟ ਨੇ ਵੀਰਵਾਰ ਗਰਮੀ ਕਾਰਨ ਮੌਤਾਂ ਦਾ ਆਪੇ ਨੋਟਿਸ ਲੈਂਦਿਆਂ ਕਿਹਾ ਕਿ ਲੂ ਤੇ ਸੀਤ ਲਹਿਰ ਨੂੰ ਕੌਮੀ ਆਫਤ ਐਲਾਨਣ ਦੀ ਲੋੜ ਹੈ। ਜਸਟਿਸ ਅਨੂਪ ਕੁਮਾਰ ਢੰਡ ਨੇ ਸੂਬਾ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਗਰਮੀ ਨਾਲ ਮਰਨ ਵਾਲਿਆਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਵੇ ਅਤੇ ਮੁੱਖ ਸਕੱਤਰ ਰਾਜਸਥਾਨ ਜਲਵਾਯੂ ਤਬਦੀਲੀ ਪ੍ਰੋਜੈਕਟ ਤਹਿਤ ਬਣਾਏ 'ਹੀਟ ਐਕਸ਼ਨ ਪਲੈਨ' ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਤੁਰੰਤ ਤੇ ਢੁਕਵੇਂ ਕਦਮ ਚੁੱਕਣ। ਉਨ੍ਹਾ ਕਿਹਾ ਕਿ ਅੱਤ ਦੀ ਗਰਮੀ ਤੇ ਸਰਦੀ ਨਾਲ ਦੇਸ਼-ਭਰ ਵਿਚ ਹੋਣ ਵਾਲੀਆਂ ਮੌਤਾਂ ਨੂੰ ਦੇਖਦਿਆਂ ਨੈਸ਼ਨਲ ਡਿਜਾਸਟਰ ਮੈਨੇਜਮੈਂਟ ਅਥਾਰਟੀ ਨੇ ਬਚਾਅਕਾਰੀ ਕਦਮਾਂ 'ਤੇ ਕੰਮ ਸ਼ੁਰੂ ਕੀਤਾ ਹੈ। ਲੋੜ ਬਣ ਗਈ ਹੈ ਕਿ ਗਰਮ ਤੇ ਸੀਤ ਹਵਾਵਾਂ ਨੂੰ ਕੌਮੀ ਆਫਤ ਐਲਾਨਿਆ ਜਾਵੇ। ਜਲਵਾਯੂ ਪਰਿਵਰਤਨ ਦੇ ਸੰਬੰਧ ਵਿਚ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾਂ ਤੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਜਸਟਿਸ ਢੰਡ ਨੇ ਕਿਹਾ ਕਿ ਯੋਜਨਾਵਾਂ ਤਾਂ ਬਣਾਈਆਂ ਜਾ ਰਹੀਆਂ ਹਨ, ਪਰ ਕਲਿਆਣਕਾਰੀ ਰਾਜ ਲੂ ਤੋਂ ਲੋਕਾਂ ਨੂੰ ਬਚਾਉਣ ਲਈ ਪ੍ਰਭਾਵਕਾਰੀ ਕਦਮ ਨਹੀਂ ਚੁੱਕ ਰਿਹਾ।

ਜਸਟਿਸ ਢੰਡ ਨੇ ਲੋਕਾਂ ਖਾਤਰ ਸਰਕਾਰ ਨੂੰ ਕਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ, ਜਿਵੇਂ ਕਿ ਬਹੁਤੇ ਰਸ਼ ਵਾਲੀਆਂ ਸੜਕਾਂ 'ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇ, ਟਰੈਫਿਕ ਸਿਗਨਲਾਂ ਕੋਲ ਛਾਂ ਦਾ ਪ੍ਰਬੰਧ ਕੀਤਾ ਜਾਵੇ, ਲੂ ਨਾਲ ਪੀੜਤ ਮਰੀਜ਼ਾਂ ਦੇ ਇਲਾਜ ਲਈ ਸਿਹਤ ਕੇਂਦਰਾਂ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਨਿਰਮਾਣ ਕੰਮਾਂ 'ਤੇ ਲੱਗੇ ਮਜ਼ਦੂਰਾਂ, ਕੁਲੀਆਂ ਅਤੇ ਰਿਕਸ਼ਾ ਤੇ ਰਿਹੜੇ ਖਿੱਚਣ ਵਾਲਿਆਂ ਲਈ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਆਰਾਮ ਦਾ ਪ੍ਰਬੰਧ ਕੀਤਾ ਜਾਵੇ। ਜਸਟਿਸ ਢੰਡ ਨੇ ਆਪਣੇ ਹੁਕਮਾਂ ਦਾ ਸਿਰਲੇਖ 'ਧਰਤੀ ਤੇ ਇਸ ਬ੍ਰਹਿਮੰਡ ਦੀ ਭਵਿੱਖੀ ਪੀੜ੍ਹੀ ਨੂੰ ਬਚਾਇਆ ਜਾਵੇ' ਦਿੱਤਾ ਹੈ।



ਦਿੱਲੀ ਦੇ ਕਈ ਹਿੱਸਿਆਂ ਵਿਚ ਪਾਣੀ ਦਾ ਬਹੁਤ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਦਿੱਲੀ ਸਰਕਾਰ ਨੇ ਵੱਧ ਪਾਣੀ ਸਪਲਾਈ ਕਰਨ ਲਈ ਹਰਿਆਣਾ ਨੂੰ ਨਿਰਦੇਸ਼ ਦੇਣ ਲਈ ਸ਼ੁੱਕਰਵਾਰ ਸੁਪਰੀਮ ਕੋਰਟ ਦਾ ਰੁਖ ਕੀਤਾ। ਦਿੱਲੀ ਸਰਕਾਰ ਨੇ ਕਿਹਾ ਕਿ ਕੌਮੀ ਰਾਜਧਾਨੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨਾ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਰੋਹਤਾਂਗ 'ਚ ਬਰਫਬਾਰੀ



ਹਿਮਾਚਲ ਦੇ ਮਨਾਲੀ ਕੋਲ ਰੋਹਤਾਂਗ ਵਿਖੇ ਵੀਰਵਾਰ ਬਰਫਬਾਰੀ ਨਾਲ ਸਥਾਨਕ ਲੋਕਾਂ ਤੇ ਸੈਲਾਨੀਆਂ ਦੇ ਚਿਹਰੇ ਖਿੜ ਗਏ। ਮਨਾਲੀ, ਕੇਲੋਂਗ, ਕਲਪਾ, ਸ਼ਿਮਲਾ, ਭੁੰਤਰ ਤੇ ਸੈਂਜ ਵਿਚ ਮੀਂਹ ਵੀ ਪਿਆ। ਮੌਸਮ ਵਿਭਾਗ ਮੁਤਾਬਕ 2 ਜੂਨ ਤਕ ਮੀਂਹ ਪੈਂਦੇ ਰਹਿਣ ਦੀ ਉਮੀਦ ਹੈ।

## ਗਰਮੀ ਨਾਲ 23 ਪੋਲਿੰਗ ਮੁਲਾਜ਼ਮਾਂ ਦੀ ਮੌਤ

**ਪਟਨਾ** : ਬਿਹਾਰ ਤੇ ਯੂ ਪੀ ਵਿਚ 24 ਘੰਟਿਆਂ ਵਿਚ ਗਰਮੀ ਕਾਰਨ 23 ਪੋਲਿੰਗ ਮੁਲਾਜ਼ਮਾਂ ਦੀ ਮੌਤ ਹੋ ਗਈ। ਯੂ ਪੀ ਦੇ ਮਿਰਜ਼ਾਪੁਰ 'ਚ 13 ਮੁਲਾਜ਼ਮਾਂ ਦੀ ਬੁਖਾਰ ਤੇ ਹਾਈ ਬਲੱਡਪ੍ਰੈਸ਼ਰ ਕਾਰਨ ਮੌਤ ਹੋਈ। ਬਿਹਾਰ 'ਚ ਸਭ ਤੋਂ ਵੱਧ 5 ਮੌਤਾਂ ਭੋਜਪੁਰ 'ਚ ਹੋਈਆਂ।

ਰੋਹਤਾਸ 'ਚ ਤਿੰਨ ਚੋਣ ਅਧਿਕਾਰੀਆਂ ਦੀ ਮੌਤ ਹੋ ਗਈ, ਜਦੋਂ ਕਿ ਕੈਮੂਰ ਤੇ ਔਰੰਗਾਬਾਦ ਜ਼ਿਲ੍ਹਿਆਂ 'ਚ ਇੱਕ-ਇੱਕ ਮੌਤ ਹੋਈ ਹੈ। ਰਾਜ ਵਿਚ ਚਾਰ ਹੋਰ ਵਿਅਕਤੀਆਂ ਦੀ ਵੀ ਮੌਤ ਹੋ ਗਈ।



## ਅਡਾਨੀ ਗਰੁੱਪ ਦਾ ਮੁਨਾਫਾ ਇਕ ਸਾਲ 'ਚ 55 ਫੀਸਦ ਵਧਿਆ

**ਨਵੀਂ ਦਿੱਲੀ** : ਮਾਰਚ 2024 ਨੂੰ ਖਤਮ ਹੋਏ ਵਿੱਤੀ ਸਾਲ 'ਚ ਅਡਾਨੀ ਗਰੁੱਪ ਦੇ ਮੁਨਾਫੇ 'ਚ 55 ਫੀਸਦ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਗਰੁੱਪ ਨੇ ਅਗਲੇ ਦਹਾਕੇ 'ਚ 90 ਅਰਬ ਅਮਰੀਕੀ ਡਾਲਰ ਦੇ ਪੂੰਜੀ ਨਿਵੇਸ਼ ਦੀ ਯੋਜਨਾ ਬਣਾਈ ਹੈ। ਸ਼ੇਅਰ ਬਾਜ਼ਾਰ ਦੇ ਅੰਕੜਿਆਂ ਅਤੇ ਵਿਸ਼ਲੇਸ਼ਕਾਂ ਅਨੁਸਾਰ ਗਰੁੱਪ ਦੀਆਂ ਸੂਚੀਬੱਧ ਕੰਪਨੀਆਂ ਨੇ ਪਿਛਲੇ ਵਿੱਤੀ ਸਾਲ ਵਿੱਚ 30767 ਕਰੋੜ ਰੁਪਏ ਦਾ ਸ਼ੁੱਧ ਲਾਭ ਦਰਜ ਕੀਤਾ ਹੈ, ਜਦ ਕਿ ਉਸਤੋਂ ਪਿਛਲੇ ਵਿੱਤੀ ਸਾਲ 'ਚ ਇਹ ਅੰਕੜਾ 19833 ਕਰੋੜ ਰੁਪਏ ਸੀ।

## ਬਿਭਵ ਕੁਮਾਰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ 'ਤੇ ਹਮਲਾ ਕਰਨ ਦੇ ਮੁਲਜ਼ਮ ਬਿਭਵ ਕੁਮਾਰ ਨੂੰ ਸ਼ੁੱਕਰਵਾਰ ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਿੱਜੀ ਸਹਾਇਕ ਬਿਭਵ ਨੇ 13 ਮਈ ਨੂੰ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਸਵਾਤੀ ਮਾਲੀਵਾਲ ਨਾਲ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਸੀ। ਮੈਟਰੋਪੋਲੀਟਨ ਮੈਜਿਸਟਰੇਟ ਗੌਰਵ ਗੋਇਲ ਨੇ ਬਿਭਵ ਕੁਮਾਰ ਨੂੰ ਨਿਆਂਇਕ ਹਿਰਾਸਤ 'ਚ ਭੇਜਣ ਦੀ ਮੰਗ ਕਰਨ ਵਾਲੀ ਦਿੱਲੀ ਪੁਲਸ ਦੀ ਪਟੀਸ਼ਨ ਨੂੰ ਸਵੀਕਾਰ ਕਰ ਲਿਆ।

## ਭਲਕ ਤੋਂ ਕਿਸਾਨ ਫਿਰ ਸ਼ੰਭੂ ਮੋਰਚੇ 'ਤੇ : ਪੰਧੇਰ

**ਪਟਿਆਲਾ** : ਸ਼ੰਭੂ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸ਼ੁੱਕਰਵਾਰ ਸਾਂਝੇ ਕੀਤੇ ਵੀਡੀਓ ਸੰਦੇਸ਼ ਵਿਚ ਕਿਹਾ ਕਿ ਸੂਬੇ ਭਰ ਦੇ ਕਿਸਾਨ 2 ਜੂਨ ਨੂੰ ਆਪਣੇ ਟਰੈਕਟਰਾਂ ਅਤੇ ਟਰਾਲੀਆਂ 'ਤੇ ਮੋਰਚੇ ਵਾਲੀ ਥਾਂ ਵੱਲ ਵਧਣਗੇ। ਪੰਧੇਰ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਚੋਣਾਂ 'ਚ 'ਨਫਰਤ ਕੀ ਦੁਕਾਨ' ਬੰਦ ਕਰਨ।

## ਬਹਿਬਲ ਕੇਸ ਚੰਡੀਗੜ੍ਹ ਤਬਦੀਲ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਹਿਬਲ ਕਲਾਂ ਗੋਲੀਕਾਂਡ ਕੇਸ ਸ਼ੁੱਕਰਵਾਰ ਪੰਜਾਬ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ। ਸਾਬਕਾ ਐੱਸ ਐੱਸ ਪੀ ਤੇ ਇਸ ਮਾਮਲੇ ਦੇ ਮੁਲਜ਼ਮ ਚਰਨਜੀਤ ਸ਼ਰਮਾ ਨੇ ਇਸ ਲਈ ਪਟੀਸ਼ਨ ਦਾਇਰ ਕੀਤੀ ਸੀ। ਉਨ੍ਹਾ ਫਰੀਦਕੋਟ 'ਚ ਇਸ ਕੇਸ ਦੀ ਸੁਣਵਾਈ ਦੌਰਾਨ ਜਾਨ ਨੂੰ ਖਤਰਾ ਹੋਣ ਦੀ ਗੱਲ ਕਹੀ ਸੀ ਤੇ ਕੇਸ ਦੀ ਸੁਣਵਾਈ ਚੰਡੀਗੜ੍ਹ ਤਬਦੀਲ ਕਰਨ ਦੀ ਅਪੀਲ ਕੀਤੀ ਸੀ।

## ਪ੍ਰਜਵਲ ਰੇਵੰਨਾ ਦਾ 6 ਜੂਨ ਤੱਕ ਪੁਲਸ ਰਿਮਾਂਡ

**ਬੇਂਗਲੁਰੂ** : ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵੇਗੌੜਾ ਦੇ ਪੋਤੇ ਅਤੇ ਲੋਕ ਸਭਾ ਚੋਣਾਂ ਵਿਚ ਹਾਸਨ ਤੋਂ ਭਾਜਪਾ ਦੀ ਹਮਾਇਤ ਹਾਸਲ ਜਨਤਾ ਦਲ (ਸੈਕੂਲਰ) ਦੇ ਉਮੀਦਵਾਰ ਪ੍ਰਜਵਲ ਰੇਵੰਨਾ ਨੂੰ ਅਸ਼ਲੀਲ ਵੀਡੀਓ ਕੇਸ ਵਿਚ ਸਥਾਨਕ ਅਦਾਲਤ ਨੇ ਸ਼ੁੱਕਰਵਾਰ 6 ਜੂਨ ਤਕ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਹਵਾਲੇ ਕਰ ਦਿੱਤਾ। ਸਿੱਟ ਨੇ 14 ਦਿਨਾਂ ਦਾ ਰਿਮਾਂਡ ਮੰਗਿਆ ਸੀ। ਪ੍ਰਜਵਲ ਰੇਵੰਨਾ (33) ਵੀਰਵਾਰ ਦੇਰ ਰਾਤ ਹਵਾਈ ਅੱਡੇ 'ਤੇ ਉਤਰਿਆ ਤਾਂ ਉਥੇ ਮੌਜੂਦ ਮਹਿਲਾ ਆਈ ਪੀ ਐੱਸ ਅਧਿਕਾਰੀਆਂ ਦੀ ਅਗਵਾਈ ਵਿਚ ਮਹਿਲਾ ਪੁਲਸ ਮੁਲਾਜਮਾਂ ਨੇ ਉਸ ਨੂੰ ਘੇਰ ਕੇ ਹਿਰਾਸਤ 'ਚ ਲੈ ਲਿਆ। ਟੀਮ ਦੀ ਅਗਵਾਈ ਦੋ ਆਈ ਪੀ ਐੱਸ ਅਧਿਕਾਰੀ ਸੁਮਨ ਡੀ. ਪੇਨੇਕਰ ਅਤੇ ਸੀਮਾ ਲਾਟਕਰ ਕਰ ਰਹੀਆਂ ਸਨ। ਇਸ ਤੋਂ ਬਾਅਦ ਪ੍ਰਜਵਲ ਨੂੰ ਜੀਪ 'ਚ ਸੀ ਆਈ ਡੀ ਦਫਤਰ ਲੈ ਜਾਇਆ ਗਿਆ। ਜੀਪ 'ਚ ਸਿਰਫ ਮਹਿਲਾ ਪੁਲਸ ਮੁਲਾਜ਼ਮ ਸਨ। ਕੋਰਟ ਵਿਚ ਪੇਸ਼ ਕਰਨ ਤੋਂ ਪਹਿਲਾਂ ਪ੍ਰਜਵਲ ਦਾ ਮੈਡੀਕਲ ਟੈੱਸਟ ਕਰਵਾਇਆ ਗਿਆ। ਜਿਨਸੀ ਸ਼ੋਸ਼ਣ ਦਾ ਰੌਲਾ ਪੈਣ 'ਤੇ ਪ੍ਰਜਵਲ ਵੋਟਾਂ ਪੈਣ ਤੋਂ ਬਾਅਦ ਜਰਮਨੀ ਭੱਜ ਗਿਆ ਸੀ।

## ਮੈਨੂੰ ਤੋੜਨ ਦੀਆਂ ਹੋਰ ਕੋਸ਼ਿਸ਼ਾਂ ਹੋਣਗੀਆਂ : ਕੇਜਰੀਵਾਲ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਤੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਆਪਣੇ ਸੁਨੇਹੇ 'ਚ ਕਿਹਾ ਕਿ ਜੇਲ੍ਹ ਦੇ ਅੰਦਰ ਉਨ੍ਹਾ ਦਾ ਹੌਸਲਾ ਤੋੜਨ ਦੀ ਕੋਸ਼ਿਸ਼ ਕੀਤੀ ਗਈ ਤੇ 2 ਜੂਨ ਨੂੰ ਵਾਪਸ ਜੇਲ੍ਹ ਜਾਣ 'ਤੇ ਹੋਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

ਉਨ੍ਹਾ ਕਿਹਾ-ਮੈਂ ਦਿੱਲੀ ਵਾਸੀਆਂ ਨੂੰ ਭਰੋਸਾ ਦਿੰਦਾ ਹਾਂ ਕਿ ਮੇਰੇ ਜੇਲ੍ਹ 'ਚ ਰਹਿਣ ਦੌਰਾਨ ਉਨ੍ਹਾਂ ਦੀਆਂ ਸੇਵਾਵਾਂ ਨੂੰ ਬੰਦ ਨਹੀਂ ਕੀਤਾ ਜਾਵੇਗਾ।

ਜਲਦ ਹੀ ਔਰਤਾਂ ਲਈ 1000 ਰੁਪਏ ਦੀ ਸਨਮਾਨ ਰਾਸ਼ੀ ਸਕੀਮ ਵੀ ਸ਼ੁਰੂ ਕਰਾਂਗਾ। ਗ੍ਰਿਫਤਾਰੀ ਤੋਂ ਬਾਅਦ ਮੇਰਾ ਵਜ਼ਨ 6 ਕਿਲੋਗ੍ਰਾਮ ਘਟਿਆ ਹੈ ਤੇ ਡਾਕਟਰਾਂ ਦਾ ਕਹਿਣਾ ਹੈ ਕਿ ਇਹ ਕਿਸੇ ਵੱਡੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ।

## ਟਰੰਪ ਘੋਰ ਅਪਰਾਧ ਦਾ ਦੋਸ਼ੀ ਕਰਾਰ

**ਨਿਊਯਾਰਕ** : ਡੋਨਾਲਡ ਟਰੰਪ ਨੂੰ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਰਿਸ਼ਤੇ ਨੂੰ ਲੁਕਾਉਣ ਲਈ ਗੁਪਤ ਤਰੀਕੇ ਨਾਲ ਪੈਸੇ ਦੇਣ ਦੇ ਮਾਮਲੇ 'ਚ ਰਿਕਾਰਡ 'ਚ ਹੇਰਾਫੇਰੀ ਕਰਨ ਦੇ 34 ਦੋਸ਼ਾਂ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਨਾਲ ਉਹ ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਕਰਾਰ ਦਿੱਤੇ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਚੋਣ ਮੁਹਿੰਮ ਟੀਮ ਨੇ ਕਿਹਾ ਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ, ਜਦੋਂ ਕਿ ਟਰੰਪ ਨੇ ਕਿਹਾ ਕਿ ਇਹ ਫੈਸਲਾ ਗਲਤ ਸਿਆਸੀ ਪ੍ਰਣਾਲੀ ਦਾ ਨਤੀਜਾ ਹੈ। ਟਰੰਪ ਨੂੰ ਸਜ਼ਾ ਸੁਣਾਉਣ ਦੀ ਤਰੀਕ 11 ਜੁਲਾਈ ਤੈਅ ਕੀਤੀ ਗਈ ਹੈ। ਚਾਰ ਦਿਨਾਂ ਬਾਅਦ ਵਿਸਕਾਨਸਿਨ ਦੇ ਮਿਲਵਾਕੀ 'ਚ ਹੋਣ ਵਾਲੀ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' 'ਚ ਉਨ੍ਹਾ ਨੂੰ ਰਸਮੀ ਤੌਰ 'ਤੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਪਾਰਟੀ ਦਾ ਉਮੀਦਵਾਰ ਨਾਮਜ਼ਦ ਕੀਤਾ ਜਾਣਾ ਹੈ। ਜਿਵੇਂ ਹੀ ਉਨ੍ਹਾ ਦੇ ਖਿਲਾਫ ਫੈਸਲਾ ਸੁਣਾਇਆ ਗਿਆ ਟਰੰਪ ਨੇ ਕਿਹਾ-ਇਹ ਸ਼ਰਮਨਾਕ ਹੈ। ਇਹ ਵਿਵਾਦਗ੍ਰਸਤ ਜੱਜ ਵੱਲੋਂ ਚਲਾਇਆ ਗਿਆ ਭ੍ਰਿਸ਼ਟ ਮੁਕੱਦਮਾ ਸੀ। ਲੋਕ ਅਸਲੀ ਫੈਸਲਾ 5 ਨਵੰਬਰ ਨੂੰ ਦੇਣਗੇ। ਪੋਰਨ ਸਟਾਰ ਨੇ ਖੁਲਾਸਾ ਕੀਤਾ ਸੀ ਕਿ 2006 'ਚ ਉਸ ਦਾ ਅਤੇ ਟਰੰਪ ਦਾ ਅਫੇਅਰ ਸੀ।

ਟਰੰਪ ਨੇ ਉਸ ਨੂੰ ਟੀ ਵੀ ਸਟਾਰ ਬਣਾਉਣ ਦਾ ਵਾਅਦਾ ਕਰਕੇ ਉਸ ਨਾਲ ਸਰੀਰਕ ਸੰਬੰਧ ਬਣਾਏ ਸਨ। ਹਾਲਾਂਕਿ ਟਰੰਪ ਨੇ ਇਸ ਗੱਲ ਤੋਂ ਇਨਕਾਰ ਕੀਤਾ ਸੀ।

## ਅੱਜ-ਨਾਮਾ

ਪੰਜਾਬ ਵਾਲਿਓ, ਵੋਟ ਸਭ ਪਾਉਣ ਜਾਉ,
ਆਪਣੀ ਦਰਜ ਕਰਾਉ ਸਭ ਰਾਇ ਮੀਆਂ।
ਪੰਜ ਕੁ ਸਾਲੀਂ ਇਹ ਵਕਤ ਨਸੀਬ ਹੁੰਦਾ,
ਵਾਰ-ਵਾਰ ਫਿਰ ਵਕਤ ਨਾ ਆਏ ਮੀਆਂ।
ਮਿਲੇ ਮੌਕੇ ਦੀ ਸੱਜਣ ਜੀ ਕਦਰ ਕਰਿਉ,
ਮੌਕਾ ਹੱਥ ਤੋਂ ਖਿਸਕ ਨਹੀਂ ਜਾਏ ਮੀਆਂ।
ਛੁੱਟੀ ਮਿਲੀ ਨਾ ਸਮਝ ਕੇ ਬੈਠ ਰਿਹੋ ਜੀ,
ਲਾਪਰਵਾਹੀ ਨਹੀਂ ਸਮੇਂ ਨੂੰ ਭਾਏ ਮੀਆਂ।
ਜਾਪਦਾ ਜਿਹੜਾ ਵੀ ਚੰਗਾ ਜੀ ਵੋਟ ਪਾਇਉ,
ਵੇਖਿਉ ਲੀਡਰ ਦਾ ਤੁਸੀਂ ਕਿਰਦਾਰ ਮੀਆਂ।
ਸਾਰੇ ਹਨ ਮਾੜੇ ਤਾਂ ਦੱਬਿਉ ਬਟਨ 'ਨੋਟਾ',
ਮਨਾਂ ਦੇ ਉੱਪਰ ਨਹੀਂ ਪਾਵਣਾ ਭਾਰ ਮੀਆਂ।

-ਤੀਸ ਮਾਰ ਖਾਂ

## ਅਮਰੀਕਾ ਦੀ ਫਲਾਈਟ 20 ਘੰਟੇ ਲੇਟ, ਯਾਤਰੀ ਬੇਹੋਸ਼



**ਨਵੀਂ ਦਿੱਲੀ** : ਦਿੱਲੀ ਤੋਂ ਸਾਨ ਫਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ ਵੀਰਵਾਰ ਨੂੰ 20 ਘੰਟੇ ਤੋਂ ਵੱਧ ਦੇਰੀ ਨਾਲ ਚੱਲੀ, ਜਿਸ ਕਾਰਨ ਕੁਝ ਲੋਕ ਬਿਨਾਂ ਏਅਰ ਕੰਡੀਸ਼ਨ ਦੇ ਜਹਾਜ਼ ਦੇ ਅੰਦਰ ਬੇਹੋਸ਼ ਹੋ ਗਏ। ਕਈਆਂ ਨੇ ਆਪਣੀ ਦੁਰਦਸ਼ਾ ਐਕਸ 'ਤੇ ਪੋਸਟ ਕੀਤੀ। ਏਅਰ ਇੰਡੀਆ ਦੀ ਫਲਾਈਟ ਏ ਆਈ 183 ਨੇ 30 ਮਈ ਨੂੰ ਬਾਅਦ ਦੁਪਹਿਰ 3.20 ਵਜੇ ਦਿੱਲੀ ਤੋਂ ਸਾਨ ਫਰਾਂਸਿਸਕੋ ਲਈ ਉਡਾਣ ਭਰਨੀ ਸੀ, ਪਰ ਕਈ ਘੰਟਿਆਂ ਦੀ ਦੇਰੀ ਨਾਲ 31 ਮਈ ਨੂੰ ਸਵੇਰੇ 11 ਵਜੇ ਉਡਾਣ ਭਰੀ। ਯਾਤਰੀ ਸ਼ਵੇਤਾ ਪੁੰਜ ਨੇ ਦਾਅਵਾ ਕੀਤਾ ਕਿ ਕੁਝ ਲੋਕਾਂ ਦੇ ਬੇਹੋਸ਼ ਹੋਣ ਤੋਂ ਬਾਅਦ ਯਾਤਰੀਆਂ ਨੂੰ ਜਹਾਜ਼ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਦਿੱਤੀ ਗਈ। ਉਸ ਨੇ ਆਪਣੀ ਪੋਸਟ 'ਚ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨੂੰ ਟੈਗ ਕੀਤਾ ਅਤੇ ਪੂਰੀ ਘਟਨਾ ਨੂੰ ਅਣਮਨੁੱਖੀ ਕਰਾਰ ਦਿੱਤਾ। ਇਸੇ ਦੌਰਾਨ ਹਵਾਬਾਜ਼ੀ ਖੇਤਰ ਦੇ ਰੈਗੂਲੇਟਰ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਨੇ ਏਅਰ ਇੰਡੀਆ ਨੂੰ ਦੋ ਕੌਮਾਂਤਰੀ ਉਡਾਣਾਂ ਵਿਚ ਬਹੁਤ ਜ਼ਿਆਦਾ ਦੇਰ ਅਤੇ ਯਾਤਰੀਆਂ ਦੀ ਢੁਕਵੀਂ ਦੇਖਭਾਲ ਕਰਨ ਵਿਚ ਅਸਫਲ ਰਹਿਣ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ 'ਚ 30 ਮਈ ਨੂੰ ਦਿੱਲੀ ਤੋਂ ਸਾਨ ਫਰਾਂਸਿਸਕੋ ਜਾਣ ਵਾਲੀ ਫਲਾਈਟ ਅਤੇ 24 ਮਈ ਨੂੰ ਮੁੰਬਈ ਤੋਂ ਸਾਨ ਫਰਾਂਸਿਸਕੋ ਜਾਣ ਵਾਲੀ ਫਲਾਈਟ ਦੇ ਸੰਚਾਲਨ 'ਚ ਬੇਲੋੜੀ ਦੇਰੀ ਦਾ ਹਵਾਲਾ ਦਿੰਦੇ ਹੋਏ ਜਵਾਬ ਮੰਗਿਆ ਹੈ।

ੴ ਸਤਿਗੁਰ ਪ੍ਰਸਾਦਿ
ਵਾਟ ਵਟਾਊ ਰਾਤਿ ਸਰਾਈਂ ਵਸਿਆ ॥
ਉਠ ਚਲਿਆ ਪਰਭਾਤਿ ਮਾਰਗਿ ਦਸਿਆ ॥



ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਹਿਗੁਰੂ ਦੇ ਭਾਣੇ ਅਨੁਸਾਰ ਸਾਡੇ ਅਤੀ ਸਤਿਕਾਰਯੋਗ ਮਾਤਾ

ਦਲੀਪ ਕੌਰ ਡੱਲਾ

ਮਿਤੀ 23 ਮਈ 2024 ਦਿਨ ਵੀਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੀ ਗਈ

ਅੰਤਿਮ ਅਰਦਾਸ

ਮਿਤੀ 2 ਜੂਨ 2024 ਦਿਨ ਐਤਵਾਰ ਸਮਾਂ 11.00 ਵਜੇ ਤੋਂ 01.00 ਵਜੇ ਗੁਰਦੁਆਰਾ ਪਾਤਸ਼ਾਹੀ ਛੇਵੀਂ, ਗੁਰੂਸਰ, ਕਾਉਂਕੇ (ਨੇੜੇ ਨਾਨਕਸਰ ਕਲੇਰਾਂ) ਵਿਖੇ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਦੇ ਭਾਣੇ ਵਿੱਚ

ਪਵਿੱਤਰ ਸਿੰਘ ਡੱਲਾ (ਸਪੁੱਤਰ)
ਕਾਬਲ ਸਿੰਘ ਡੱਲਾ (ਸਪੁੱਤਰ)
ਹਰਚਰਨ ਕੌਰ ਗਿੱਲ (ਸਪੁੱਤਰੀ)
ਰਜਿੰਦਰ ਸਿੰਘ ਡੱਲਾ (ਸਪੁੱਤਰ)
(ਸੀਨੀਅਰ ਅਕਾਲੀ ਆਗੂ)
M. 98147-35765

ਗੁਰਮਿਲਾਪ ਸਿੰਘ ਡੱਲਾ (MD)

Macro Global Group of Institute Moga

CMYK

## ਦਾਖ਼ਲੇ ਲਈ ਵਾਈਸ ਚਾਂਸਲਰ ਕੇ ਕੇ ਯਾਦਵ ਵੱਲੋਂ ਪ੍ਰਾਸਪੈਕਟਸ ਜਾਰੀ



**ਪਟਿਆਲਾ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਵਿਖੇ ਸੈਸ਼ਨ 2024-25 ਲਈ ਪਹਿਲੇ ਗੇੜ ਦੇ ਦਾਖ਼ਲੇ ਸ਼ੁਰੂ ਹੋ ਗਏ ਹਨ।ਵਾਈਸ-ਚਾਂਸਲਰ ਸ੍ਰੀ ਕੇ. ਕੇ. ਯਾਦਵ ਵੱਲੋਂ ਇਸ ਸੰਬੰਧੀ ਪਹਿਲੇ ਗੇੜ ਦਾ ਪ੍ਰਾਸਪੈਕਟਸ ਜਾਰੀ ਕੀਤਾ ਗਿਆ।ਪ੍ਰਾਸਪੈਕਟਸ ਜਾਰੀ ਕਰਨ ਸਮੇਂ ਸੈਂਟਰ ਦੇ ਡਾਇਰੈਕਟਰ ਪ੍ਰੋ. ਹਰਵਿੰਦਰ ਕੌਰ ਅਤੇ ਹੋਰ ਸੀਨੀਅਰ ਪ੍ਰੋਫ਼ੈਸਰ ਡਾ. ਸ਼ੈਲਇੰਦਰ ਸੇਖੋਂ, ਡਾ. ਹਰਪ੍ਰੀਤ ਕੌਰ ਤੇ ਡਾ. ਸ਼ਿਵਾਨੀ ਠੱਕਰ ਵੀ ਮੌਜੂਦ ਰਹੇ।ਡਾਇਰੈਕਟਰ ਪ੍ਰੋ. ਹਰਵਿੰਦਰ ਨੇ ਦੱਸਿਆ ਕਿ ਸੈਂਟਰ ਵਿਖੇ ਸੈਸ਼ਨ 2024-25 ਲਈ ਬੀ.ਏ, ਬੀ.ਕਾਮ., ਬੀ.ਲਿਬ. ਐਮ.ਏ. (ਅੰਗਰੇਜ਼ੀ), ਐਮ.ਏ. (ਐਜੂਕੇਸ਼ਨ), ਐਮ.ਏ (ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ) ਤੇ ਐਮ.ਬੀ.ਏ. ਕੋਰਸਾਂ ਦੇ ਐਂਟਰੀ ਪੁਆਇੰਟ (ਭਾਵ ਸਮੈਸਟਰ ਪਹਿਲਾ) ਦੇ ਦਾਖ਼ਲੇ ਸ਼ੁਰੂ ਹੋ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਸੈਸ਼ਨ ਲਈ ਬਾਕੀ ਕੋਰਸਾਂ ਦੀ ਦਾਖ਼ਲਾ ਪ੍ਰਕ੍ਰਿਆ ਬਾਰੇ ਡੈੱਬ ਤੋਂ ਪ੍ਰਵਾਨਗੀ ਮਿਲਣ ਉਪਰੰਤ ਜਲਦ ਹੀ ਉਨ੍ਹਾਂ ਦੇ ਦਾਖ਼ਲੇ ਵੀ ਸ਼ੁਰੂ ਹੋ ਜਾਣਗੇ।ਸੈਂਟਰ ਵਿਖੇ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਆਨਲਾਈਨ ਵਿਧੀ ਰਾਹੀਂ ਦਾਖ਼ਲਾ ਪ੍ਰਾਪਤ ਕਰ ਸਕਦੇ ਹਨ।

## ਅਰੋੜਾ ਵੰਸ਼ ਸੋਸਾਇਟੀ ਨੇ ਅਰੂਟ ਮਹਾਰਾਜ ਦਾ ਜਨਮ ਉਤਸਵ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਅਰੋੜਾ ਵੰਸ਼ ਵੈੱਲਫੇਅਰ ਸੋਸਾਇਟੀ ਵੱਲੋਂ ਪ੍ਰਧਾਨ ਦਰਸ਼ਨ ਅਰੋੜਾ ਦੀ ਅਗਵਾਈ ਵਿੱਚ ਅਰੋੜਾ ਵੰਸ਼ ਦੇ ਬਾਨੀ ਅਰੂਟ ਮਹਾਰਾਜ ਦੇ ਜਨਮ ਉਤਸਵ ਅਰੋੜਾ ਧਰਮਸ਼ਾਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਅਰੂਟ ਜੀ ਮਹਾਰਾਜ ਅਰੋੜਾ ਵੰਸ਼ ਦੇ ਸੰਸਥਾਪਕ ਸਨ।ਇਸ ਮੌਕੇ ਸਮੂਹ ਅਰੋੜਾ ਸਮਾਜ ਦੇ ਅਹੁਦੇਦਾਰਾਂ ਨੇ ਸ਼੍ਰੀ ਅਰੂਟ ਮਹਾਰਾਜ ਜੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕੀਤੀ।ਇਸ ਮੌਕੇ ਪ੍ਰਧਾਨ ਦਰਸ਼ਨ ਅਰੋੜਾ ਨੇ ਕਿਹਾ ਕਿ ਸ਼੍ਰੀ ਅਰੂਟ ਮਹਾਰਾਜ ਜੀ ਦਾ ਸਮਾਜ ਲਈ ਬਹੁਤ ਵੱਡਾ ਯੋਗਦਾਨ ਹੈ ਤੇ ਜਲਦੀ ਹੀ ਉਨ੍ਹਾਂ ਦੀ ਯਾਦ ਵਿੱਚ ਸੁਸਾਇਟੀ ਵੱਲੋਂ ਖੂਨਦਾਨ ਕੈਂਪ ਲਗਾਇਆ ਜਾਵੇਗਾ।ਉਨ੍ਹਾ ਕਿਹਾ ਕਿ ਪੰਜਾਬ ਵਿੱਚ 20 ਪ੍ਰਤੀਸ਼ਤ ਤੋਂ ਜ਼ਿਆਦਾ ਅਰੋੜਾ ਬਿਰਾਦਰੀ ਦੇ ਲੋਕ ਰਹਿੰਦੇ ਹਨ, ਅਰੋੜਾ ਬਿਰਾਦਰੀ ਹਿੰਦੂ, ਸਿੱਖ ਏਕਤਾ ਦਾ ਪ੍ਰਤੀਕ ਹੈ।ਦਰਸ਼ਨ ਅਰੋੜਾ ਵੱਲੋਂ ਸੁਸਾਇਟੀ ਵੱਲੋਂ ਸਮਾਜ ਭਲਾਈ ਦੇ ਕੀਤੇ ਕਾਰਜਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਗਿਆ।ਸਮਾਗਮ ਦੌਰਾਨ ਪ੍ਰਧਾਨ ਦਰਸ਼ਨ ਅਰੋੜਾ, ਸੀਨੀਅਰ ਮੀਤ ਪ੍ਰਧਾਨ ਅਵਿਨਾਸ਼ ਅਰੋੜਾ, ਚੇਅਰਮੈਨ ਸਤਪਾਲ ਅਰੋੜਾ, ਵਾਈਸ ਚੇਅਰਮੈਨ ਮੰਗਤ ਅਰੋੜਾ, ਸਕੱਤਰ ਸੁਧੀਰ ਅਰੋੜਾ ਕਾਕੂ, ਸਹਿ-ਖਜ਼ਾਨਚੀ ਹਰਬੰਸ ਅਰੋੜਾ, ਰਤਨ ਚੰਦ ਅਰੋੜਾ, ਪ੍ਰੇਮ ਅਰੋੜਾ, ਗਗਨ ਅਰੋੜਾ, ਅਮਿਤ ਅਰੋੜਾ, ਰਾਜੇਸ਼ ਅਰੋੜਾ ਟੀਟਾ, ਲਵਲੀ ਅਰੋੜਾ, ਬੱਬੀ, ਸੰਜੀਵ ਅਰੋੜਾ ਸੰਜੂ, ਰਿੰਕੂ ਅਰੋੜਾ ਤੇ ਸਮਾਜ ਸੇਵੀ ਦੀਪਕ ਨਾਗਪਾਲ ਹਾਜ਼ਰ ਸਨ।

## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਫਲੈਗ ਮਾਰਚ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਐੱਸ.ਐੱਸ.ਪੀ. ਬਰਨਾਲਾ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ.ਐੱਸ.ਪੀ. ਮਹਿਲ ਕਲਾਂ ਕੰਵਰਪਾਲ ਸਿੰਘ ਬਾਜਵਾ ਦੀ ਅਗਵਾਈ ਹੇਠ ਮਹਿਲ ਕਲਾਂ ਦੇ ਮੁੱਖ ਬਾਜ਼ਾਰ ਤੇ ਆਲੇ ਦੁਆਲੇ ਦੇ ਪਿੰਡਾਂ 'ਚ ਫਲੈਗ ਮਾਰਚ ਕੱਢਿਆ ਗਿਆ।ਇਸ ਮਾਰਚ ਦੌਰਾਨ ਸਬ-ਡਵੀਜ਼ਨ ਮਹਿਲ ਕਲਾਂ ਅਧੀਨ ਪੈਂਦੇ ਥਾਣਾ ਠੁੱਲੀਵਾਲ, ਮਹਿਲ ਕਲਾਂ ਤੇ ਟੱਲੇਵਾਲ ਥਾਣਿਆਂ ਦੀ ਪੁਲਸ ਤੋਂ ਇਲਾਵਾ ਪੈਰਾ-ਮਿਲਟਰੀ ਫੋਰਸ ਦੇ ਹਥਿਆਰਬੰਦ ਜਵਾਨ ਹਾਜ਼ਰ ਸਨ।ਇਸ ਸਮੇਂ ਡੀ.ਐੱਸ.ਪੀ. ਮਹਿਲ ਕਲਾਂ ਕੰਵਲਪਾਲ ਸਿੰਘ ਬਾਜਵਾ ਨੇ ਕਿਹਾ ਕਿ ਲੋਕ ਬਿਨਾਂ ਕਿਸੇ ਡਰ, ਭੈਅ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨ।ਇਲਾਕੇ ਅੰਦਰ ਵੋਟਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੇ ਉਨ੍ਹਾਂ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ।ਇਸ ਮੌਕੇ ਐੱਸ.ਐੱਚ.ਓ. ਮਹਿਲ ਕਲਾਂ ਹੀਰਾ ਸਿੰਘ, ਐੱਸ.ਐੱਚ.ਓ. ਠੁੱਲੀਵਾਲ ਐੱਸ.ਐੱਚ.ਓ. ਅਜੈਬ ਸਿੰਘ, ਐੱਸ.ਐੱਚ.ਓ. ਟੱਲੇਵਾਲ ਸੁਖਵਿੰਦਰ ਸਿੰਘ ਸੰਘਾ ਆਦਿ ਹਾਜ਼ਰ ਸਨ।

## ਤਰੁਣ ਬਾਂਸਲ ਨੂੰ ਸਿਟੀ ਪ੍ਰੈੱਸ ਕਲੱਬ ਦੀ ਮੁੜ ਪ੍ਰਧਾਨਗੀ



**ਸੁਨਾਮ (ਪੱਤਰ ਪ੍ਰੇਰਕ)**-ਸਿਟੀ ਪ੍ਰੈੱਸ ਕਲੱਬ ਸੁਨਾਮ ਦਾ ਸਾਲਾਨਾ ਅਜਲਾਸ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਦੀ ਪ੍ਰਧਾਨਗੀ ਹੇਠ ਵਿਕਰਮ ਰੈਸਟੋਰੈਂਟ ਵਿਖੇ ਹੋਇਆ। ਅਜਲਾਸ ਵਿੱਚ ਹਾਜ਼ਰ ਸਾਰੇ ਮੈਂਬਰਾਂ ਨੇ ਤਰੁਣ ਬਾਂਸਲ ਨੂੰ ਪ੍ਰਧਾਨ ਰੱਖਣ ਲਈ ਸਹਿਮਤੀ ਜਤਾਈ।ਸਾਲਾਨਾ ਮੀਟਿੰਗ 'ਚ ਲਏ ਫੈਸਲੇ ਮੁਤਾਬਿਕ ਤਰੁਣ ਬਾਂਸਲ ਪ੍ਰਧਾਨ ਦੇ ਅਹੁਦੇ 'ਤੇ ਬਣੇ ਰਹਿਣਗੇ।ਇਸ ਮੌਕੇ ਕ੍ਰਿਸ਼ਨ ਸੰਦੋਹਾ, ਅਜਾਇਬ ਸਿੰਘ ਮੋਰਾਂਵਾਲੀ, ਭਗਵੰਤ ਸਿੰਘ ਚੰਦੜ, ਰਮੇਸ਼ ਗਰਗ, ਅੰਸ਼ੂ ਡੋਗਰਾ, ਅਸ਼ੋਕ ਕੁਮਾਰ ਤੇ ਆਰ ਐੱਨ ਕਾਂਸਲ ਦੀ ਛੇ ਮੈਂਬਰਾਂ ਦੀ ਟੀਮ ਬਣਾਈ ਗਈ, ਜੋ ਇੱਕ ਹਫ਼ਤੇ ਦੇ ਅੰਦਰ ਕਲੱਬ ਦੀ ਕਾਰਜਕਾਰਨੀ ਬਣਾ ਕੇ ਜਰਨਲ ਹਾਊਸ ਵਿੱਚ ਰੱਖੇਗੀ।ਇਸ ਮੀਟਿੰਗ ਵਿੱਚ ਪ੍ਰੈੱਸ ਕਲੱਬ ਦੇ ਕੰਮਕਾਜ ਵਿੱਚ ਹੋਰ ਸੁਧਾਰ ਲਿਆਉਣ ਲਈ ਵੀ ਵਿਚਾਰਾਂ ਕੀਤੀਆਂ ਗਈਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਗਵਿਜੇ ਕਲਿਆਣ, ਰਾਜੇਸ਼ ਬਾਂਸਲ, ਵਿਨੋਦ ਚੀਮਾ, ਵਰੁਣ ਬਾਂਸਲ, ਪ੍ਰਦੀਪ ਕੁਮਾਰ, ਹਾਕਮ ਸਿੰਘ ਭੱਟੀ, ਹਰਮੇਸ਼ ਕੁਮਾਰ, ਅਭਿਸ਼ੇਕ ਜਿੰਦਲ, ਕਰਮਾ ਬਿੰਦ, ਅਸ਼ੋਕ ਬਾਂਸਲ, ਮਨਪ੍ਰੀਤ ਢਿੱਲੋਂ, ਰਜਿੰਦਰ ਸ਼ਾਹ, ਵਿਸ਼ਾਲ ਗਰਗ, ਕੁਲਦੀਪ ਖਿੱਪਲ ਤੇ ਮੰਗਤ ਰਾਏ ਹਾਜ਼ਰ ਸਨ।

## ਪੋਲਿੰਗ ਪਾਰਟੀਆਂ ਪੂਰੇ ਸਾਜ਼ੋ-ਸਾਮਾਨ ਨਾਲ ਬੂਥਾਂ ਲਈ ਰਵਾਨਾ



**ਮਲੋਟ (ਗੁਰਮੀਤ ਸਿੰਘ ਮੱਕੜ)**-ਅੱਜ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਨੂੰ ਸਬ ਡਵੀਜ਼ਨ ਮਲੋਟ ਦੇ ਵੱਖ-ਵੱਖ ਬੂਥਾਂ ਲਈ ਪੋਲਿੰਗ ਪਾਰਟੀਆਂ ਰਵਾਨਾ ਹੋਈਆਂ। ਪੋਲਿੰਗ ਲਈ ਸਿਵਲ ਤੇ ਪੁਲਸ ਵੱਲੋਂ ਉੱਚ ਪ੍ਰਬੰਧ ਕੀਤੇ ਗਏ ਹਨ। ਮਲੋਟ ਹਲਕਾ ਦੇ ਦਫਤਰ ਸਹਾਇਕ ਰਿਟਰਨਿੰਗ ਅਫਸਰ ਡਾ. ਸੰਜੀਵ ਕੁਮਾਰ ਨੇ ਦੱਸਿਆ ਕਿ ਮਲੋਟ ਦੇ 085 ਵਿੱਚ ਕੁੱਲ 190 ਬੂਥ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪੋਲਿੰਗ ਲਈ ਟੀਮਾਂ ਦਾ ਗਠਨ ਕੀਤਾ ਗਿਆ, ਉਨ੍ਹਾਂ ਨੂੰ ਪੋਲਿੰਗ ਸਮੱਗਰੀ ਦੇ ਕੇ ਰਵਾਨਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ ਟੀਮਾਂ ਲਈ ਖਾਣੇ ਤੇ ਠੰਡੇ ਪਾਣੀ ਅਤੇ ਗਰਮੀ ਤੋਂ ਬਚਣ ਲਈ ਉਕਤ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨ ਦੀ ਅਪੀਲ ਵੀ ਕੀਤੀ। ਦੂਜੇ ਪਾਸੇ ਮਲੋਟ ਦੇ ਪੁਲਸ ਦੇ ਉੱਪ ਕਪਤਾਨ ਪਵਨਜੀਤ ਨੇ ਦੱਸਿਆ ਕਿ ਪੋਲਿੰਗ ਦੌਰਾਨ ਵੋਟਰਾਂ ਦੀ ਸੁਰੱਖਿਆ ਲਈ ਪੁਲਸ ਕਰਮੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਵੋਟਰ ਬਿਨਾਂ ਕਿਸੇ ਡਰ ਭੈਅ ਦੇ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ।

## ਸਰਬੱਤ ਦਾ ਭਲਾ ਟਰੱਸਟ ਨੇ 25 ਪਰਵਾਰਾਂ ਨੂੰ ਵੰਡੇ ਪੈਨਸ਼ਨਾਂ ਦੇ ਚੈੱਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਸ਼ਹਿਰ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਹਾਲ ਵਿੱਚ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਫਿਰੋਜ਼ਪੁਰ ਇਲਾਕੇ ਨਾਲ ਸਬੰਧਤ 25 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਵਿੰਦਰ ਸ਼ਰਮਾ ਅਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ।ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਵਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਕਿਸੇ ਹੋਰ ਤੋਂ ਮਾਲੀ ਮੱਦਦ ਲਏ ਆਪਣੇ ਕੋਲੋਂ ਹੀ ਲਗਾਤਾਰ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਪੰਜ ਅਧੁਨਿਕ ਸਹੂਲਤਾਂ ਨਾਲ ਮੈਡੀਕਲ ਲੈਬੋਰਟਰੀਆਂ, ਡਾਇਲਿਸਿਸ ਮਸ਼ੀਨ, ਕੰਪਿਊਟਰ ਸੈਂਟਰ, ਸਿਲਾਈ ਸੈਂਟਰ, ਐਂਬੂਲੈਂਸ ਤੇ ਦੋ ਸੌ ਦੇ ਕਰੀਬ ਲੋੜਵੰਦ ਪਰਵਾਰਾਂ ਦੀ ਮਹੀਨਾਵਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਅੱਗੇ ਹੋਰ ਵੀ ਕਈ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਜਾਣਗੇ।ਇਸ ਮੌਕੇ ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ, ਰਣਧੀਰ ਜੋਸ਼ੀ ਤੇ ਹੋਰ ਪਤਵੰਤੇ ਮੌਜੂਦ ਸਨ।

# ਖਰਬੂਜ਼ੇ ਦੀ ਗੁਣਵੱਤਾ ਵਧੀਆ ਹੋਣ ਦੇ ਬਾਵਜੂਦ ਭਾਅ ਘੱਟ, ਰੂਪੇਵਾਲ ਮੰਡੀ 'ਚ ਬੇਰੌਣਕੀ ਦਾ ਆਲਮ

**ਸ਼ਾਹਕੋਟ (ਗਿਆਨ ਸੈਦਪੁਰੀ)**

ਮਲਸੀਆਂ ਤੋਂ ਚਾਰ ਕੁ ਕਿਲੋਮੀਟਰ ਅੱਗੇ ਲੋਹੀਆਂ ਸੜਕ ਦੇ ਨਾਲ ਲੱਗਦੀ ਖਰਬੂਜ਼ਾ ਮੰਡੀ ਵਿੱਚ ਅੱਜਕੱਲ੍ਹ ਬੇਰੌਣਕੀ ਦਾ ਆਲਮ ਹੈ, ਜਿੱਥੇ ਪਹਿਲਾਂ ਇਹਨਾਂ ਦਿਨਾਂ ਵਿੱਚ ਰੌਣਕਾਂ ਲੱਗੀਆਂ ਹੁੰਦੀਆਂ ਸਨ। ਮੇਰਠ ਤੋਂ ਲੈ ਕੇ ਮੁੰਬਈ ਤੱਕ ਦੇ ਖਰਬੂਜ਼ੇ ਦੇ ਬਾਹਰਲੇ ਵਪਾਰੀ ਰੂਪੇਵਾਲ ਆ ਕੇ ਡੇਰੇ ਲਾਇਆ ਕਰਦੇ ਸਨ। ਇਨ੍ਹੀਂ ਦਿਨੀਂ ਵਿਰਲਾ-ਟਾਂਵਾਂ ਵਪਾਰੀ ਹੀ ਨਜ਼ਰ ਆਉਂਦਾ ਹੈ।

ਇਸ ਪੱਤਰਕਾਰ ਵੱਲੋਂ ਖਰਬੂਜ਼ਾ ਮੰਡੀ ਰੂਪੇਵਾਲ ਦਾ ਦੌਰਾ ਕਰਕੇ ਖਰਬੂਜ਼ਾ ਪੈਦਾ ਕਰਨ ਵਾਲੇ ਅਤੇ ਇਸ ਦੀ ਖਰੀਦੋ-ਫਰੋਖਤ ਨਾਲ ਸੰਬੰਧਤ ਵਿਅਕਤੀਆਂ ਨਾਲ ਗੱਲਬਾਤ ਕੀਤੀ ਗਈ। ਮੰਡੀ ਵਿੱਚ ਹਦਵਾਣੇ ਦੀ ਟਰਾਲੀ ਦੀ ਬੋਲੀ ਕਰਵਾ ਰਹੇ ਚੁਟਾਨੀ ਟ੍ਰੇਡਿੰਗ ਕੰਪਨੀ ਦੇ ਆੜ੍ਹਤੀ ਰਾਜ ਕੁਮਾਰ ਨੇ ਦੱਸਿਆ ਕਿ ਇਸ ਵਾਰ ਇਸ ਖੇਤਰ ਵਿੱਚ ਖਰਬੂਜ਼ੇ-ਹਦਵਾਣੇ ਦੀ ਪੈਦਾਵਾਰ ਘੱਟ ਹੈ। ਖਰਬੂਜ਼ਾ ਉਤਪਾਦਕ ਮੰਡੀ ਵਿੱਚ ਆਉਣ ਦੀ ਥਾਂ ਆਪਣੇ ਖੇਤਾਂ ਵਿੱਚੋਂ ਹੀ ਵਪਾਰੀ ਨੂੰ ਫਸਲ ਵੇਚਣ ਨੂੰ ਤਰਜੀਹ ਦੇ ਰਹੇ ਹਨ। ਆੜ੍ਹਤੀ ਨੇ ਦੱਸਿਆ ਕਿ ਪਹਿਲਾਂ ਇਹਨਾਂ ਦਿਨਾਂ ਵਿੱਚ ਸਾਨੂੰ ਸਿਰ ਖੁਰਕਣ ਦਾ ਸਮਾਂ ਨਹੀਂ ਮਿਲਦਾ ਸੀ।ਅੱਜਕੱਲ੍ਹ ਟਰਾਲੀ ਦੀ ਇੰਤਜ਼ਾਰ ਕਰਨੀ ਪੈਂਦੀ ਹੈ।



ਸਕੱਤਰ ਤਜਿੰਦਰ ਕੁਮਾਰ ਤੇ ਮੰਡੀ ਸੁਪਰਵਾਈਜ਼ਰ ਸ਼ਾਮ ਲਾਲ, ਕਿਸਾਨ ਜਸਵੀਰ ਸਿੰਘ, ਮੁਹੰਮਦ ਯੈਆਦ, ਮੁਹੰਮਦ ਆਰਸ਼ (ਵਪਾਰੀ) ਤੇ ਜੁਗਿੰਦਰ ਜਗਰਾਲ ਆੜ੍ਹਤੀ, ਮੰਡੀ ਵਿੱਚ ਬੋਲੀ ਕਰਵਾ ਰਿਹਾ ਆੜ੍ਹਤੀ।

ਮੰਡੀ ਦੇ ਹਾਲਾਤ ਜਾਣਨ ਲਈ ਆਏ ਰੂਪੇਵਾਲ ਦੇ ਕਿਸਾਨ ਜਸਵੀਰ ਸਿੰਘ ਨੇ ਦੱਸਿਆ ਕਿ ਹੁਣ ਗੁਜਰਾਤ ਵੱਲ ਖਰਬੂਜ਼ਾ ਅਗੇਤਾ ਪੈਦਾ ਹੋਣ ਲੱਗ ਪਿਆ ਹੈ। ਵਪਾਰੀ ਉਧਰ ਦਾ ਖਰਬੂਜ਼ਾ ਖਰੀਦਣ ਨੂੰ ਤਰਜੀਹ ਦਿੰਦੇ ਹਨ। ਇਧਰ ਖਰਬੂਜ਼ੇ ਦੇ ਮੰਡੀਕਰਨ ਦੀ ਸਮੱਸਿਆ ਹੋਣ ਕਾਰਨ ਮੱਕੀ ਦੀ ਫਸਲ ਬੀਜਣ ਵੱਲ ਰੁਖ਼ ਕਰ ਲਿਆ ਹੈ।

ਜੋਗਿੰਦਰ ਜਗਰਾਲ ਦੀ ਆੜ੍ਹਤ 'ਤੇ ਮੇਰਠ ਤੋਂ ਪਹੁੰਚੇ ਵਪਾਰੀ ਮੁਹੰਮਦ ਯੈਆਦ ਤੇ ਮੁਹੰਮਦ ਆਰਸ਼ ਨੇ ਦੱਸਿਆ ਕਿ ਵਪਾਰੀ ਜੇ ਹੌਸਲਾ ਕਮਜ਼ੋਰ ਕਰ ਲਵੇ ਤਾਂ ਵਪਾਰ ਨਹੀਂ ਹੋ ਸਕਦਾ। ਇਸ ਲਈ ਸਾਨੂੰ ਪਤਾ ਸੀ ਕਿ ਇਸ ਖੇਤਰ ਵਿੱਚ ਪੈਦਾਵਾਰ ਘੱਟ ਹੈ, ਪਰ ਅਸੀਂ ਨਿਰਾਸ਼ ਨਹੀਂ ਹਾਂ। ਜਿੰਨਾ ਕੁ ਕੰਮ ਮਿਲਿਆ, ਉਹ ਕਰਾਂਗੇ।

ਜੋਗਿੰਦਰ ਜਗਰਾਲ ਨੇ ਦੱਸਿਆ ਕਿ ਖਰਬੂਜ਼ੇ-ਹਦਵਾਣੇ ਦੇ ਭਾਅ ਨੇ ਇਸ ਵਾਰ 'ਡਿਮਾਂਡ ਅਤੇ ਸਪਲਾਈ' ਦੇ ਸਿਧਾਂਤ ਨੂੰ ਝੂਠਾ ਸਾਬਤ ਕਰ ਦਿੱਤਾ ਹੈ। ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਜੇਕਰ ਜਿਣਸ ਦੀ ਸਪਲਾਈ ਘੱਟ ਹੋਵੇ ਤੇ ਡਿਮਾਂਡ ਵੱਧ ਹੋਵੇ ਤਾਂ ਭਾਅ ਚੰਗਾ ਮਿਲ ਜਾਂਦਾ ਹੈ। ਪਰ ਇਸ ਵਾਰ ਡਿਮਾਂਡ ਤਾਂ ਹੈ, ਪਰ ਸਪਲਾਈ ਘੱਟ ਹੋਣ ਦੇ ਬਾਵਜੂਦ ਭਾਅ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਘੱਟ ਹਨ। ਉਹਨਾਂ ਦੱਸਿਆ ਕਿ ਖਰਬੂਜ਼ੇ ਦੀ ਮਧੂ ਕਿਸਮ ਦਾ ਭਾਅ ਲੱਗਭੱਗ 600 ਰੁਪਏ ਕੁਇੰਟਲ ਚੱਲ ਰਿਹਾ ਹੈ। ਇਸ ਜਿਣਸ ਦਾ ਪਿਛਲੀ ਵਾਰ ਇਨ੍ਹੀਂ ਦਿਨੀਂ 1500 ਰੁਪਏ ਪ੍ਰਤੀ ਕੁਇੰਟਲ ਭਾਅ ਸੀ। ਗੋਲਡਨ ਗਲੋਰੀ ਦੀ ਕੁਆਲਿਟੀ ਵੀ ਕਾਫੀ ਵਧੀਆ ਹੈ ਪਰ ਭਾਅ ਪਿਛਲੇ ਸਾਲ ਨਾਲੋਂ ਘੱਟ ਹੈ।ਹਦਵਾਣੇ ਦੇ ਭਾਅ ਦਾ ਹਾਲ ਵੀ ਖਰਬੂਜ਼ੇ ਵਾਲਾ ਹੀ ਹੈ। ਸੈਂਚਰੀ ਤੇ ਜੰਨਤ ਕਿਸਮ ਦਾ ਹਦਵਾਣਾ ਮੰਡੀ ਵਿੱਚ ਆ ਰਿਹਾ ਹੈ।

ਮਾਰਕੀਟ ਕਮੇਟੀ ਸ਼ਾਹਕੋਟ ਦੇ ਸਕੱਤਰ ਤਜਿੰਦਰ ਕੁਮਾਰ ਤੇ ਮੰਡੀ ਸੁਪਰਵਾਈਜ਼ਰ ਸ਼ਾਮ ਲਾਲ ਨੇ ਦੱਸਿਆ ਕਿ ਸੀਮਤ ਸਟਾਫ ਹੋਣ ਦੇ ਬਾਵਜੂਦ ਸਹੀ ਮੰਡੀਕਰਨ ਲਈ ਸਭ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਕੜਾਕੇ ਦੀ ਗਰਮੀ ਪੈ ਰਹੀ ਹੈ ਜੋ ਖਰਬੂਜ਼ੇ ਦੇ ਪੱਕਣ ਲਈ ਬੜੀ ਸਹਾਈ ਹੈ। ਮੌਸਮ ਦੇ ਇਸ ਮਿਜ਼ਾਜ ਨਾਲ ਕੁਆਲਿਟੀ ਵੀ ਸੁਧਰਦੀ ਹੈ। ਬਿਜਾਂਦ ਘੱਟ ਹੋਣ ਕਾਰਨ ਮੰਡੀ ਵਿੱਚ ਫਸਲ ਦੀ ਆਮਦ ਬਹੁਤ ਘੱਟ ਹੈ। ਉਹਨਾਂ ਆਸ ਪ੍ਰਗਟਾਈ ਕੇ ਆਉਂਦੇ ਦਿਨੀਂ ਆਮਦ ਵੱਧ ਸਕਦੀ ਹੈ।

## ਲੋਕ ਸਭਾ ਚੋਣਾਂ ਲਈ ਤਿਆਰੀਆਂ ਮੁਕੰਮਲ, ਪੋਲ ਪਾਰਟੀਆਂ ਰਵਾਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੋਕਤੰਤਰ ਦੇ ਮਹਾਂਉਤਸਵ ਅਧੀਨ ਲੋਕ ਸਭਾ ਚੋਣਾਂ 2024 ਲਈ ਹਲਕਾ ਫਿਰੋਜ਼ਪੁਰ ਦਿਹਾਤੀ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਵਿੱਚ ਰਿਟਰਨਿੰਗ ਅਫ਼ਸਰ-ਕਮ-ਏਡੀਸੀ ਫਿਰੋਜ਼ਪੁਰ ਨਿਧੀ ਕੁਮਦ ਬੰਬਾਹ ਦੀ ਦੇਖ ਰੇਖ 'ਚ ਹਲਕੇ ਦੇ 242 ਬੂਥਾਂ 'ਤੇ ਵੋਟਾਂ ਪਾਈਆਂ ਜਾਣਗੀਆਂ। ਇਸ ਸਬੰਧੀ ਸ਼ੁੱਕਰਵਾਰ ਸ਼ਾਮ ਤੱਕ ਇਨ੍ਹਾਂ ਆਪਣੇ ਨਿਰਧਾਰਤ ਬੂਥਾਂ 'ਤੇ ਪੋਲਿੰਗ ਪਾਰਟੀਆਂ ਪਹੁੰਚ ਜਾਣਗੀਆਂ।ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਦੋ ਆਦਰਸ਼ ਬੂਥ ਇੱਕ ਪੀ ਡਬਲਯੂ ਡੀ ਬੂਥ, ਇੱਕ ਗ੍ਰੀਨ ਬੂਥ, ਇੱਕ ਯੰਗ ਬੂਥ ਤੇ ਦੋ ਪਿੰਕ ਬੂਥ ਵੋਟਰਾਂ ਦਾ ਸਵਾਗਤ ਕਰੇਗਾ।ਹਰੇਕ ਬੂਥ ਉਪਰ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਸਨਮਾਨਤ ਕਰਨ ਦੇ ਨਾਲ ਨਾਲ ਪਹਿਲੇ ਦਸ ਵੋਟਰਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ 77 ਜਸਵੰਤ ਸਿੰਘ ਵੜੈਚ, ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਗੁਰਮੀਤ ਸਿੰਘ, ਚੋਣ ਤਹਿਸੀਲਦਾਰ ਚਾਂਦ ਪ੍ਰਕਾਸ਼, ਇਲੈਕਸ਼ਨ ਸੈੱਲ ਇੰਚਾਰਜ ਜਸਵੰਤ ਸੈਣੀ, ਸਵੀਪ ਕੋਆਰਡੀਨੇਟਰ ਸਤਿੰਦਰ ਸਿੰਘ, ਸਵੀਪ ਕੋਆਰਡੀਨੇਟਰ ਦਿਹਾਤੀ ਕਮਲ ਸ਼ਰਮਾ, ਲਖਵਿੰਦਰ ਸਿੰਘ, ਚੋਣ ਕਾਨੂੰਗੋ ਗਗਨਦੀਪ, ਅੰਗਰੇਜ਼ ਸਿੰਘ, ਸ਼ਮਾ, ਪੀਪਲ ਸਿੰਘ, ਚਮਕੌਰ ਸਿੰਘ, ਪ੍ਰੋਗਰਾਮਰ ਤ੍ਰਿਲੋਚਨ ਸਿੰਘ, ਸੁਖਚੈਨ ਸਿੰਘ, ਪ੍ਰਿੰਸੀਪਾਲ ਸੰਜੀਵ ਟੰਡਨ, ਅਤਰ ਸਿੰਘ ਗਿੱਲ, ਸੰਦੀਪ ਟੰਡਨ, ਨਰੇਸ਼ ਕੁਮਾਰ, ਮਹਿੰਦਰ ਸਿੰਘ ਲੂੰਬੜੀ ਵਾਲਾ ਆਦਿ ਹਾਜ਼ਰ ਸਨ।

## ਕਮਿਊਨਿਸਟਾਂ ਦੀ ਰਾਜਨੀਤੀ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣਾ : ਸ਼ੇਰ ਸਿੰਘ ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਸੀਂ 18ਵੀਂ ਲੋਕ ਸਭਾ ਚੁਣਨ ਲਈ ਵੋਟ ਕਰਨ ਜਾ ਰਹੇ ਹਾਂ। ਇਸ ਮੌਕੇ ਵੋਟ ਪਾਉਣ ਲੱਗਿਆਂ ਸਾਨੂੰ ਸੋਚਣਾ ਵਿਚਾਰਨਾ ਚਾਹੀਦਾ ਹੈ ਕਿ ਰਾਜ ਕਰਦੀਆਂ ਪਾਰਟੀਆਂ ਦੀ ਸਾਡੇ ਲੋਕਾਂ ਲਈ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਰਹੀ ਹੈ? ਸਾਡੇ ਦੇਸ਼ਭਗਤਾਂ ਨੇ ਮੁਲਕ ਅੰਦਰ ਸਮੁੱਚੀ ਵਸੋਂ ਦੀ ਭਾਈਚਾਰਕ ਏਕਤਾ, ਬਰਾਬਰੀ ਤੇ ਮਾਨ ਸਨਮਾਨ ਲਈ ਕੁਰਬਾਨੀਆਂ ਕੀਤੀਆਂ ਸਨ, ਪਰ ਦੇਸ਼ ਵਿੱਚ ਹਰ ਪੱਧਰ ਉੱਤੇ ਵੱਡਾ ਆਰਥਿਕ ਪਾੜਾ ਵਧਿਆ ਹੈ, ਲੋਕਾਂ ਨਾਲ ਵਿਤਕਰੇਬਾਜ਼ੀ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਯੂਨੀਅਨ ਦੇ ਪ੍ਰਧਾਨ ਸ਼ੇਰ ਸਿੰਘ ਦੌਲਤਪੁਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਾਸ਼ਿੰਦਿਆਂ ਨੂੰ ਧਰਮ, ਜਾਤਾਂ ਤੇ ਫਿਰਕਿਆਂ ਵਿੱਚ ਵੰਡਣਾ ਮੁਸ਼ਕਲ ਹੈ। ਸਰਕਾਰਾਂ ਨੇ ਦੁਕਾਨਦਾਰਾਂ, ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ, ਔਰਤਾਂ, ਨੌਜਵਾਨਾਂ-ਵਿਦਿਆਰਥੀਆਂ ਨੂੰ ਨਜ਼ਰਅੰਦਾਜ਼ ਕਰਕੇ ਅੰਬਾਨੀ-ਅਦਾਨੀ ਜਿਹੇ ਪੂੰਜੀਵਾਦੀ ਘਰਾਣਿਆਂ ਨੂੰ ਦੇਸ਼ ਲੁਟਾਉਣ ਦਾ ਠੇਕਾ ਲੈ ਲਿਆ ਹੈ। ਇਸ ਦਾ ਸਿੱਟਾ ਹੈ ਕਿ ਇੱਕ ਪਾਸੇ ਦੇਸ਼ ਦੇ ਸਭ ਧਰਮਾਂ-ਜਾਤਾਂ ਦੇ 40 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਕੋਲ ਜਿੰਨੀ ਦੌਲਤ ਹੈ, ਇਕੱਲੇ ਇਨ੍ਹਾਂ 1 ਪ੍ਰਤੀਸ਼ਤ ਘਰਾਣਿਆਂ ਕੋਲ ਜਮ੍ਹਾਂ ਹੋ ਗਈ ਹੈ।

ਦੇਸ਼ ਦੇ ਬਜ਼ਾਰ, ਖੇਤੀ, ਆਵਾਜਾਈ ਦੇ ਸਾਧਨ, ਫੈਕਟਰੀਆਂ, ਮਾਲ, ਸਿਹਤ ਤੇ ਵਿੱਦਿਅਕ ਸੰਸਥਾਵਾਂ ਇਨ੍ਹਾਂ ਦੇ ਕਬਜ਼ੇ ਹੇਠ ਦਿੱਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਲੋਕਾਂ ਨੂੰ ਫਿਰਕਿਆਂ-ਜਾਤਾਂ-ਭਾਸ਼ਾਵਾਂ-ਪਹਿਰਾਵਿਆਂ ਦੇ ਅਧਾਰ ਉੱਤੇ ਘਿਨੌਣੇ-ਕੋਝੇ ਯੋਜਨਾਬੱਧ ਢੰਗ ਨਾਲ ਵੰਡ ਕੇ, ਆਪਸੀ ਨਫ਼ਰਤ ਭਰੀ ਜਾ ਰਹੀ ਹੈ। ਸੰਵਿਧਾਨ ਦੀਆਂ ਆਜ਼ਾਦੀ, ਸਮਾਨਤਾ, ਸਮਾਜਵਾਦ, ਨਿਆਂ, ਭਾਈਚਾਰੇ ਜਿਹੀਆਂ ਬੁਨਿਆਦੀ ਧਾਰਨਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਆਓ ਇਸ ਸਮੇਂ ਆਪਾਂ ਉਨ੍ਹਾਂ ਲੋਕਾਂ ਨੂੰ ਵੋਟਾਂ ਪਾ ਕੇ ਪਾਰਲੀਮੈਂਟ ਵਿੱਚ ਭੇਜੀਏ, ਜੋ ਪੰਜਾਬ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ। ਉਨ੍ਹਾਂ ਕਿਹਾ ਕਿ ਆਓ 1 ਜੂਨ ਨੂੰ ਦਾਤੀ ਸਿੱਟੇ ਦਾ ਬਟਨ ਦਬਾ ਕੇ ਗੁਰਚਰਨ ਸਿੰਘ ਮਾਨ ਨੂੰ ਕਾਮਯਾਬ ਕਰੀਏ। ਇਸ ਸਮੇਂ ਉਨ੍ਹਾਂ ਦੇ ਨਾਲ ਦਰਸ਼ਨਾ ਕੌਰ ਦੌਲਤਪੁਰਾ, ਜਸਪ੍ਰੀਤ, ਮੁਕੰਦ ਲਾਲ, ਰਾਜੂ ਮਹੇਸ਼ਰੀ ਆਦਿ ਹਾਜ਼ਰ ਸਨ।

## ਕਿਸਾਨ ਵੱਲੋਂ ਖੁਦਕੁਸ਼ੀ, ਆੜ੍ਹਤੀ ਖਿਲਾਫ ਕੇਸ ਦਰਜ

**ਗੁਰਦਾਸਪੁਰ** : ਕਸਬਾ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਾਹਪੁਰ ਜਾਜਨ 'ਚ ਨੌਜਵਾਨ ਕਿਸਾਨ ਪਵਨਦੀਪ ਸਿੰਘ ਨੇ ਆੜ੍ਹਤੀਏ ਤੋਂ ਕਥਿਤ ਤੌਰ 'ਤੇ ਪ੍ਰੇਸ਼ਾਨ ਹੋ ਕੇ ਆਤਮਹੱਤਿਆ ਕਰ ਲਈ। ਉਸ ਨੇ ਪਹਿਲਾਂ ਲਾਈਵ ਵੀਡੀਓ ਬਣਾ ਕੇ ਕਿਹਾ ਕਿ ਉਸ ਦੀ ਮੌਤ ਦਾ ਜ਼ਿੰਮੇਵਾਰ ਬੰਟੀ ਭਾਟੀਆ ਹੋਵੇਗਾ। ਥਾਣਾ ਡੇਰਾ ਬਾਬਾ ਨਾਨਕ ਨੇ ਮ੍ਰਿਤਕ ਦੀ ਪਤਨੀ ਬਲਵਿੰਦਰ ਕੌਰ ਦੇ ਬਿਆਨ 'ਤੇ ਆੜ੍ਹਤੀ ਬੰਟੀ ਭਾਟੀਆ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਬਲਵਿੰਦਰ ਕੌਰ ਨੇ ਦੱਸਿਆ ਹੈ ਕਿ ਪਵਨਦੀਪ ਸਿੰਘ ਨੇ ਕਰੀਬ ਦੋ ਸਾਲ ਪਹਿਲਾਂ ਬੰਟੀ ਭਾਟੀਆ ਵਾਸੀ ਫਤਹਿਗੜ੍ਹ ਚੂੜੀਆਂ ਤੋਂ ਆਪਣੇ ਮੁੰਡੇ ਦੀ ਬਿਮਾਰੀ ਅਤੇ ਘਰੇਲੂ ਲੋੜ ਵਾਸਤੇ ਕਰੀਬ 2 ਲੱਖ ਰੁਪਏ ਲਏ ਸਨ। ਆੜ੍ਹਤੀ ਨੇ ਵਿਆਜ ਪਾ ਕੇ ਰਕਮ ਜ਼ਿਆਦਾ ਬਣਾ ਲਈ ਅਤੇ ਟਰੈਕਟਰ 275 ਮਹਿੰਦਰਾ ਵੀ ਕਰੀਬ 6 ਮਹੀਨੇ ਪਹਿਲਾਂ ਲੈ ਗਿਆ। ਟਰੈਕਟਰ ਲਿਜਾਣ ਬਾਅਦ ਵੀ ਕੋਈ ਹਿਸਾਬ ਨਹੀਂ ਕੀਤਾ। ਪਤੀ ਨੇ ਸਫ਼ੈਦੇ ਵੇਚ ਕੇ 1 ਲੱਖ ਰੁਪਏ ਵੀ ਦਿੱਤੇ। ਬੰਟੀ ਭਾਟੀਆ ਧਮਕੀਆਂ ਦਿੰਦਾ ਸੀ ਕਿ ਜੇ ਤੁਸੀਂ ਹੋਰ ਪੈਸੇ ਨਾ ਦਿੱਤੇ ਤਾਂ ਖਾਲੀ ਚੈੱਕ ਉਪਰ ਵੱਧ ਰਕਮ ਭਰ ਕੇ ਅਦਾਲਤ 'ਚ ਕੇਸ ਕਰ ਦੇਵੇਗਾ। 28 ਮਈ ਨੂੰ ਆੜ੍ਹਤੀ ਘਰ ਆ ਕੇ ਵੀ ਧਮਕੀਆਂ ਦੇ ਕੇ ਗਿਆ। 30 ਮਈ ਨੂੰ ਕਾਰਜ ਸਿੰਘ ਨਾਂਅ ਦੇ ਵਿਅਕਤੀ ਨੇ ਦੱਸਿਆ ਕਿ ਪਵਨਦੀਪ ਸਿੰਘ ਨੇ ਕੋਈ ਜ਼ਹਿਰੀਲੀ ਦਵਾਈ ਖਾ ਲਈ ਤੇ ਝੰਗੀਆਂ ਮੋੜ ਡੇਰਾ ਬਾਬਾ ਨਾਨਕ ਵਿਖੇ ਉਸ ਦੀ ਲਾਸ਼ ਪਈ ਹੈ।

## ਵੋਟਾਂ ਪਾਉਣ ਲਈ ਕੁੱਲ 400 ਪੋਲਿੰਗ ਬੂਥਾਂ 'ਤੇ ਸਾਰੀਆਂ ਤਿਆਰੀਆਂ ਮੁਕੰਮਲ : ਡਾ. ਪੱਲਵੀ

### ਹਰੇਕ ਵੋਟਰ ਨੂੰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਦੀ ਅਪੀਲ



**ਮਾਲੇਰਕੋਟਲਾ (ਅਸਗਰ ਪਰਿਹਾਰ)**-1 ਜੂਨ ਨੂੰ ਲੋਕ ਸਭਾ ਚੋਣਾਂ ਲਈ ਵੋਟਰਾਂ ਦੇ ਵੋਟ ਪਾਉਣ ਲਈ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ-08 (ਅਸੈਂਬਲੀ ਸੈਗਮੈਂਟ 106 ਅਮਰਗੜ੍ਹ) ਤੇ ਲੋਕ ਸਭਾ ਹਲਕਾ 12 ਸੰਗਰੂਰ (ਅਸੈਂਬਲੀ ਸੈਗਮੈਂਟ 105 ਮਾਲੇਰਕੋਟਲਾ) ਲਈ ਕੁੱਲ 400 ਪੋਲਿੰਗ ਬੂਥ ਬਣਾਏ ਗਏ ਹਨ ਤੇ ਇਨ੍ਹਾਂ ਪੋਲਿੰਗ ਬੂਥਾਂ 'ਤੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਸਰਕਾਰੀ ਕਾਲਜ ਅਮਰਗੜ੍ਹ ਵਿਖੇ ਚੋਣ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਦਿੱਤੀ। ਇਸ ਮੌਕੇ ਸਹਾਇਕ ਰਿਟਰਨਿੰਗ ਅਫ਼ਸਰ ਫ਼ਤਹਿਗੜ੍ਹ ਸਾਹਿਬ 08 (ਅਸੈਂਬਲੀ ਸੈਗਮੈਂਟ 106 ਅਮਰਗੜ੍ਹ) ਸ੍ਰੀ ਗੁਰਮੀਤ ਕੁਮਾਰ ਬਾਂਸਲ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਅਸੈਂਬਲੀ ਸੈਗਮੈਂਟ 106 ਅਮਰਗੜ੍ਹ ਵਿਖੇ ਸਥਾਪਤ ਕੀਤੇ ਗਏ 199 ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਸਥਾਨਕ ਸਰਕਾਰੀ ਕਾਲਜ ਅਮਰਗੜ੍ਹ ਤੋਂ ਅਤੇ ਅਸੈਂਬਲੀ ਸੈਗਮੈਂਟ 105 ਮਾਲੇਰਕੋਟਲਾ ਲਈ ਸਥਾਪਤ ਕੀਤੇ 201 ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਸਰਕਾਰੀ ਕਾਲਜ ਮਾਲੇਰਕੋਟਲਾ ਤੋਂ ਰਵਾਨਾ ਕੀਤੀਆਂ ਗਈਆਂ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਅਧੀਨ ਆਉਂਦੀਆਂ ਦੋਵੇਂ ਵਿਧਾਨ ਸਭਾ ਹਲਕਿਆਂ ਦੇ ਕੁੱਲ 326212 ਵੋਟਰ ਹਨ, ਜਿਨ੍ਹਾਂ ਵਿੱਚੋਂ 171389 ਪੁਰਸ਼, 152799 ਮਹਿਲਾ, ਦਿਵਿਆਂਗਨ 2013 ਤੇ 11 ਤੀਜੇ ਲਿੰਗ ਨਾਲ ਸਬੰਧਤ ਵੋਟਰ ਹਨ। ਹਰੇਕ ਵੋਟਰ ਵੱਲੋਂ ਉਸ ਦੇ ਵੋਟ ਦੇ ਹੱਕ ਦੀ ਵਰਤੋਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਕੁੱਲ 400 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵੋਟਰਾਂ ਨੂੰ ਉਤਸ਼ਾਹਤ ਕਰਨ ਲਈ ਹਰੇਕ ਵਿਧਾਨ ਸਭਾ ਹਲਕੇ ਵਿੱਚ ਮਾਡਲ ਪੋਲਿੰਗ ਸਟੇਸ਼ਨ, ਗ੍ਰੀਨ/ਈਕੋ ਫਰੈਂਡਲੀ ਪੋਲਿੰਗ ਸਟੇਸ਼ਨ, ਦਿਵਿਆਂਗਜਨ (ਪੀ ਡਬਲਿਊ ਡੀ) ਪੋਲਿੰਗ ਸਟੇਸ਼ਨ, ਨੌਜਵਾਨ ਪੋਲਿੰਗ ਸਟੇਸ਼ਨ ਤੇ ਮਹਿਲਾ ਪੋਲਿੰਗ ਸਟੇਸ਼ਨ ਵੀ ਸਥਾਪਤ ਕੀਤੇ ਗਏ ਹਨ। ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੋਟ ਸਾਡਾ ਸੰਵਿਧਾਨਕ ਹੱਕ ਹੈ ਤੇ ਇਸ ਦਾ ਇਸਤੇਮਾਲ ਕਰਨ ਤੋਂ ਅਵੇਸਲਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ 'ਤੇ ਵੋਟਰਾਂ ਨੂੰ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

## ਮੀਟਰ 'ਚ ਕੁੰਡੀ ਲਗਾਉਣ ਤੋਂ ਰੋਕਣ 'ਤੇ ਦੋ ਭਰਾਵਾਂ ਦੀ ਕੁੱਟਮਾਰ, 7 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਸਰੂਪ ਸਿੰਘ ਵਾਲਾ ਵਿਖੇ ਮੀਟਰ ਦੇ ਬਕਸੇ ਵਿੱਚ ਮੀਟਰ 'ਚੋਂ ਕੁੰਡੀ ਲਗਾਉਣ 'ਤੇ ਰੋਕਣ 'ਤੇ ਦੋ ਭਰਾਵਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਗੁਰੂ ਹਰਸਹਾਏ ਪੁਲਸ ਨੇ 7 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਸਰੂਪ ਸਿੰਘ ਵਾਲਾ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਘਰ ਵਿੱਚ ਸੌਂ ਰਿਹਾ ਸੀ ਤਾਂ ਘਰ ਦੀ ਬਿਜਲੀ ਅਚਾਨਕ ਘੱਟ ਆਉਣ ਲੱਗ ਪਈ ਤਾਂ ਉਸ ਨੇ ਆਪਣੇ ਭਰਾ ਕੁਲਵਿੰਦਰ ਸਿੰਘ ਨੂੰ ਉਠਾ ਕੇ ਜਦ ਘਰ ਦੇ ਬਾਹਰ ਆਪਣੇ ਬਿਜਲੀ ਵਾਲੇ ਮੀਟਰ ਕੋਲ ਜਾ ਕੇ ਵੇਖਿਆ ਤਾਂ ਉੱਥੇ ਦੋਸ਼ੀਆਨ ਰਣਜੀਤ ਸਿੰਘ ਪੁੱਤਰ ਹੰਸਾ ਸਿੰਘ, ਉਡੀਕ ਸਿੰਘ ਪੁੱਤਰ ਮਹਿੰਦਰ ਸਿੰਘ, ਭਿੰਦਰ ਸਿੰਘ ਪੁੱਤਰ ਉਡੀਕ ਸਿੰਘ, ਗੋਬਿੰਦਾ ਸਿੰਘ ਪੁੱਤਰ ਮੋਹਨ ਸਿੰਘ, ਰੋਸ਼ਨ ਸਿੰਘ ਪੁੱਤਰ ਪਰਵਿੰਦਰ ਸਿੰਘ, ਪ੍ਰੀਤ ਪਤਨੀ ਰਣਜੀਤ ਸਿੰਘ ਤੇ ਹਰਜੀਤ ਕੌਰ ਪਤਨੀ ਪਰਵਿੰਦਰ ਸਿੰਘ ਵਾਸੀਅਨ ਸਰੂਪ ਸਿੰਘ ਵਾਲਾ ਉਸ ਦੇ ਘਰ ਦੇ ਸਾਹਮਣੇ ਮੀਟਰ ਦੇ ਲੱਗੇ ਬਕਸੇ ਵਿੱਚੋਂ ਉਸ ਦੇ ਮੀਟਰ ਵਿੱਚੋਂ ਕੁੰਡੀ ਲਾ ਰਹੇ ਸੀ। ਰਾਜ ਸਿੰਘ ਨੇ ਦੱਸਿਆ ਕਿ ਜਦ ਉਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਦੋਸ਼ੀਆਨ ਨੇ ਉਸ ਦੇ ਤੇ ਉਸ ਦੇ ਭਰਾ ਦੇ ਘਰ ਦਾਖਲ ਹੋ ਕੇ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਗੁਰੂ ਹਰਸਹਾਏ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੋਲਿੰਗ ਬੂਥਾਂ 'ਤੇ ਲੱਗੀ ਕਤਾਰ ਦੀ ਜਾਣਕਾਰੀ ਘਰ ਬੈਠੇ ਹੀ ਲੈ ਸਕਣਗੇ ਵੋਟਰ : ਜਤਿੰਦਰ ਜੋਰਵਾਲ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਸੰਗਰੂਰ ਦੇ ਵੋਟਰ, ਵੋਟਾਂ ਵਾਲੇ ਦਿਨ 1 ਜੂਨ ਨੂੰ ਆਪਣੇ ਪੋਲਿੰਗ ਬੂਥ ਉੱਤੇ ਜਾਣ ਤੋਂ ਪਹਿਲਾਂ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਬੂਥ ਉੱਤੇ ਕਿੰਨੇ ਕੁ ਲੋਕ ਵੋਟ ਦੇਣ ਲਈ ਕਤਾਰ ਵਿੱਚ ਖੜੇ ਹਨ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਇਨ੍ਹੀਂ ਦਿਨੀਂ ਪੈ ਰਹੀ ਸਖਤ ਗਰਮੀ ਦੇ ਮੱਦੇਨਜ਼ਰ ਵੋਟਰਾਂ ਦੀ ਸਹੂਲਤ ਤੇ ਸਮੇਂ ਦੀ ਬੱਚਤ ਕਰਨ ਨੂੰ ਧਿਆਨ ਵਿੱਚ ਰੱਖਦੇ ਹੋਏ 'ਵੋਟਰ ਕਿਊ ਇਨਫਰਮੇਸ਼ਨ ਸਿਸਟਮ' ਸ਼ੁਰੂ ਕੀਤਾ ਗਿਆ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਰ ਕਿਊ ਇਨਫਰਮੇਸ਼ਨ ਸਿਸਟਮ ਨੂੰ ਵਰਤਣ ਲਈ ਵੋਟਰਾਂ ਨੂੰ ਇੱਕ ਵਟਸਐਪ ਨੰਬਰ 7447447217 ਉੱਤੇ 'ਵੋਟ' ਟਾਇਪ ਕਰਕੇ ਮੈਸੇਜ ਭੇਜਣਾ ਹੋਵੇਗਾ।ਇਸ ਤੋਂ ਬਾਅਦ ਇੱਕ ਲਿੰਕ ਪ੍ਰਾਪਤ ਹੋਵੇਗਾ, ਜਿਸ ਉੱਤੇ ਕਲਿੱਕ ਕਰਨ ਮਗਰੋਂ 2 ਆਪਸ਼ਨ (1) ਲੋਕੇਸ਼ਨ ਵਾਈਜ਼, (2) ਬੂਥ ਵਾਈਜ਼ ਸਕਰੀਨ ਉੱਤੇ ਆਉਣਗੇ।ਉਨ੍ਹਾਂ ਦੱਸਿਆ ਕਿ ਲੋਕੇਸ਼ਨ ਵਾਈਜ਼ ਆਪਸ਼ਨ ਨੂੰ ਚੁਣਨ ਮਗਰੋਂ ਵੋਟਰ ਨੂੰ ਆਪਣੀ ਲੋਕੇਸ਼ਨ ਸ਼ੇਅਰ ਕਰਨੀ ਹੋਵੇਗੀ, ਜਿਸ ਤੋਂ ਬਾਅਦ ਮੋਬਾਇਲ ਦੀ ਸਕਰੀਨ ਉੱਤੇ ਵੋਟਰ ਦੇ ਘਰ ਨੇੜਲੇ ਪੋਲਿੰਗ ਬੂਥਾਂ ਦੀ ਸੂਚੀ ਆ ਜਾਵੇਗੀ।ਇਸ ਤੋਂ ਬਾਅਦ ਵੋਟਰ ਵੱਲੋਂ ਬੂਥ ਨੰਬਰ ਲਿਖ ਕੇ ਭੇਜਣਾ ਹੋਵੇਗਾ ਤੇ ਤੁਰੰਤ ਮੋਬਾਇਲ ਦੀ ਸਕਰੀਨ 'ਤੇ ਇਹ ਜਾਣਕਾਰੀ ਆ ਜਾਵੇਗੀ ਕਿ ਉਸ ਬੂਥ 'ਤੇ ਵੋਟ ਪਾਉਣ ਲਈ ਕਿੰਨੇ ਵੋਟਰ ਕਤਾਰ ਵਿੱਚ ਖੜ੍ਹੇ ਹਨ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜੇਕਰ ਵੋਟਰ ਦੂਜਾ ਆਪਸ਼ਨ ਬੂਥ ਵਾਈਜ਼ ਚੁਣਦਾ ਹੈ ਤਾਂ ਉਸ ਨੂੰ ਪੰਜਾਬ ਸੂਬਾ ਚੁਣਨ ਤੋਂ ਬਾਅਦ ਆਪਣੇ ਜ਼ਿਲ੍ਹੇ ਨੂੰ ਚੁਣਨਾ ਹੋਵੇਗਾ ਤੇ ਉਸ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕੇ ਸਕਰੀਨ ਉੱਤੇ ਆ ਜਾਣਗੇ।ਆਪਣਾ ਵਿਧਾਨ ਸਭਾ ਹਲਕਾ ਚੁਣਨ ਤੋਂ ਬਾਅਦ ਸਬੰਧਤ ਬੂਥ ਨੰਬਰ ਭਰਨਾ ਹੋਵੇਗਾ, ਜਿਸ ਨਾਲ ਵੋਟਰ ਆਪਣੇ ਬੂਥ ਉੱਤੇ ਵੋਟ ਦੇਣ ਲਈ ਖੜੇ ਵੋਟਰਾਂ ਦੀ ਗਿਣਤੀ ਜਾਣ ਸਕੇਗਾ।ਉਨ੍ਹਾਂ ਦੱਸਿਆ ਕਿ ਜਿੱਥੇ ਇੱਕ ਪਾਸੇ 1 ਜੂਨ ਨੂੰ ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਗਰਮੀ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ, ਉੱਥੇ ਹੀ ਇਸ ਵੋਟਿੰਗ ਕਿਊ ਸਿਸਟਮ ਜ਼ਰੀਏ ਵੋਟਰ ਆਪਣੇ ਹਿਸਾਬ ਨਾਲ ਉਸ ਸਮੇਂ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾ ਸਕੇਗਾ, ਜਦੋਂ ਬੂਥ 'ਤੇ ਜ਼ਿਆਦਾ ਭੀੜ ਨਹੀਂ ਹੋਵੇਗੀ।

# ਵੋਟਾਂ ਅੱਜ, ਸਾਰੇ ਪ੍ਰਬੰਧ ਮੁਕੰਮਲ, ਪੋਲਿੰਗ ਪਾਰਟੀਆਂ ਦੀ ਹੋਈ ਰਵਾਨਗੀ

### 4 ਵਿਧਾਨ ਸਭਾ ਹਲਕਿਆਂ ਵਿੱਚ 7.63 ਲੱਖ ਤੋਂ ਵਧੇਰੇ ਵੋਟਰ ਕਰਨਗੇ ਮਤਦਾਨ



ਮੋਗਾ ਵਿਖੇ ਪੋਲਿੰਗ ਪਾਰਟੀਆਂ ਈ ਵੀ ਐੱਮ ਚੋਣ ਸਮੱਗਰੀ ਲੈ ਕੇ ਰਵਾਨਾ ਹੁੰਦੇ ਹੋਏ।

**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਚੋਣਾਂ 2024 ਦੌਰਾਨ ਮਿਤੀ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਲਈ ਜ਼ਿਲ੍ਹਾ ਮੋਗਾ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਚੋਣਾਂ ਨੂੰ ਪਾਰਦਰਸ਼ਤਾ, ਨਿਰਪੱਖਤਾ ਤੇ ਬਿਨਾਂ ਕਿਸੇ ਦਬਾਓ ਦੇ ਸ਼ਾਂਤੀਪੂਰਨ ਤਰੀਕੇ ਨਾਲ ਸਿਰੇ ਚਾੜ੍ਹਨ ਲਈ ਦ੍ਰਿੜ੍ਹ ਸੰਕਲਪ ਹੈ। ਪੂਰੀ ਵੋਟ ਪ੍ਰਕਿਰਿਆ ਦੌਰਾਨ ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਪਾਰਟੀ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਕਰਕੇ ਵੋਟਰ ਆਪਣੀ ਵੋਟ ਦਾ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਜ਼ਰੂਰੀ ਤੇ ਸਹੀ ਇਸਤੇਮਾਲ ਕਰਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਅੱਜ ਕੀਤਾ। ਵੋਟ ਪ੍ਰਕਿਰਿਆ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੰਦਿਆਂ ਕੁਲਵੰਤ ਸਿੰਘ ਨੇ ਦੱਸਿਆ ਕਿ ਪੋਲਿੰਗ ਪਾਰਟੀਆਂ ਦੀ ਰਵਾਨਗੀ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ ਫਰੀਦਕੋਟ ਦੇ ਜ਼ਿਲ੍ਹਾ ਮੋਗਾ ਵਿੱਚ ਕੁੱਲ 4 ਵਿਧਾਨ ਸਭਾ ਹਲਕੇ ਪੈਂਦੇ ਹਨ, ਜਿਨ੍ਹਾਂ ਵਿੱਚ ਕੁੱਲ 7 ਲੱਖ 63 ਹਜ਼ਾਰ 054 ਵੋਟਰ ਹਨ। ਸਾਰੇ ਵੋਟਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰ ਸ਼ਨਾਖਤੀ ਕਾਰਡ ਤੇ ਵੋਟਰ ਸਲਿੱਪਾਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਜ਼ਿਲ੍ਹੇ ਵਿੱਚ 4 ਹਲਕਿਆਂ ਲਈ ਕੁੱਲ ਪੋਲਿੰਗ ਸਟੇਸ਼ਨ 804 ਹਨ, ਜਿੱਥੇ ਕਿ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪਾਈਆਂ ਜਾ ਸਕਣਗੀਆਂ। ਸੰਵੇਦਨਸ਼ੀਲ ਤੇ ਅਤਿ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ 'ਤੇ ਨਜ਼ਰ ਰੱਖਣ ਲਈ 160 ਮਾਈਕਰੋ ਆਬਜ਼ਰਵਰ ਤੇ 63 ਸੈਕਟਰ ਅਫ਼ਸਰ ਲਗਾਉਣ ਦੇ ਨਾਲ-ਨਾਲ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਵੈੱਬ ਕਾਸਟਿੰਗ ਕਰਵਾਈ ਜਾਵੇਗੀ। ਸਮੁੱਚੀ ਵੋਟ ਪ੍ਰਕਿਰਿਆ ਉੱਤੇ ਨਜ਼ਰ ਰੱਖਣ ਲਈ ਜ਼ਿਲ੍ਹਾ ਪੱਧਰ ਉੱਤੇ ਇੱਕ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਚੋਣਾਂ ਦੀ ਪੂਰੀ ਪ੍ਰਕਿਰਿਆ ਨੂੰ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਸਿਵਲ ਪ੍ਰਸ਼ਾਸਨ ਦੇ 4272 ਅਧਿਕਾਰੀ ਚੋਣ ਅਮਲੇ ਵਜੋਂ ਡਿਊਟੀ ਨਿਭਾਉਣਗੇ। ਜਦਕਿ ਵੋਟ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਸਿਰੇ ਚੜ੍ਹਾਉਣ ਲਈ ਪੰਜਾਬ ਪੁਲਸ ਤੇ ਕੇਂਦਰੀ ਫੋਰਸਾਂ ਦੇ 2484 ਜਵਾਨ ਤਾਇਨਾਤ ਕੀਤੇ ਗਏ ਹਨ। ਵੋਟਾਂ ਦੀ ਪ੍ਰਕਿਰਿਆ ਨੂੰ ਪਾਰਦਰਸ਼ਤਾ ਤੇ ਨਿਰਪੱਖਤਾ ਨਾਲ ਕਰਾਉਣ ਨੂੰ ਯਕੀਨੀ ਬਣਾਉਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ 2024 ਸਬੰਧੀ ਜ਼ਿਲ੍ਹੇ ਨਾਲ ਸਬੰਧਤ ਕੋਈ ਵੀ ਜ਼ਿਲ੍ਹਾ ਵਾਸੀ ਆਪਣੀ ਸ਼ਿਕਾਇਤ ਸੀ-ਵਿਜੀਲ ਐਪਲੀਕੇਸ਼ਨ ਨੂੰ ਗੂਗਲ ਪਲੇਅ ਸਟੋਰ ਤੋਂ ਡਾਊਨਲੋਡ ਕਰਕੇ ਕਿਸੇ ਵੀ ਤਰ੍ਹਾਂ ਚੋਣ ਜਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਤੇ ਇਸ ਸ਼ਿਕਾਇਤ ਉੱਪਰ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਂਦੀ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਸਤਲੁਜ ਬਲਾਕ ਦੀ ਦੂਸਰੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ ਏ-203 ਵਿਖੇ ਸਥਾਪਤ ਕੀਤੇ ਗਏ ਜ਼ਿਲ੍ਹਾ ਕੰਟਰੋਲ ਸੈਂਟਰ ਵਿਖੇ ਦਸਤੀ ਸ਼ਿਕਾਇਤ ਵੀ ਦੇ ਸਕਦਾ ਹੈ। ਉਨ੍ਹਾਂ ਵਚਨਬੱਧਤਾ ਦੁਹਰਾਈ ਕਿ ਇਹ ਚੋਣਾਂ ਪਾਰਦਰਸ਼ਤਾ ਤੇ ਨਿਰਪੱਖਤਾ ਨਾਲ ਕਰਵਾਈਆਂ ਜਾਣਗੀਆਂ। ਕੁਲਵੰਤ ਸਿੰਘ ਨੇ ਵੋਟਰਾਂ, ਉਮੀਦਵਾਰਾਂ ਤੇ ਵੱਖ-ਵੱਖ ਰਾਜਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੋਟਰ ਪੈਸੇ ਲੈ ਕੇ ਵੋਟ ਪਾਉਂਦਾ ਹੈ ਜਾਂ ਕੋਈ ਉਮੀਦਵਾਰ ਜਾਂ ਪਾਰਟੀ ਕਿਸੇ ਵੋਟਰ ਨੂੰ ਵੋਟ ਲਈ ਪੈਸੇ ਦੀ ਪੇਸ਼ਕਸ਼ ਕਰਦੀ ਹੈ ਤਾਂ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਕਿਸੇ ਵੋਟਰ ਨੂੰ ਡਰਾ, ਧਮਕਾ ਕੇ ਜਾਂ ਸੱਟ ਫੇਟ ਮਾਰ ਕੇ ਵੋਟ ਪਵਾਉਣ ਦੀ ਸੂਰਤ ਵਿੱਚ ਦੋਸ਼ੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਚੋਣਾਂ ਨਾਲ ਸੰਬੰਧਤ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 127 ਏ ਦੇ ਤਹਿਤ ਦੋਸ਼ੀ ਮੰਨਿਆ ਜਾਵੇਗਾ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਲੱਕੜ ਮੰਡੀ ਯੂਨੀਅਨ ਨੇ ਠੇਕੇਦਾਰ ਦੀ ਧੱਕੇਸ਼ਾਹੀ ਖਿਲਾਫ ਲਾਇਆ ਰੋਸ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੱਕੜ ਮੰਡੀ ਯੂਨੀਅਨ ਵੱਲੋਂ ਦਾਣਾ ਮੰਡੀ ਵਿੱਚ ਠੇਕੇਦਾਰ ਵੱਲੋਂ 60-60 ਰੁਪਏ ਦੀ ਪਰਚੀਆਂ ਧੱਕੇ ਨਾਲ ਕੱਟਣ ਦੇ ਖਿਲਾਫ ਲੱਕੜ ਮੰਡੀ ਵਿੱਚ ਵਿਸ਼ਾਲ ਧਰਨਾ ਲਗਾਇਆ ਗਿਆ। ਇਹ ਧਰਨਾ ਬਲਵੀਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਕਿਸੇ ਵੀ ਹੋਰ ਜ਼ਿਲ੍ਹੇ ਵਿੱਚ ਲੱਕੜ ਮੰਡੀ ਵਿੱਚ ਠੇਕੇਦਾਰਾਂ ਵੱਲੋਂ ਪਰਚੀ ਨਹੀਂ ਕੱਟਣ 32 ਜਾਂਦੀ, ਪਰ ਇਥੇ ਜ਼ਬਰਦਸਤੀ 60-60 ਰੁਪਏ ਦੀ ਪਰਚੀ ਕੱਟੀ ਜਾਂਦੀ ਹੈ ਤੇ ਪਰਚੀ ਕੱਟਣ ਸਮੇਂ ਪਰਚੀ ਤੇ ਕੋਈ ਦਸਤਖਤ ਨਹੀਂ ਕੀਤੇ ਜਾਂਦੇ।

ਬੁਲਾਰਿਆਂ ਨੇ ਇਹ ਵੀ ਕਿਹਾ ਕਿ ਜਦੋਂ ਦੀ ਪੰਜਾਬ ਵਿੱਚ ਆਪ ਪਾਰਟੀ ਦੀ ਸਰਕਾਰ ਆਈ ਹੈ, ਉਦੋਂ ਤੋਂ ਪਹਿਲੀਆਂ ਸਰਕਾਰਾਂ ਨੂੰ ਵੀ ਇਸ ਸਰਕਾਰ ਨੇ ਆਦਤ ਪਾ ਦਿੱਤੀ ਹੈ। ਉਨ੍ਹਾ ਕਿਹਾ ਕਿ ਕੁਝ ਦਿਨ ਪਹਿਲਾਂ ਇਥੇ ਰੇਹੜੀ ਫੜੀ ਯੂਨੀਅਨ ਵੱਲੋਂ ਵੀ ਇਸ ਠੇਕੇਦਾਰ ਖਿਲਾਫ ਕਈ ਦਿਨ ਧਰਨਾ ਜਾਰੀ ਰੱਖਿਆ ਗਿਆ ਸੀ। ਉਨ੍ਹਾਂ ਦਾ ਮਸਲਾ ਅਜੇ ਨਿਬੜਿਆ ਨਹੀਂ ਸੀ ਕਿ ਹੁਣ ਲੱਕੜ ਮੰਡੀ ਵਾਲਿਆਂ ਧੱਕੇ ਨਾਲ ਜੋ ਠੇਕੇਦਾਰ ਖਿਲਾਫ ਧਰਨਾ ਦਿੱਤਾ ਗਿਆ ਹੈ, ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਮੋਗਾ ਦਾਣਾ ਮੰਡੀ ਦੇ ਠੇਕੇਦਾਰ ਵੱਲੋਂ ਅੱਤ ਚੁੱਕੀ ਹੋਈ ਹੈ। ਉਨ੍ਹਾਂ ਕਿਹਾ ਕਿ ਪਰਚੀ ਸਰਕਾਰੀ ਰੇਟ ਦੇ ਅਨੁਸਾਰ ਹੀ ਕੱਟੀ ਜਾਵੇ ਜੇਕਰ ਅਜਿਹਾ ਨਾ ਹੋਇਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਲਵੀਰ ਸਿੰਘ, ਪ੍ਰਧਾਨ ਹਰਨੇਕ ਸਿੰਘ, ਮੀਤ ਪ੍ਰਧਾਨ ਸੁਰਜੀਤ ਸਿੰਘ, ਗਦਲਜੀਤ ਸਿੰਘ, ਸੈਕਟਰੀ ਬਲਦੇਵ ਸਿੰਘ, ਪਾਲ ਸਿੰਘ, ਕੁਲਦੀਪ ਸਿੰਘ, ਬਿੱਕਰ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।


**PUNJAB NATIONAL BANK**
**Branch Office:- Jawaddi, Ludhiana**

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਦੀ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ੍ਰੀ ਪ੍ਰਵੇਸ਼ ਸ਼ਰਮਾ ਅਤੇ ਸ੍ਰੀ ਸੁਰਿੰਦਰ ਪਾਲ ਸ਼ਰਮਾ, ਦੋਵੇਂ ਵਾਸੀ ਮਕਾਨ ਨੰ. 161-ਏ, ਨੇੜੇ ਬੱਸ ਅੱਡਾ, ਅਸ਼ੋਕ ਨਗਰ, (ਪੀਰੂ ਬਾਂਦਾ) ਜ਼ਿਲ੍ਹਾ ਲੁਧਿਆਣਾ-141001 | ਜਾਇਦਾਦ (ਗੋਦਾਮ/ਮਕਾਨ, ਪਲਾਟ ਐੱਮ ਸੀ ਨੰ. ਬੀ-17-477/3 ਬੀ/2 ਸੀ/(ਹਿੱਸਾ) ਰਕਬਾ48.4/9 ਵਰਗ ਗਜ਼, ਖੱਤਾ ਨੰ. 2624/3021, ਖਸਰਾ ਨੰ. 410-411-412-413, ਜਮ੍ਹਾਂਬੰਦੀ ਸਾਲ 1981-82, ਮਾਲੀਆ ਅਸਟੇਟ ਪਿੰਡ ਪੀਰੂ ਬਾਂਦਾ, ਅਬਾਦੀ ਅਸ਼ੋਕ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। | 03.02.2023 | 28.05.2024 | ਸੰਕੇਤਕ ਕਬਜ਼ਾ<br>03.02.2023 ਨੂੰ ਰੁ. 10,36,950.31/- (ਦਸ ਲੱਖ ਛੱਤੀ ਹਜ਼ਾਰ ਨੌ ਸੌ ਪੰਜਾਹ ਰੁਪਏ ਅਤੇ ਇਕੱਤੀ ਪੈਸੇ ਕੇਵਲ) ਸਮੇਤ 31.01.2023 ਤੱਕ ਲਗਾਇਆ |

ਵਿਆਜ ਅਤੇ 01.02.2023 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ (ਐੱਨ ਪੀ ਏ ਦੀ ਮਿਤੀ ਤੋਂ ਮਨਫੀ ਵਸੂਲੀਆਂ ਜੇਕਰ ਕੋਈ ਹਨ) ਮੁਕੰਮਲ ਅਦਾਇਗੀ ਤੱਕ।

ਮਿਤੀ : 31-05-2024 ਸਥਾਨ : ਲੁਧਿਆਣਾ — ਅਧਿਕਾਰਤ ਅਫਸਰ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਾਤਰੀ-ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰੋ : ਮਾੜੀਮੇਘਾ



**ਭਿੱਖੀਵਿੰਡ (ਨਜ਼ਸ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਪਿੰਡ ਕਲਸੀਆਂ ਕਲਾਂ ਤੇ ਭਗਵਾਨਪੁਰਾ ਖੁਰਦ ਵਿਖੇ ਸੀਪੀਆਈ ਤੇ ਸੀਪੀਆਈ (ਐੱਮ) ਦੇ ਖਡੂਰ ਸਾਹਿਬ ਹਲਕੇ ਤੋਂ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੇ ਹੱਕ ਵਿੱਚ ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ। ਮੀਟਿੰਗਾਂ ਨੂੰ ਸੰਬੋਧਨ ਦੌਰਾਨ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗੁਰਦਿਆਲ ਸਿੰਘ ਲੋਕ ਸਭਾ ਵਿੱਚ ਪਹੁੰਚ ਕੇ ਨਰੇਗਾ ਦਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 700 ਰੁਪਏ ਕਰਨ ਦੀ ਗਾਰੰਟੀ ਦਿੰਦੇ ਹਨ। ਇਸ ਦਾ ਭਾਵ ਫਿਰ ਨਰੇਗਾ ਕਾਮਿਆਂ ਨੂੰ ਸਾਲ ਵਿੱਚ 140000 (ਇੱਕ ਲੱਖ ਚਾਲੀ ਹਜ਼ਾਰ) ਰੁਪਏ ਮਿਲਿਆ ਕਰਨਗੇ।ਇਸੇ ਤਰ੍ਹਾਂ ਉਹ 10+2 ਤੱਕ ਵਿੱਦਿਆ ਮੁਫ਼ਤ ਤੇ ਲਾਜ਼ਮੀ ਕਰਨ ਲਈ ਲੜਨਗੇ ਤਾਂ ਜੋ ਹਿੰਦੁਸਤਾਨ ਦੇ ਵਿਦਿਆਰਥੀ ਉਚ ਪਾਏ ਦੇ ਗੁਣਵਾਨ ਬਣ ਸਕਣ।ਹਰੇਕ ਮਨੁੱਖ ਨੂੰ ਮੁਫ਼ਤ ਘਰ ਬਣਾ ਕੇ ਦੇਣ ਲਈ ਸੰਸਦ ਵਿੱਚ ਪਾਸ ਕਰਾਵੇਗਾ।ਘਰ ਵੀ ਖੁੱਲ੍ਹੇਹਾਰੇ ਤੇ ਵੱਸਣ ਦੇ ਕਾਬਲ ਹੋਣਗੇ।ਹਰੇਕ ਮਨੁੱਖ ਲਈ ਸਿਹਤ ਸਹੂਲਤ ਭਾਵ ਮੁਫ਼ਤ ਇਲਾਜ ਹੋਵੇਗਾ।

ਇਸ ਤੋਂ ਇਲਾਵਾ ਗੁਰਦਿਆਲ ਸਿੰਘ ਲੋਕ ਸਭਾ ਵਿੱਚ ਪਹੁੰਚ ਕੇ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਤੇ ਕਾਰਖਾਨੇਦਾਰਾਂ ਦੇ ਕਰਜ਼ੇ ਮੁਆਫ਼ ਲਈ ਆਵਾਜ਼ ਉਠਾਉਣਗੇ।ਬਜ਼ੁਰਗਾਂ ਦੀਆਂ ਪੈਨਸ਼ਨਾਂ ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਿਆਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਤੇ ਲਗਾਤਾਰਤਾ ਬਣਾਉਣ ਲਈ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਸੰਘਰਸ਼ ਕਰਨਗੇ। ਇਸ ਤੋਂ ਇਲਾਵਾ ਪਿੰਡਾਂ ਦੇ ਵਿਕਾਸ ਲਈ ਗਲੀਆਂ ਨਾਲੀਆਂ ਪੱਕੀਆਂ ਤੇ ਸਾਫ-ਸੁਥਰੀਆਂ ਤੇ ਹੰਢਣਸਾਰ ਹੋਣਗੀਆਂ, ਮੁਰੰਮਤ ਕਰਨ ਨੂੰ ਪਹਿਲ ਦਿੱਤੀ ਜਾਵੇਗੀ। ਮਾੜੀਮੇਘਾ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਸੁੱਖ ਸਹੂਲਤ ਲਈ ਗਰਾਂਟ ਤੇ ਬਹੁਤ ਦਿੰਦੀ ਹੈ ਪਰ ਚੁਣੇ ਹੋਏ ਕਾਂਗਰਸੀ, ਅਕਾਲੀ ਤੇ ਆਪ ਵਾਲੇ ਪਾਰਲੀਮੈਂਟ ਮੈਂਬਰ ਸਰਕਾਰੀ ਅਫ਼ਸਰਸ਼ਾਹੀ ਨਾਲ ਮਿਲ ਕੇ ਗਰਾਂਟ ਹੜੱਪ ਜਾਂਦੇ ਹਨ।ਪਰ ਮੈਂ ਯਕੀਨ ਦਿਵਾਉਂਦਾ ਹਾਂ ਕਿ ਗੁਰਦਿਆਲ ਸਿੰਘ ਨੂੰ ਜਿੰਨੀ ਵੀ ਗਰਾਂਟ ਮਿਲਦੀ ਹੈ ਉਹ ਲੋਕ ਸੇਵਾ ਦੇ ਲੇਖੇ ਲਾਉਣਗੇ।ਇਸ ਲਈ ਭੈਣੋ, ਭਰਾਵੋ ਪਹਿਲੀ ਜੂਨ ਵਾਲੇ ਦਿਨ ਦਾਤਰੀ-ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਕਾਮਯਾਬ ਕਰੋ।ਇਸ ਮੌਕੇ ਜਸਪਾਲ ਸਿੰਘ ਕਲਸੀਆਂ ਕਲਾਂ ਤੇ ਹਰਚੰਦ ਸਿੰਘ ਭਗਵਾਨਪੁਰਾ ਖੁਰਦ ਨੇ ਵੀ ਵਿਚਾਰ ਰੱਖੇ।

# ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਦਾ ਡੱਟਵਾਂ ਵਿਰੋਧ




**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਵੀਰਵਾਰ ਨੂੰ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੇ ਅੰਤਿਮ ਦਿਨ ਡੇਰਾ ਬਾਬਾ ਨਾਨਕ ਵਿਖੇ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ ਵੱਲੋਂ ਚੋਣ ਮੀਟਿੰਗ ਕੀਤੀ ਗਈ।ਇਸ ਮੌਕੇ ਤੇ ਵੱਖ ਵੱਖ ਪੰਜ ਕਿਸਾਨ ਜਥੇਬੰਦੀਆਂ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਦਿਨੇਸ਼ ਬੱਬੂ ਦਾ ਵਿਰੋਧ ਕੀਤਾ ।ਕਿਸਾਨ ਦਿਨੇਸ਼ ਬੱਬੂ ਕੋਲੋ 12 ਸਵਾਲਾ ਦੇ ਜਵਾਬ ਮੰਗ ਰਹੇ ਸਨ ।ਪੁਲਿਸ ਜਿਲਾ ਬਟਾਲਾ ਦੇ ਐਸ ਐਸ ਪੀ ਮੈਡਮ ਅਸ਼ਵਨੀ ਗੋਟਿਆਲ ਨੇ ਬੜੀ ਸਿਆਣਪ ਨਾਲ ਦਿਨੇਸ਼ ਬੱਬੂ ਦੀ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕਰਵਾਈ । ਇਸ ਮੌਕੇ ਡੇਰਾ ਬਾਬਾ ਨਾਨਕ ਦੇ ਭਾਜਪਾ ਆਗੂਆਂ ਵੱਲੋਂ ਗਿੱਲ ਪੈਲਸ ਵਿਖੇ ਭਾਜਪਾ ਦੀ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੇ ਕਿਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਨੇ ਤਰੱਕੀ ਕੀਤੀ ਹੈ ਅਤੇ ਦੇਸ਼ ਦੀ ਤਰੱਕੀ ਲਈ ਤੀਸਰੀ ਵਾਰ ਭਾਜਪਾ ਨੂੰ ਜਿਤਾਉਣਾ ਬੇਹਦ ਜ਼ਰੂਰੀ ਹੈ। ਉਨਾਂ ਵੱਲੋਂ ਆਪਣੇ ਹੱਕ ਵਿੱਚ ਵਿਟਾ ਪਾਉਣ ਦੀ ਅਪੀਲ ਕੀਤੀ ਗਈ ।ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਤੇ ਫਤਿਹਗੜ੍ਹ ਚੂੜੀਆਂ ਭਾਜਪਾ ਆਗੂ ਰਵੀਕਰਨ ਸਿੰਘ ਕਾਹਲੋ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਤੇ ਖੋਲ੍ਹਿਆ ਕਰਤਾਰਪੁਰ ਲਾਂਘਾ ਮੋਦੀ ਸਰਕਾਰ ਦੀ ਦੇਣ ਹੈ।ਉਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਸਿੱਖ ਕੌਮ ਦੇ ਹਿੱਤਾਂ ਲਈ ਵੱਡੇ ਵੱਡੇ ਫੈਸਲੇ ਲਏ ਹਨ। ਰਵੀਕਰਨ ਸਿੰਘ ਕਾਹਲੋਂ ਨੇ ਸੰਬੋਧਨ ਕਰਦਿਆਂ ਹੋਇਆਂ ਵੋਟਰਾਂ ਨੂੰ ਅਪੀਲ ਕੀਤੀ ਕਿ ਆਪੋ ਆਪਣੇ ਬੂਥਾਂ ਤੇ ਬੈਠ ਕੇ ਦਿਨੇਸ਼ ਬੱਬੂ ਨੂੰ ਵੋਟਾਂ ਪਾਈਆਂ ਜਾਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਜਿਲਾ ਗੁਰਦਾਸਪੁਰ ਦੀ ਨੁਹਾਰ ਬਦਲ ਸਕੇ।ਇਸ ਮੌਕੇ ਭਾਜਪਾ ਦੇ ਡੇਰਾ ਬਾਬਾ ਨਾਨਕ ਤੋ ਹਲਕਾ ਇੰਚਾਰਜ ਕੁਲਦੀਪ ਸਿੰਘ ਕਾਹਲੋਂ, ਕ੍ਰਿਸਚਨ ਆਗੂ ਕਮਲ ਬਖਸ਼ੀ, ਜਿਲਾ ਮੀਤ ਪ੍ਰਧਾਨ ਰਾਜੂ ਪੰਡਿਤ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਭਾਜਪਾ ਆਗੂ ਨਿਰਮਲ ਸਿੰਘ ਰੱਤਾ, ਬ੍ਰਾਹਮਣ ਸਭਾ ਦੇ ਜਿਲਾ ਪ੍ਰਧਾਨ ਰਾਮ ਲਾਲ ਸ਼ਰਮਾਂ, ਮੰਡਲ ਪ੍ਰਧਾਨ ਗੁਰਬਖਸ਼ ਸਿੰਘ ਪੱਖੋਕੇ, ਭਾਜਪਾ ਮੰਡਲ ਪ੍ਰਧਾਨ ਧਿਆਨਪੁਰ ਵਿਜੇ ਸੋਨੀ, ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਤੇ ਜੈ ਜਵਾਨ ਜੈ ਕਿਸਾਨ ਜਥੇਬੰਦੀ ਦੇ ਸੁਖਦੇਵ ਸਿੰਘ ਭੋਜਰਾਜ, ਕਵਲਜੀਤ ਸਿੰਘ ਖੁਸ਼ਹਾਲਪੁਰ, ਕਿਸਾਨ ਮਜ਼ਦੂਰ ਯੂਨੀਅਨ, ਬੀਕੇ ਉਗਰਾਹਾ ਆਦਿ ਜਥੇਬੰਦੀਆਂ ਦੇ ਸੁੱਚਾ ਸਿੰਘ ਮਾਨ, ਹਰਜੀਤ ਸਿੰਘ, ਬਾਬਾ ਜੋਗਿੰਦਰ ਸਿੰਘ, ਨਿਰਵੈਰ ਸਿੰਘ, ਚੰਦਾ ਸਿੰਘ ਹਰੂਵਾਲ, ਗੁਰਪ੍ਰੀਤ ਸਿੰਘ, ਹਰਦਿਆਲ ਸਿੰਘ, ਜਿਲਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ, ਸੁਖਦੇਵ ਸਿੰਘ ਬਲਾਕ ਪ੍ਰਧਾਨ, ਬਲਵਿੰਦਰ ਸਿੰਘ ਮੀਕੇ, ਨਿਰਵੈਰ ਸਿੰਘ ਤਪਾਲਾ, ਭਗਵੰਤ ਸਿੰਘ ਮਾਨ, ਬਾਬਾ ਜੋਗਿੰਦਰ ਸਿੰਘ ਤਪਾਲਾ, ਰਾਮ ਸਿੰਘ ਤਲਵੰਡੀ ਗੋਰਾਇਆ, ਸੁੱਚਾ ਸਿੰਘ ਮਾਨ, ਜੋਗਾ ਸਿੰਘ ਮਾਨ ਆਦਿ ਕਿਸਾਨ ਜਥੇਬੰਦੀਆਂ ਦੇ ਆਗੂ ਹਾਜਰ ਸਨ। ਕਿਸਾਨ ਜਥੇਬੰਦੀਆਂ ਦੇ ਆਗੂਆਂ ਤੇ ਦਿਨੇਸ਼ ਬੱਬੂ ਨਾਲ ਭਾਜਪਾ ਸਰਕਾਰ ਵੱਲੋਂ ਖੇਤੀ ਕਾਨੂੰਨ ਸਬੰਧੀ ਗੱਲਬਾਤ ਵੀ ਕੀਤੀ ਗਈ।

## ਕਾਮਰੇਡ ਗੁਰਦਿਆਲ ਨੂੰ ਵੋਟ ਪਾਉਣ ਦੀ ਅਪੀਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਛੋਟੇ ਕਾਰੋਬਾਰੀਆਂ, ਵਪਾਰੀਆਂ ਤੇ ਛੋਟੀ ਇੰਡਸਟਰੀ ਨੂੰ ਕਾਰਪੋਰੇਟ ਘਰਾਣੇ ਹੜੱਪ ਰਹੇ ਹਨ।ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਦੀ ਹੈ।ਸਮਾਜਿਕ ਸਾਂਝ ਨੂੰ ਕਾਇਮ ਰੱਖਦਿਆਂ ਮਿਹਨਤਕਸ਼ ਲੋਕਾਂ ਨੂੰ ਨਿਆਂ ਕਮਿਊਨਿਸਟ ਪਾਰਟੀਆਂ ਹੀ ਦਿਵਾ ਸਕਦੀਆਂ ਹਨ।ਇਸ ਕਰਕੇ ਹਰੇਕ ਸ਼ਹਿਰੀ ਦਾ ਫਰਜ਼ ਬਣਦਾ ਹੈ ਕਿ ਉਹ ਵੋਟਾਂ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਪਾਉਣ।ਇਸ ਸਬੰਧੀ ਅੱਜ ਦੋਹਾਂ ਕਮਿਊਨਿਸਟ ਪਾਰਟੀਆਂ ਨੇ ਰਾਮਗੜ੍ਹੀਆ ਬੁੰਗਾ ਵਿਖੇ ਇਕੱਠ ਕਰਕੇ ਕਾਮਰੇਡ ਹੀਰਾ ਤੇ ਤਾਰਾ ਸਿੰਘ ਖਹਿਰਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।ਇਸ ਮੌਕੇ ਕਾਮਰੇਡ ਸੁਖਦੇਵ ਸਿੰਘ ਗੋਹਲਵੜ, ਐਡਵੋਕੇਟ ਸਟਾਲਿਨ ਜੀਤ ਸਿੰਘ ਸੰਧੂ, ਜਸਵਿੰਦਰ ਸਿੰਘ ਮਾਨੋਚਾਹਲ, ਪੂਰਨ ਸਿੰਘ ਮਾੜੀਮੇਘਾ, ਗੁਰਪ੍ਰੀਤ ਸਿੰਘ ਗੰਡੀਵਿੰਡ ਅਵਤਾਰ ਸਿੰਘ ਪਲਾਸੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਬੇਰੁਜ਼ਗਾਰੀ, ਮਹਿੰਗਾਈ ਤੇ ਕਾਰਪੋਰੇਟੀ ਲੁੱਟ ਨੇ ਸਾਡੇ ਦੇਸ਼ ਦਾ ਕਚੂੰਮਰ ਕੱਢ ਦਿੱਤਾ ਹੈ। ਜਨਤਾ ਬਹੁਤ ਪ੍ਰੇਸ਼ਾਨ ਹੈ।ਇਸ ਕਰਕੇ ਸਮੇਂ ਦੀ ਸਰਕਾਰ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਗੁੰਡਾ ਗਰਦੀ, ਲੁੱਟ ਖੋਹ ਤੇ ਨਸ਼ਿਆਂ ਦੇ ਪ੍ਰਕੋਪ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ।ਖੱਬੇ ਪੱਖੀ ਪਾਰਟੀਆਂ ਦੀ ਤਾਕਤ ਵੱਧਣ ਨਾਲ ਦੇਸ਼ ਦੀ ਕਿਸਮਤ ਚਮਕਦੀ ਹੈ।ਇਸ ਉਪਰੰਤ ਕਾਮਰੇਡਾਂ ਨੇ ਤਰਨ ਤਾਰਨ ਸ਼ਹਿਰ ਦੇ ਬਜ਼ਾਰਾਂ ਵਿੱਚ ਲਿਖਤੀ ਅਪੀਲ ਵੰਡ ਕੇ ਵੋਟਾਂ ਮੰਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ,ਕਰਮ ਸਿੰਘ, ਚਰਨ ਸਿੰਘ, ਅਵਤਾਰ ਸਿੰਘ ਪਲਾਸੌਰ,ਰਾਣਾ ਮਸੀਹ ਚੁਸਲੇਵੜ, ਮਹਿੰਦਰ ਸਿੰਘ ਵੀ ਹਾਜ਼ਰ ਸਨ।

## ਲੂ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਐਡਵਾਈਜ਼ਰੀ ਜਾਰੀ

**ਤਰਨਤਾਰਨ/ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਪ੍ਰਿਤਪਾਲ ਸਿੰਘ/ਰਣਬੀਰ ਸਿੰਘ ਗੋਲਣ)** ਅੱਤ ਦੀ ਗਰਮੀ ਅਤੇ ਲੂ ਤੋਂ ਬਚਣ ਲਈ ਸਿਹਤ ਸੰਭਾਲ ਅਤੀ ਜ਼ਰੂਰੀ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸਰਜਨ ਤਰਨਤਾਰਨ ਡਾ. ਸੰਜੀਵ ਕੋਹਲੀ ਨੇ ਵੱਧ ਰਹੀ ਗਰਮੀ ਦੇ ਸੰਬੰਧ ਵਿੱਚ ਲੋਕਾਂ ਨੂੰ ਜਾਗਰੂਕ ਕਰਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਗਰਮੀ ਦੀ ਤੇਜ਼ ਲਹਿਰ ਦੇ ਚੱਲਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਦਰੂਰਤ ਹੈ। ਗਰਮੀ ਅਤੇ ਲੂ ਤੋਂ ਪ੍ਰਭਾਵਿਤ ਹੋਣ ਨਾਲ ਡੀ ਹਾਈਡ੍ਰੇਸ਼ਨ, ਹੀਟ ਸਟ੍ਰੋਕ, ਬੁਖਾਰ, ਸਿਰਦਰਦ, ਉਲਟੀ, ਡਾਈਰੀਆ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਖਾਸ ਕਰਕੇ ਬਜ਼ੁਰਗਾਂ, ਬੱਚਿਆਂ ਅਤੇ ਪਹਿਲਾਂ ਤੋਂ ਹੀ ਕਿਸੀ ਬੀਮਾਰੀ ਨਾਲ ਪੀੜਤ ਲੋਕਾਂ ਨੂੰ ਇਸ ਮੌਸਮ ਵਿੱਚ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਮੌਸਮ ਵਿੱਚ ਥਕਾਵਟ, ਬੁਖਾਰ, ਉਲਟੀਆਂ, ਦਿਲ ਦੀ ਧੜਕਣ ਤੇਜ਼ ਹੋਣ ਆਦਿ ਦੇ ਲੱਛਣ ਪ੍ਰਗਟ ਹੋ ਸਕਦੇ ਹਨ।ਅਜਿਹੇ ਹਾਲਾਤ ਵਿਚ ਲੋਕ ਸੈਲਫ ਮੈਡੀਕੇਸ਼ਨ ਤੋਂ ਬਚਣ ਅਤੇ ਕਿਸੇ ਵੀ ਤਰ੍ਹਾਂ ਦੇ ਲੱਛਣ ਪ੍ਰਗਟ ਹੋਣ ਤੇ ਨੇੜੇ ਦੇ ਸਰਕਾਰੀ ਸਿਹਤ ਕੇਂਦਰਾਂ ਦੇ ਮਾਹਰ ਡਾਕਟਰਾਂ ਨਾਲ ਸੰਪਰਕ ਕਰਨ। ਉਹਨਾਂ ਲੋਕਾਂ ਨੂ ਅਪੀਲ ਕੀਤੀ ਕਿ ਲੂ ਅਤੇ ਗਰਮੀ ਤੋਂ ਬਚਣ ਲਈ ਤਰਲ ਪਦਾਰਥ ਜਿਵੇਂ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਓਆਰਐੱਸ ਦਾ ਘੋਲ ਆਦਿ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾਵੇ, ਬਾਹਰ ਜਾਣ ਤੋਂ ਪਹਿਲਾਂ ਸ਼ਰੀਰ ਨੂੰ ਪੂਰੀ ਤਰ੍ਹਾਂ ਢੱਕਿਆ ਜਾਵੇ, ਸੂਤੀ ਅਤੇ ਹਲਕੇ ਰੰਗਾਂ ਦੇ ਕਪੜੇ ਪਹਿਨੇ ਜਾਣ, ਸੰਤੁਲਤ ਤੇ ਘਰ ਦਾ ਬਣਿਆ ਭੋਜਨ ਖਾਧਾ ਜਾਵੇ, ਧੁੱਪ ਵਿੱਚ ਬਾਹਰ ਜਾਣ ਤੋਂ ਗੁਰੇਜ਼ ਕੀਤਾ ਜਾਵੇ, ਆਸ ਪਾਸ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।

ਇਸ ਅਵਸਰ ਤੇ ਜ਼ਿਲ੍ਹਾ ਟੀਕਾਕਰਣ ਅਫਸਰ ਡਾ. ਵਰਿੰਦਰ ਪਾਲ ਕੌਰ, ਸਹਾਇਕ ਸਿਵਲ ਸਰਜਨ ਡਾ. ਦੇਵੀਬਾਲਾ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਆਸ਼ੀਸ਼ ਗੁਪਤਾ, ਜ਼ਿਲ੍ਹਾ ਸਿਹਤ ਅਫਸਰ ਡਾ. ਸੁਖਬੀਰ ਕੌਰ, ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਸਿਮਰਨ ਕੌਰ, ਡਾ. ਅਮਨਦੀਪ ਸਿੰਘ, ਡਾ. ਸੁਖਜਿੰਦਰ ਸਿੰਘ, ਜ਼ਿਲ੍ਹਾ ਐਮਈਆਈਓ ਅਮਰਦੀਪ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

## ਸੀਐੱਚਸੀ ਸਿੰਘੋਵਾਲ ਵਿਖੇ ਤੰਬਾਕੂ ਰਹਿਤ ਦਿਵਸ ਮਨਾਇਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਇਲਾਕੇ ਦੇ ਲੋਕਾਂ ਨੂੰ ਤੰਬਾਕੂਨੋਸ਼ੀ ਦੇ ਸਿਹਤ ਤੇ ਪੈ ਰਹੇ ਬੁਰੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਅੱਜ ਕਮਿਊਨਿਟੀ ਸਿਹਤ ਕੇਂਦਰ, ਸਿੰਘੋਵਾਲ, ਦੀਨਾਨਗਰ ਵਿਖੇ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ।

ਇਸ ਜਾਗਰੂਕਤਾ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰਭਜੋਤ ਕਲਸੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਅਤੇ ਨਾਸ਼ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ ਅਤੇ ਨਸ਼ੇ ਦਾ ਤਿਆਗ ਕਰਕੇ ਵਿਅਕਤੀ ਆਪਣੇ ਅਤੇ ਆਪਣੇ ਪਰਿਵਾਰ ਦੇ ਨਾਸ਼ ਨੂੰ ਬਚਾ ਸਕਦਾ ਹੈ। ਡਾਕਟਰ ਕਲਸੀ ਨੇ ਦੱਸਿਆ ਕਿ ਨਸ਼ਾ ਛੱਡਣ ਦੇ ਚਾਹਵਾਨ ਵਿਅਕਤੀਆਂ ਲਈ ਸਿਹਤ ਕੇਂਦਰ ਵਿੱਚ ਹਰ ਤਰ੍ਹਾਂ ਦੀ ਸਹਾਇਤਾ ਮੌਜੂਦ ਹੈ। ਨਸ਼ੇ ਨੂੰ ਛੱਡ ਕੇ ਵਿਅਕਤੀ ਨਾ ਕੇਵਲ ਇੱਕ ਮਿਸਾਲ ਕਾਇਮ ਕਰ ਸਕਦਾ ਹੈ ਬਲਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਵੀ ਆਪਣਾ ਕੀਮਤੀ ਯੋਗਦਾਨ ਪਾ ਸਕਦਾ ਹੈ।ਇਸ ਦੌਰਾਨ ਤੰਬਾਕੂ ਕੰਟਰੋਲ ਪ੍ਰੋਗਰਾਮ ਦੇ ਨੋਡਲ ਅਫਸਰ ਡਾ. ਇੰਦਰਜੀਤ ਸਿੰਘ ਰਾਣਾ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਇਲਾਕਾ ਨਿਵਾਸੀਆਂ ਅਤੇ ਨਰਸ ਵਿਦਿਆਰਥਨਾ ਨੂੰ ਤੰਬਾਕੂ ਰਹਿਤ ਦਿਵਸ ਦੇ ਇਸ ਸਾਲ ਦੇ ਥੀਮ ਬੱਚਿਆਂ ਨੂੰ ਤੰਬਾਕੂ ਉਦੋਗ ਦੇ ਦਖਲ ਤੋਂ ਬਚਾਉਣਾ 'ਤੇ ਚਾਨਣਾ ਪਾਂਦੇ ਹੋਏ ਦੱਸਿਆ ਕਿ ਸਾਲ 2022 ਦੇ ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਕ 13 ਤੋਂ 15 ਸਾਲ ਦੇ 37 ਮਿਲੀਅਨ ਬੱਚਿਆਂ ਦੀ ਮੌਤ ਤੰਬਾਕੂ ਨੋਸ਼ੀ ਦੇ ਕਾਰਨ ਹੋਈ ਹੈ, ਇਸ ਲਈ ਬੱਚਿਆਂ ਨੂੰ ਤੰਬਾਕੂ ਨੋਸ਼ੀ ਤੋਂ ਬਚਾਉਣਾ ਬਹੁਤ ਜਰੂਰੀ ਹੈ ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਕਲਸੀ, ਤੰਬਾਕੂ ਕੰਟਰੋਲ ਪ੍ਰੋਗਰਾਮ ਦੇ ਨੋਡਲ ਅਫਸਰ ਡਾ. ਰਾਣਾ ਤੋਂ ਇਲਾਵਾ ਦੰਦਾਂ ਦੇ ਮਾਹਿਰ ਡਾ. ਸੁਖਵਿੰਦਰ ਕੁਮਾਰ, ਬੱਚਿਆਂ ਦੇ ਮਾਹਿਰ ਡਾ. ਮੋਹਿਤ ਕਾਟਲ, ਮੈਡੀਕਲ ਅਫਸਰ ਡਾ. ਸੁਸ਼ੀਲ ਕੁਮਾਰ, ਫਾਰਮੇਸੀ ਅਫਸਰ ਮੈਡਮ ਨਿਰਮਲ ਸਤਵੰਤੀ, ਓਟ ਕਾਉਂਸਲਰ ਮਨਿੰਦਰ ਸਿੰਘ, ਮੇਲ ਸਟਾਫ ਨਰਸ ਗਗਨਦੀਪ, ਸਟਾਫ ਨਰਸ ਲਖਵਿੰਦਰ ਕੌਰ, ਲੈਬ ਟੈਕਨੀਸ਼ੀਅਨ ਰਣਵੀਰ ਕੌਰ, ਹੈਲਥ ਵਰਕਰ ਹਰਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਅਜਿਹਾ ਨੇਤਾ ਚਾਹੀਦਾ ਜਿਹੜਾ ਸੰਸਦ 'ਚ ਪੰਜਾਬ ਦੀ ਆਵਾਜ਼ ਬੁਲੰਦ ਕਰ ਸਕੇ: ਸੇਖੜੀ



**ਬਟਾਲਾ (ਤਰਲੋਕ ਬੱਗਾ)**-ਦੇਸ਼ ਨੂੰ ਵਿਕਸਤ ਦੇਸ਼ ਬਣਾਉਣ ਲਈ ਅਤੇ ਆਪਣੇ ਸੂਬੇ ਨੂੰ ਵਿਕਸਤ ਰਾਜ ਵੱਲ ਲਿਜਾਣ ਲਈ ਸਾਨੂੰ ਭਾਜਪਾ ਨੂੰ ਵੋਟ ਪਾਉਣੀ ਚਾਹੀਦੀ ਹੈ, ਜਿਸ ਦਾ ਮੁੱਖ ਕਾਰਨ ਇਹ ਹੈ ਕਿ ਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਇੱਕ ਵਾਰ ਫਿਰ ਤੋਂ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਸੀਨੀਅਰ ਨੇਤਾ ਇੰਦਰ ਸੇਖੜੀ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਸਾਨੂੰ ਪੰਜਾਬ ਦੇ ਲੋਕਾਂ ਨੂੰ ਇੱਕ ਗੱਲ ਦੀ ਲੋੜ ਹੈ ਕਿ ਸਾਡੇ ਸੂਬੇ ਦੀ ਸਰਕਾਰ ਵਿੱਚ ਕੋਈ ਅਜਿਹਾ ਨੇਤਾ ਹੋਵੇ ਜੋ ਲੋਕਾਂ ਦੀ ਆਵਾਜ਼ ਬੁਲੰਦ ਕਰ ਸਕੇ, ਜੋ ਕੇਂਦਰ ਵਿੱਚ ਸ਼ੁਰੂ ਕੀਤੀਆਂ ਵਿਕਾਸ ਯੋਜਨਾਵਾਂ ਨੂੰ ਲਾਗੂ ਕਰਵਾ ਸਕੇ।ਸੇਖੜੀ ਨੇ ਕਿਹਾ ਕਿ ਜੇਕਰ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਉਹ ਪੰਜਾਬ ਅੰਦਰ ਬਟਾਲਾ ਤੋਂ ਰੇਲਵੇ ਲਾਈਨ ਵਿਛਾਉਣ ਲਈ ਸ਼ੁਰੂ ਕੀਤੀਆਂ ਜਾ ਰਹੀਆਂ ਸਾਰੀਆਂ ਵਿਕਾਸ ਯੋਜਨਾਵਾਂ ਦਾ ਲਾਭ ਉਠਾ ਸਕਦੀ ਹੈ। ਕਾਦੀਆ ਤੋਂ ਜਲੰਧਰ ਤੱਕ, ਜੋ ਕਿ ਰੇਲਵੇ ਰੂਟ ਵਪਾਰ ਲਈ ਬਹੁਤ ਲਾਭਦਾਇਕ ਹੋਵੇਗਾ। ਦੇਸ਼ ਨੂੰ ਵਿਕਸਤ ਦੇਸ਼ ਬਣਾਉਣ ਲਈ ਆਪਣੇ ਸੂਬੇ ਨੂੰ ਵਿਕਸਤ ਸੂਬਾ ਬਣਾ ਸਕਦੇ ਹਨ ਅਤੇ ਨਾਲ ਲੱਗਦੇ 30 ਕਿਲੋਮੀਟਰ ਤੱਕ ਦੇ ਖੇਤਰ ਨੂੰ ਵਿਸ਼ੇਸ਼ ਆਰਥਿਕ ਪੈਕੇਜ ਮਿਲ ਰਿਹਾ ਹੈ ਤਾਂ ਬਟਾਲਾ ਦੇ 50 ਕਿਲੋਮੀਟਰ ਤੱਕ ਦੇ ਖੇਤਰ ਨੂੰ ਵਿਸ਼ੇਸ਼ ਪੈਕਟ ਹੇਠ ਲਿਆਂਦਾ ਜਾ ਸਕਦਾ ਹੈ। ਹੁਣ ਭਾਜਪਾ ਦੇ ਉਮੀਦਵਾਰ ਨੂੰ ਕੇਂਦਰ ਸਰਕਾਰ 'ਚ ਭੇਜਿਆ ਜਾਵੇ।

## ਪੰਜਾਬ 'ਚ 8 ਤੋਂ ਵੱਧ ਲੋਕ ਸਭਾ ਦੀਆਂ ਸੀਟਾਂ ਜਿੱਤਾਂਗੇ: ਪ੍ਰਤਾਪ ਬਾਜਵਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਲੋਕ ਸਭਾ ਚੌਣਾ ਵਿੱਚ ਕਾਂਗਰਸ ਪਾਰਟੀ ਅੱਠ ਤੋਂ ਵੱਧ ਸੀਟਾਂ ਤੇ ਜਿੱਤ ਪ੍ਰਾਪਤ ਕਰੇਗੀ। ਉਣਾਂ ਕਿਹਾ ਕਿ ਇਸ ਵਾਰ ਇੰਡੀਆ ਗਠਬੰਧਨ ਸੌ ਫ਼ੀਸਦੀ ਕਾਮਯਾਬ ਹੋ ਕੇ ਕੇਂਦਰ ਵਿੱਚ ਸਰਕਾਰ ਬਣਾਏਗਾ। ਉਹ ਅੱਜ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਹਲਕਾ ਵਿਧਾਇਕ ਫ਼ਤਿਹਗੜ੍ਹ ਚੂੜੀਆਂ ਅਤੇ ਬੀਬੀ ਚਰਨਜੀਤ ਕੌਰ ਬਾਜਵਾ ਸਾਬਕਾ ਐੱਮ ਐੱਲ ਏ ਕਾਦੀਆਂ ਨਾਲ ਸ਼ਹਿਰ ਵਿੱਚ ਗੁਰਦਾਸਪੁਰ ਲੋਕ ਸਭਾ ਹਲਕਾ ਤੋਂ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਦੇ ਲਈ ਵੋਟਾਂ ਮੰਗਣ ਲਈ ਨਿਕਲੇ ਸਨ।ਉਨ੍ਹਾਂ ਕਿਹਾ ਕਿ ਇਹ ਰੋਡ ਸ਼ੋਅ ਨਹੀਂ ਹੈ। ਕਾਦੀਆਂ ਮੇਰਾ ਆਪਣਾ ਘਰ ਹੈ। ਸ਼ਹਿਰ ਵਾਸੀਆਂ ਨੇ ਹਮੇਸ਼ਾ ਕਾਂਗਰਸ ਨੂੰ ਵੋਟਾਂ ਪਾਇਆਂ ਹਨ। ਅਤੇ ਅਸੀਂ ਸ਼ਹਿਰ ਵਾਸੀਆਂ ਕੋਲ ਹਾਜ਼ਰੀ ਲਗਵਾਉਣ ਆਏ ਹਾਂ। ਇਸ ਮੌਕੇ ਤੇ ਮੇਨ ਬਾਜ਼ਾਰ ਕਾਦੀਆਂ ਵਿੱਚ ਥਾਂ ਥਾਂ ਤੇ ਉਨ੍ਹਾਂ ਨੂੰ ਹਾਰ ਪਹਿਨਾ ਕੇ ਅਤੇ ਫੁੱਲਾਂ ਦੀ ਵਰਖਾ ਕਰ ਕੇ ਜੀ ਆਇਆਂ ਆਖਿਆ ਗਿਆ। ਉਹ ਸਥਾਨਕ ਸ਼ਿਵਾਲਾ ਮੰਦਿਰ ਹਾਜ਼ਰੀ ਲਗਾਉਣ ਲਈ ਵੀ ਗਏ। ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 1 ਜੂਨ ਨੂੰ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ।ਇਸੇ ਤਰ੍ਹਾਂ ਬੀਬੀ ਚਰਨਜੀਤ ਕੌਰ ਬਾਜਵਾ ਨੇ ਕਿਹਾ ਹੈ ਕਿ ਸਾਨੂੰ ਗੁਰਦਾਸਪੁਰ ਲੋਕ ਸਭਾ ਸੀਟ ਤੇ ਸ਼ਾਨਦਾਰ ਕਾਮਯਾਬੀ ਪ੍ਰਾਪਤ ਹੋਵੇਗੀ। ਇਸ ਮੌਕੇ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਨਰਿੰਦਰ ਕੁਮਾਰ ਭਾਟੀਆ,ਸੁਖਵਿੰਦਰ ਸਿੰਘ ਸੁੱਖ ਭਾਟੀਆ, ਜਗਦੀਸ਼ ਰਾਜ ਜੰਬਾ, ਸੁਖਦੇਵ ਸਿੰਘ ਢੀਂਡਸਾ, ਪਰਸ਼ੋਤਮ, ਹਰੀਸ਼ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਦੇ ਵਰਕਰ ਹਾਜ਼ਰ ਸਨ।

# ਰਵਾਇਤੀ ਪਾਰਟੀਆਂ ਛੱਡ ਕੇ ਚਾਰ ਆਗੂ 'ਆਪ' 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਅਰਜਨ ਮਾਂਗਾ ਵਿੱਚ ਵੱਖ-ਵੱਖ ਰਵਾਇਤੀ ਪਾਰਟੀਆਂ ਨੇ ਉਸ ਵਕਤ ਭਾਰੀ ਧੱਕਾ ਲੱਗਾ ਜਦੋਂ ਤਲਬੀਰ ਸਿੰਘ ਗਿੱਲ ਵੱਲੋਂ ਪਿੰਡ ਦੇ ਚਾਰ ਆਗੂਆਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ ਜਿਨ੍ਹਾਂ ਨੂੰ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ ਵੱਲੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾਕਟਰ ਦਲਬੀਰ ਸਿੰਘ ਵੇਰਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੂੰ ਹਲਕੇ ਦੇ ਲੋਕਾਂ ਦਾ ਬੇਹਦ ਪਿਆਰ ਮਿਲ ਰਿਹਾ ਹੈ ਜਿਸ ਸਦਕਾ ਧਾਲੀਵਾਲ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਪਾਰਲੀਮੈਂਟ ਵਿੱਚ ਅੰਮ੍ਰਿਤਸਰ ਦੀਆਂ ਮੰਗਾਂ ਨੂੰ ਉਠਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਸਰਕਾਰ ਤੋਂ ਬੇਹੱਦ ਖੁਸ਼ ਹਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਦੇ ਵਿਕਾਸ ਦੀ ਇੱਕ ਨਵੀਂ ਨੀਂਹ ਰੱਖੀ ਜਾਵੇਗੀ। ਉਹਨਾਂ ਅਰਜਨ ਮਾਂਗਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਪਿਆਰ ਸਦਕਾ ਸਰਦਾਰ ਦਲਬੀਰ ਸਿੰਘ ਗਿੱਲ ਵੱਲੋਂ ਹਲਕਾ ਮਜੀਠਾ ਦੇ ਪਿੰਡ ਅਰਜਨ ਮਾਂਗਾ ਵਾਸੀਆਂ ਦੇ ਨਾਲ ਸਾਂਝ ਪਾਈ ਗਈ ਹੈ ਉਹ ਸਾਂਝ ਨੂੰ ਬਰਕਰ ਰੱਖਦੇ ਹੋਏ ਧਾਲੀਵਾਲ ਨੂੰ ਭਾਰੀ ਵੋਟਾਂ ਦੇ ਫਰਕ ਨਾਲ ਪਿੰਡ ਵਿੱਚੋਂ ਜਤਾਇਆ ਜਾਵੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਪਰਗਟ ਸਿੰਘ, ਅਰਜਨ ਮਾਂਗਾ, ਗੁਰਦਿਆਲ ਸਿੰਘ, ਇੰਦਰਜੀਤ ਸਿੰਘ ਅਤੇ ਹੋਰ ਆਗੂ ਸ਼ਾਮਿਲ ਸਨ।

## ਮਹਿੰਗਾਈ ਤੇ ਬੇਰੁਜ਼ਗਾਰੀ ਕਾਰਨ ਲੋਕ ਦੋ ਵੇਲੇ ਦੀ ਰੋਟੀ ਨੂੰ ਮੁਹਤਾਜ : ਪਾਹੜਾ



**ਗੁਰਦਾਸਪੁਰ, (ਜਨਕ ਮਹਾਜਨ)**- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸੀ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਦੇ ਹੱਕ ਵਿੱਚ ਬਟਾਲਾ ਰੋਡ 'ਤੇ ਸਥਿਤ ਸਕੀਮ ਨੰਬਰ 1 ਨਗਰ ਸੁਧਾਰ ਟਰੱਸਟ ਕਲੋਨੀ ਵਿਖੇ ਚੋਣ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਹਲਕਾ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਪਾਹੜਾ ਨੇ ਕਿਹਾ ਕਿ ਲੋਕ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਦੁਖੀ ਹਨ। ਦੇਸ਼ ਅਤੇ ਸੂਬਾ ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੀਆਂ ਜਟਿਲ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਹ ਸਭ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਨਤੀਜਾ ਹੈ। ਇਸ ਨੂੰ ਸੱਤਾ 'ਚ ਲਿਆਉਣ ਲਈ ਲੋਕ ਹੁਣ 1 ਜੂਨ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਆਮ ਆਦਮੀ ਪਾਰਟੀ 'ਤੇ ਬੋਲਦਿਆਂ ਕਿਹਾ ਕਿ ਇਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰ ਸਕੀ। ਕਾਂਗਰਸ ਦੇਸ਼ ਦੀ ਇੱਕੋ ਇੱਕ ਪਾਰਟੀ ਹੈ ਜਿਸ ਨੇ ਦੇਸ਼ ਹਿੱਤ ਵਿੱਚ ਫੈਸਲੇ ਲੈ ਕੇ ਦੇਸ਼ ਨੂੰ ਮਜ਼ਬੂਤ ਕੀਤਾ ਹੈ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਤੇ ਸਿਟੀ ਕਾਂਗਰਸ ਦੇ ਪ੍ਰਧਾਨ ਰੰਜਨ ਸ਼ਰਮਾ ਰੰਜੂ, ਵਾਰਡ ਨੰਬਰ 7 ਦੀ ਕੌਂਸਲਰ ਦਵਿੰਦਰ ਕੌਰ ਅਤੇ ਵੈਲਫੇਅਰ ਸੁਸਾਇਟੀ ਸਕੀਮ ਨੰਬਰ 1 ਗੁਰਦਾਸਪੁਰ ਦੇ ਪ੍ਰਧਾਨ ਗੁਰਕ੍ਰਿਪਾਲ ਸਿੰਘ ਵੀ ਹਾਜ਼ਰ ਸਨ।

## ਹਰਿਆਣਾ ਦੇ ਸੀ ਐੱਮ ਸੈਣੀ ਨੇ ਪ੍ਰਾਚੀਨ ਸ਼ਿਵ ਮੰਦਰ 'ਚ ਟੇਕਿਆ ਮੱਥਾ



**ਕਲਾਨੌਰ, (ਮਨਦੀਪ ਕੋਹਲੀ )**- ਵੀਰਵਾਰ ਕਲਾਨੌਰ ਦੇ ਪ੍ਰਸਿੱਧ ਪ੍ਰਾਚੀਨ ਸ਼ਿਵ ਮੰਦਰ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਭਗਵਾਨ ਸ਼ਿਵ ਸ਼ੰਕਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਪੂਰੇ ਸੀ ਐਮ ਸੁਰੱਖਿਆ ਦੇ ਨਾਲ ਲੈਸ ਹੋ ਕੇ ਕਲਾਨੌਰ ਸ਼ਿਵ ਮੰਦਰ ਵਿਖੇ ਪਹੁੰਚਣ 'ਤੇ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਵੱਲੋਂ ਪ੍ਰਾਚੀਨ ਸ਼ਿਵ ਮੰਦਰ ਦਾ ਇਤਿਹਾਸ ਜਾਣਿਆ ਉਪਰੰਤ ਕਲਾਨੌਰ ਦੇ ਭਾਜਪਾ ਵਰਕਰਾਂ ਵੱਲੋਂ ਉਨ੍ਹਾਂ ਨੂੰ ਪ੍ਰਾਚੀਨ ਸ਼ਿਵ ਮੰਦਰ ਦੀ ਫੋਟੋ ਨਾਲ ਅਤੇ ਸਰੋਪਾ ਪਾ ਕੇ ਸਨਮਾਨਤ ਵੀ ਕੀਤਾ ਗਿਆ।ਸਨਮਾਨਤ ਕਰਨ ਵਾਲਿਆਂ ਵਿੱਚ ਨਰਿੰਦਰ ਵਿੱਜ ਨੀਤੀ, ਜਨਕ ਰਾਜ ਖੁੱਲਰ, ਪ੍ਰਦੀਪ ਬਲਹੋਤਰਾ, ਅਸ਼ੋਕ ਕੋਹਲੀ, ਗਗਨਦੀਪ ਗੱਗੂ, ਹਰਮਨਪ੍ਰੀਤ ਲਾਡੀ, ਗੁਰਦੇਵ ਸਿੰਘ ਰੈਨੂ, ਅਸ਼ਵਨੀ ਸ਼ਰਮਾ, ਗੁਰਦਿੱਤ ਸਿੰਘ, ਅੰਕੁਸ਼ ਸੋਈ, ਰਾਣਾ ਵਿੱਗ, ਅਸ਼ੋਕ ਸ਼ਰਮਾ, ਰਮੇਸ਼ ਜੋਸ਼ੀ, ਗੁਰਮੀਤ ਸਿੰਘ ਰੇਨੂ, ਵਿੱਕੀ ਮਹਾਜਨ, ਜਤਿੰਦਰ ਕਾਲੀਆ, ਰਾਕੇਸ਼ ਮਹਿੰਦਰੂ, ਮਹਿੰਦਰ ਅਗਰਵਾਲ, ਰੋਹਿਤ ਵਰਮਾ, ਬੱਬਲ ਤੁੱਲੀ, ਆਸ਼ੂ ਵੋਹਰਾ ਆਦਿ ਸ਼ਾਮਲ ਸਨ ।

## ਸੁਪਰ ਮਾਡਲ ਪੋਲਿੰਗ ਬੂਥ 'ਤੇ ਵੋਟਰਾਂ ਨੂੰ ਵੋਟ ਪਾਉਣ ਦਾ ਸੱਦਾ

**ਸ੍ਰੀ ਅੰਮ੍ਰਿਤਸਰ ਸਾਹਿਬ, (ਜਗਦੀਸ਼ ਕਮਲੇਸ਼)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਦੇ ਦਿਸ਼ਾ ਨਿਦਰੇਸ਼ਾਂ ਤੇ ਲੋਕ ਸਭਾ ਚੋਣਾਂ-2024 ਵਿੱਚ ਸੁਪਰ ਮਾਡਲ ਪੋਲਿੰਗ ਬੂਥ ਉੱਪਰ ਆਮ ਲੋਕਾਂ ਨੂੰ ਵੋਟਾਂ ਪਾਉਣ ਲਈ ਉਤਸ਼ਾਹਿਤ ਕਰਨ ਸਬੰਧੀ ਵਿਸ਼ੇਸ਼ ਮੁਹਿੰਮ ਚਲਾਈ ਗਈ।ਸਥਾਨਕ ਸ਼ਿਵਾਲਾ ਫਾਟਕ ਅਤੇ ਹੁਸੈਨਪੁਰਾ ਚੌਂਕ ਖੇਤਰ ਵਿੱਚ ਆਯੋਜਿਤ ਕੀਤੀ ਗਈ ਇਸ ਵਿਸ਼ੇਸ਼ ਮੁਹਿੰਮ ਵਿੱਚ ਚੋਣ ਗੀਤ ਸੁਣਾ ਕੇ ਅਤੇ ਡੋਰ ਟੂ ਡੋਰ ਜਾ ਕੇ ਲੋਕਾਂ ਨੂੰ 1 ਜੂਨ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਬਾਰੇ ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਰਾਜਕੁਮਾਰ ਨੇ ਦੱਸਿਆ ਕਿ ਪੋਲਿੰਗ ਸਟੇਸ਼ਨ ਭਵਨਜ਼ ਐਸ ਐਲ ਪਬਲਿਕ ਸਕੂਲ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੁਪਰ ਮਾਡਲ ਪੋਲਿੰਗ ਸਟੇਸ਼ਨ ਐਲਾਇਆ ਗਿਆ ਹੈ। ਇਸ ਮਾਡਲ ਪੋਲਿੰਗ ਬੂਥ ਉੱਪਰ ਪੋਲਿੰਗ ਵਾਲੇ ਦਿਨ ਤਿਉਹਾਰ ਵਰਗਾ ਮਾਹੌਲ ਰਹੇਗਾ ਅਤੇ ਵੋਟਰਾਂ ਦੇ ਇਸ ਦਿਨ ਨੂੰ ਯਾਦਗਾਰ ਦਿਨ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਈ ਸਹੂਲਤਾਂ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਸ ਪੋਲਿੰਗ ਸਟੇਸ਼ਨ 'ਤੇ ਅੰਮ੍ਰਿਤਸਰ ਸ਼ਹਿਰ ਦੀ ਅਮੀਰ ਵਿਰਾਸਤ ਨੂੰ ਦਰਸਾਉਂਦੇ ਸਟਾਲ ਸਥਾਪਤ ਕੀਤੇ ਜਾਣਗੇ, ਨਾਲ ਹੀ ਵੋਟ ਪਾਉਣ ਆਉਣ ਵਾਲੇ ਵੋਟਰਾਂ ਲਈ ਠੰਢੇ-ਮਿੱਠੇ ਜਲ ਦੀ ਛਬੀਲ, ਕਿਤਾਬਾਂ ਦਾ ਸਟਾਲ, ਸਵੀਪ ਰੰਗੋਲੀ, ਸਵੀਪ ਸੱਭਿਆਚਾਰਕ ਪ੍ਰੋਗਰਾਮ, ਵੋਟਰਾਂ ਲਈ ਬੂਟੇ ਸਮੇਤ ਕਈ ਗਤੀਵਿਧੀਆਂ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਸੁਪਰ ਮਾਡਲ ਸਟੇਸ਼ਨ ਸਥਾਪਤ ਕਰਨ ਦਾ ਮੁੱਖ ਮਕਸਦ ਵੋਟਰਾਂ ਨੂੰ ਵੋਟਾਂ ਪਾਉਣ ਲਈ ਉਤਸ਼ਾਹਤ ਕਰਨਾ ਅਤੇ ਭਵਿੱਖ ਲਈ ਬਣਾਏ ਜਾਣ ਵਾਲੇ ਪੋਲਿੰਗ ਬੂਥਾਂ ਲਈ ਰੋਡ ਮੈਪ ਤਿਆਰ ਕਰਨਾ ਹੈ।ਉਹਨਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਵਾਲੇ ਦਿਨ ਇਸ ਸੁਪਰ ਮਾਡਲ ਪੋਲਿੰਗ ਸਟੇਸ਼ਨ ਨਾਲ ਸਬੰਧਤ ਸਾਰੇ ਵੋਟਰ ਆਪਣੇ ਵੋਟ ਪਾਉਣ ਦੇ ਲੋਕਤੰਤਰਕ ਹੱਕ ਦੀ ਵਰਤੋਂ ਜ਼ਰੂਰ ਕਰਨ।

## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਛੁੱਟੀ ਦਾ ਐਲਾਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ 1 ਜੂਨ, 2024 ਸ਼ਨੀਵਾਰ ਨੂੰ ਵੋਟਿੰਗ ਵਾਲੇ ਦਿਨ ਵੋਟ ਪਾਉਣ ਲਈ ਪੰਜਾਬ ਵਿੱਚ ਵਿਸ਼ੇਸ਼ ਛੁੱਟੀ ਦੇਣ ਦਾ ਐਲਾਨ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਸੁਭਾਸ਼ ਚੰਦਰ ਨੇ ਦੱਸਿਆ ਕਿ ਪੰਜਾਬ ਭਰ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ/ਵਿੱਦਿਅਕ ਅਦਾਰਿਆਂ ਲਈ 01.06.2024 (ਸ਼ਨੀਵਾਰ) ਨੂੰ ਗਜ਼ਟਿਡ ਛੁੱਟੀ ਰਹੇਗੀ।ਉਨ੍ਹਾਂ ਦੱਸਿਆ ਕਿ ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਵੀ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਕਿਸੇ ਵੀ ਉਦਯੋਗਿਕ ਅਦਾਰੇ, ਕਾਰੋਬਾਰ, ਵਪਾਰ ਜਾਂ ਕਿਸੇ ਵੀ ਹੋਰ ਅਦਾਰੇ ਵਿੱਚ ਕੰਮ ਕਰਨ ਵਾਲੇ ਵੋਟਰਾਂ ਨੂੰ ਵੀ ਵੋਟ ਪਾਉਣ ਲਈ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 135ਬੀ (1) ਮੁਤਾਬਿਕ 01-06-2024 ਨੂੰ ਅਦਾਇਗੀ ਯੋਗ ਛੁੱਟੀ ਐਲਾਨੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਨੋਟੀਫ਼ਿਕੇਸ਼ਨ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

## ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਪੈਨਸ਼ਨਰ ਯੂਨੀਅਨ ਪੰਜਾਬ ਵੱਲੋਂ ਭੁੱਲਰ ਨੂੰ ਸਮਰਥਨ



**ਬਾਬਾ ਬਕਾਲਾ ਸਾਹਿਬ ( ਨਿਰਮਲ ਸਿੰਘ ਸੰਘਾ)**-ਪੰਚਾਇਤ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਪੈਨਸ਼ਨਰ ਯੂਨੀਅਨ ਪੰਜਾਬ ਦੀ ਇਕ ਅਹਿਮ ਮੀਟਿੰਗ ਕਸਬਾ ਪੁਲ ਨਹਿਰ ਤਰਸਿੱਕਾ ਵਿਖੇ ਰਾਜਵਿੰਦਰ ਸਿੰਘ ਤਰਸਿੱਕਾ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਜਿਸ 'ਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਚੋਣਾਂ 'ਚ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਛੇਵੇਂ ਪੇ ਕਮਿਸ਼ਨ ਨੂੰ ਲਾਗੂ ਕਰਨ ਤੇ ਸਾਨੂੰ ਲਾਭ ਪਹੁੰਚਾਉਣ 'ਚ ਲਾਲਜੀਤ ਸਿੰਘ ਭੁੱਲਰ ਹੁਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ।ਇਸ ਮੌਕੇ ਯੂਨੀਅਨ ਦੇ ਆਗੂ ਤੇ ਵਰਕਰਾਂ ਨੇ ਬਲਾਕ ਤਰਸਿੱਕਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਡੇਹਰੀਵਾਲਾ, ਬੇਰੀਆਂ ਵਾਲਾ, ਤਰਸਿੱਕਾ,ਸਿੰਘਪੁਰਾ ,ਜੋਧਾ ਨਗਰੀ, ਰਸੂਲਪੁਰ ਖੁਰਦ, ਜਬੋਵਾਲ,ਕੋਟ ਖਹਿਰਾ, ਦਸਮੇਸ਼ ਨਗਰ, ਅਕਾਲਗੜ੍ਹ ਢਪਈਆਂ, ਜੀਵਨ ਪੰਧੇਰ, ਖਜਾਲਾ ਤੇ ਸੈਦੋਲੇਲ ਆਦਿ ਪਿੰਡਾਂ 'ਚ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਵੋਟਾਂ ਪਾਉਣ ਲਈ ਪ੍ਰੇਰਿਆ। ਇਸ ਮੌਕੇ ਨਿਰਮਲ ਸਿੰਘ ਰੰਧਾਵਾ, ਰਣਜੀਤ ਸਿੰਘ, ਨਰਿੰਦਰਪਾਲ ਸਿੰਘ, ਸੁਖਪਾਲ ਸਿੰਘ, ਨਰੰਜਣ ਸਿੰਘ, ਰਾਮ ਸਿੰਘ ਸੈਦਪੁਰ, ਗੁਰਚਰਨ ਸਿੰਘ, ਕੁਲਦੀਪ ਸਿੰਘ, ਹਰਪਾਲ ਸਿੰਘ ਜੀਵਨ ਪੰਧੇਰ ਤੇ ਰਾਮ ਸਿੰਘ ਬਾਠ ਆਦਿ ਹਾਜ਼ਰ ਸਨ।

## ਬਿਕਰਮ ਢਿੱਲੋਂ ਤੇ ਨਿੱਪੀ ਸੂਦ ਨੇ ਜ਼ੀਰਾ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਝਬਾਲ,30 ਮਈ(ਹਰਜਿੰਦਰ ਸਿੰਘ ਸੋਨੀ)**-ਲੋਕ ਸਭਾਂ ਹਲ਼ਕਾ ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਝਬਾਲ ਖਾਮ ਝਬਾਲ ਪੁਖਤਾ ਵਿਖੇ ਸੀਨੀਅਰ ਕਾਂਗਰਸੀ ਆਗੂ ਬਿਕਰਮ ਸਿੰਘ ਢਿੱਲੋਂ ਤੇ ਸਰਪੰਚ ਨਰਿੰਦਰ ਕੁਮਾਰ ਪੱਪਾ ਤੇ ਜਰਨਲ ਸਕੱਤਰ ਨਿੱਪੀ ਸੂਦ ਨੇ ਚੋਣ ਪ੍ਰਚਾਰ ਕਰਦਿਆਂ ਲੋਕਾਂ ਨੂੰ ਸ: ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਥਾਨੇਦਾਰ ਅਜਮੇਰ ਸਿੰਘ ਝਬਾਲ, ਸਾਬਕਾ ਥਾਨੇਦਾਰ ਬਲਵਿੰਦਰ ਸਿੰਘ, ਦਿਲਬਾਗ ਸਿੰਘ ਢਿੱਲੋਂ ਝਬਾਲ,ਭੁਪਿੰਦਰ ਸਿੰਘ ਜੈ ਈ, ਬਿੱਟੂ ਝਬਾਲ, ਮਹਿੰਦਰ ਸਿੰਘ ਢਿੱਲੋਂ, ਤਰਲੋਕ ਸਿੰਘ ਢਿੱਲੋਂ ਅਵਤਾਰ ਸਿੰਘ ਢਿੱਲੋਂ,ਗੋਲੂ ਝਬਾਲ ਤੇ ਸਮੂਹ ਮੈਂਬਰ ਵਰਕਰ ਵੀ ਹਾਜ਼ਰ ਸਨ।



# ਲੋਕਾਂ ਨੂੰ ਕਾਨੂੰਨੀ ਨੁਕਤਿਆਂ ਬਾਰੇ ਕੀਤਾ ਗਿਆ ਜਾਗਰੂਕ



**ਚੋਹਲਾ ਸਾਹਿਬ (ਰਮਨ ਚੱਢਾ)** ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕੰਵਲਜੀਤ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਿਲਪਾ, ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਪਿੰਡ ਸ਼ੇਖ ਚੱਕ, ਮਲਮੋਹਰੀ ਵਿਖੇ ਵਕੀਲ ਸਾਹਿਬ ਅਤੇ ਪੈਰਾ ਲੀਗਲ ਵਲੰਟੀਅਰ ਰਾਹੀਂ ਨੈਸ਼ਨਲ ਲੋਕ ਅਦਾਲਤ ਸੰਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਵੱਲੋਂ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਵਕੀਲ ਅਤੇ ਅਮਿਤ ਮਰਵਾਹਾ ਪੀ ਐਲ ਵੀ ਨੇ ਨੈਸ਼ਨਲ ਲੋਕ ਅਦਾਲਤ ਸੰਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ। ਇਸ ਵਿੱਚ ਵਕੀਲ ਸ਼ਰਨਪਾਲ ਸਿੰਘ ਚੌਹਾਨ ਨੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਅਦਾਲਤਾਂ ਵਿੱਚ ਲੰਬਤ ਪਏ ਹੋਣ, ਲੋਕ ਅਦਾਲਤ ਵਿੱਚ ਫੈਸਲੇ ਲਈ ਸ਼ਾਮਲ ਕੀਤੇ ਜਾਂਦੇ ਹਨ। ਜੋ ਝਗੜਾ ਅਦਾਲਤ ਵਿੱਚ ਨਾ ਚੱਲਦਾ ਹੋਵੇ ਉਹ ਮਾਮਲਾ ਵੀ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਲਿਆਇਆ ਜਾ ਸਕਦਾ ਹੈ। ਪੈਰਾ ਲੀਗਲ ਵਲੰਟੀਅਰ ਅਮਿਤ ਮਰਵਾਹਾ ਨੇ ਦੱਸਿਆ ਕਿ ਪੰਜਾਬ ਰਾਜ ਦੀਆਂ ਸਾਰੀਆਂ ਕਚਹਿਰੀਆਂ ਅਦਾਲਤਾਂ ਵਿੱਚ ਹਰ ਮਹੀਨੇ ਦੇ ਅਖੀਰਲੇ ਕੰਮਕਾਜੀ ਸ਼ਨੀਵਾਰ ਲੋਕ ਅਦਾਲਤ ਲਗਾਈ ਜਾਂਦੀ ਹੈ। ਇਸ ਦੇ ਨਾਲ ਨਾਲ ਲੇਬਰ ਕੋਰਟ, ਉਪਭੋਗਤਾ ਕੋਰਟ ਵਿੱਚ ਹਰ ਮਹੀਨੇ ਦੇ ਅਖੀਰਲੇ ਸ਼ੁੱਕਰਵਾਰ ਲੋਕ ਅਦਾਲਤ ਲਗਾਈ ਜਾਂਦੀ ਹੈ। ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕੇ ਲੋਕ ਅਦਾਲਤ ਵਿੱਚ ਕੇਸ ਲਗਾਉਣ ਦਾ ਬਹੁਤ ਅਸਾਨ ਤਰੀਕਾ ਹੈ। ਲੋਕ ਅਦਾਲਤ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਕਿ ਇਸ ਦੇ ਫ਼ੈਸਲੇ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਇਸਦੇ ਫ਼ੈਸਲੇ ਦੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ, ਇਸ ਦੇ ਫ਼ੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਨਾਲ ਧਿਰਾਂ ਵਿੱਚ ਦੁਸ਼ਮਣੀ ਘਟਦੀ ਹੈ ਅਤੇ ਧਿਰਾਂ ਵਿੱਚ ਭਾਈਚਾਰਾ ਵਧਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲੇ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਮਿਲ ਜਾਂਦੀ ਹੈ।

## ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਸਰਕਾਰ ਵੱਲੋਂ ਆਏ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਾਂਗੇ: ਡੀਈਓ (ਐਲੀ:)

**ਵੇਰਕਾ (ਰਾਣਾ)**-ਜ਼ਿਲਾ ਅੰਮ੍ਰਿਤਸਰ ਅਧੀਨ ਆਉਂਦੇ ਸਮੂਹ ਸਰਕਾਰੀ (ਐਲੀ:) ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਛੇਤੀ ਹੀ ਪੂਰੀ ਕੀਤੀ ਜਾਵੇਗੀ।ਇਸ ਸੰਬੰਧੀ ਰਾਜ ਸਰਕਾਰ ਦੇ ਆਉਣ ਵਾਲੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਾਂਗੇ ਤਾਂ ਜੋ ਪੜ੍ਹਨ ਵਾਲੇ ਗਰੀਬ ਤੇ ਜਰੂਰਤਮੰਦ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋ ਸਕੇ। ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਸਦਕਾ ਕੋਈ ਵੀ ਵਿਦਿਆਰਥੀ ਉਤਮਤਾ ਸਿੱਖਿਆ ਗ੍ਰਹਿਣ ਕਰਨ ਤੋਂ ਵਾਂਝਾ ਨਾ ਰਹੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਵਨਿਯੁਕਤ ਹੋਏ ਡੀਈਓ (ਐਲੀ:) ਅੰਮ੍ਰਿਤਸਰ ਸੁਸ਼ੀਲ ਨਾਥ ਨੇ ਹੋਈ ਇੱਕ ਵਿਸ਼ੇਸ ਭੇਂਟਵਾਰਤਾ ਦੌਰਾਨ ਕੀਤਾ। ਉਨ੍ਹਾਂ ਆਖਿਆ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ ਸਕੂਲਾਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਮੁਫ਼ਤ ਵਿੱਦਿਆ ਦੇ ਨਾਲ-ਨਾਲ ਕਿਤਾਬਾਂ, ਵਰਦੀਆਂ ਅਤੇ ਮਿੱਡ-ਡੇ-ਮੀਲ ਸਕੀਮ ਤਹਿਤ ਪੌਸ਼ਟਿਕ ਭੋਜਨ, ਮੌਸਮੀ ਫਲ ਆਦਿ ਅਨੇਕਾਂ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆ ਹਨ। ਸਕੂਲਾਂ ਅੰਦਰ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਉੱਚ ਵਿੱਦਿਆ ਪ੍ਰਾਪਤ ਤਜਰਬੇਕਾਰ ਸਟਾਫ/ਟੀਚਰ ਭਰਤੀ ਕੀਤੇ ਗਏ ਹਨ। ਬੱਚਿਆਂ ਨੂੰ ਆਪਣੇ ਖੇਡਾਂ ਵਿੱਚ ਭਾਗ ਲੈਣ ਅਤੇ ਵਿਰਸੇ ਨਾਲ ਜੋੜਨ ਲਈ ਸੱਭਿਆਚਾਰਕ ਗਤੀਵਿਧੀਆਂ ਕਰਵਾਉਣ ਦਾ ਵੀ ਖਾਸ ਪ੍ਰਬੰਧ ਕੀਤਾ ਹੋਇਆ ਹੈ। ਪੇਂਡੂ ਖੇਤਰ ਨਾਲ ਸਬੰਧਤ ਸਕੂਲਾਂ ਵਿੱਚ ਬੱਚੇ ਪੜ੍ਹਾਉਣ ਲਈ ਟੀਚਰਾਂ ਦੀ ਘਾਟ ਨੂੰ ਸਰਕਾਰ ਵੱਲੋਂ ਛੇਤੀ ਪੂਰੀ ਕਰਨ ਦਾ ਭਰੋਸਾ ਦਿਵਾਉਂਦੇ ਹੋਏ, ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਵਿਭਾਗ ਦੇ ਉੱਚ-ਅਧਿਕਾਰੀਆਂ ਦੇ ਆਏ/ਆਉਣ ਵਾਲੇ ਆਦੇਸ਼ਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ। ਇਸ ਦੌਰਾਨ ਡੀਈਓ (ਐਲੀ:) ਅੰਮ੍ਰਿਤਸਰ ਸੁਸ਼ੀਲ ਨਾਥ ਨੇ ਬੀਤੇ ਸਮੇਂ ਵਿੱਚ ਐਚ.ਟੀ/ਸੀ.ਐਚ.ਟੀ ਦੀਆਂ ਪੱਦਉਨਤੀਆਂ ਕਰਨ ਮੌਕੇ ਹੋਈਆਂ ਬੇਨਿਯਮੀਆਂ, ਧਾਂਦਲੀਆਂ ਅਤੇ ਕਥਿਤ ਹੋਏ ਭ੍ਰਿਸ਼ਟਾਚਾਰ ਦੀ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਆਏ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:) ਅੰਮ੍ਰਿਤਸਰ ਵੱਲੋਂ ਕੀਤੀ ਜਾ ਰਹੀ ਜਾਂਚ-ਪੜਤਾਲ ਪ੍ਰਤੀ ਤਸੱਲੀ ਪ੍ਰਗਟਾਉਂਦੇ ਹੋਏ, ਨਿਕਟ ਭਵਿੱਖ ਵਿੱਚ ਉਕਤ ਤਰੱਕੀਆਂ ਪਾਰਦਰਸ਼ੀ ਢੰਗ ਨਾਲ ਨਿਯਮਾਂ/ਹਿਦਾਇਤਾਂ ਅਨੁਸਾਰ ਕਰਨ ਦਾ ਅਹਿਦ ਕੀਤਾ। ਇਸ ਮੌਕੇ ਬਲਾਕ ਸਿੱਖਿਆ ਦਫ਼ਤਰਾਂ ਨਾਲ ਸਬੰਧਤ ਅਧਿਆਪਕਾਂ ਦੇ ਅਧੂਰੇ/ਬਕਾਇਆ ਪਏ ਕੰਮ ਪਹਿਲ ਦੇ ਅਧਾਰ 'ਤੇ ਨਿਪਟਾਏ ਜਾਣਗੇ। ਉਨ੍ਹਾਂ ਜਿਲੇ ਦੇ ਸਮੂਹ ਟੀਚਰਾਂ ਨੂੰ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੰਮ ਕਰਵਾਉਣ ਬਦਲੇ ਰਿਸ਼ਵਤ ਨਾ ਦੇਣ ਅਤੇ ਸਹਿਯੋਗ ਕਰਨ ਲਈ ਅਪੀਲ ਕੀਤੀ।

## ਕੁੱਟਮਾਰ ਦੇ ਦੋਸ਼ ਤਹਿਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ਾਂ ਹੇਠ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਏ.ਐਸ.ਆਈ. ਤਿਲਕ ਰਾਜ ਨੇ ਦੱਸਿਆ ਕਿ ਪ੍ਰਿਥੀ ਪਾਲ ਪੁੱਤਰ ਕਰਮ ਚੰਦ ਵਾਸੀ ਸਾਧੂ ਚੱਕ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ 17 ਮਈ ਨੂੰ ਮੈਂ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜ੍ਹਾ ਸੀ ਕਿ ਕਾਕਾ ਮਸੀਹ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਕੁੱਟਮਾਰ ਕੀਤੀ। ਇਸ ਤੋਂ ਬਾਅਦ ਉਹ ਧਮਕੀਆਂ ਦਿੰਦਾ ਹੋਇਆ ਮੌਕੇ ਤੋਂ ਦੌੜ ਗਿਆ। ਪੀੜਤ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਰਿਹਾ ਹੈ। ਪੁਲਸ ਨੇ ਉਕਤ ਦੋਸ਼ੀ ਕਾਕਾ ਮਸੀਹ ਖ਼ਿਲਾਫ਼ ਜ਼ੇਰੇ ਧਾਰਾ 323, 325 ਅਤੇ 506 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

1-June-PAGE-4.qxd 5/31/2024 8:57 PM Page 1



# ਦਾਅਵੇ, ਹਕੀਕਤ ਤੇ ਸੰਸੇ

*ਲੋਕ ਸਭਾ ਚੋਣਾਂ ਦੇ ਅੰਤਮ ਗੇੜ ਦੀਆਂ 57 ਸੀਟਾਂ ਉੱਤੇ ਵੋਟਾਂ ਪੈਣ ਦਾ ਅਮਲ ਅੱਜ ਮੁਕੰਮਲ ਹੋ ਜਾਵੇਗਾ। ਨਤੀਜੇ ਭਾਵੇਂ 4 ਜੂਨ ਨੂੰ ਆਉਣੇ ਹਨ, ਪਰ ਹੁਣ ਤੋਂ ਹੀ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਭਾਜਪਾ ਦੀ ਅਗਵਾਈ ਵਾਲੇ ਐਨ ਡੀ ਏ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਜਪਾ ਭਾਵੇਂ 200 ਸੀਟਾਂ ਹੀ ਜਿੱਤੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਹੋਣਗੇ। ਦੂਜੇ ਪਾਸੇ ਇੰਡੀਆ ਗੱਠਜੋੜ ਦੇ ਆਗੂ ਕਹਿ ਰਹੇ ਹਨ ਕਿ ਜੇ ਐਨ ਡੀ ਏ 272 ਤੱਕ ਨਹੀਂ ਪੁੱਜਦਾ ਤਾਂ ਕਿਸੇ ਵੀ ਹਾਲਤ ਵਿੱਚ ਉਹ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਸਹੁੰ ਨਹੀਂ ਚੁੱਕਣ ਦੇਣਗੇ।*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਜਾਣ ਦੇ ਵਿਸ਼ਵਾਸ ਦਾ ਦਾਅਵਾ ਕਰ ਰਹੇ ਹਨ, ਪਰ ਚੋਣ ਪ੍ਰਚਾਰ ਦੌਰਾਨ ਉਨ੍ਹਾ ਦੇ ਬੌਖਲਾਹਟ ਵਿੱਚ ਦਿੱਤੇ ਬਿਆਨ ਇਸ ਨਾਲ ਮੇਲ ਨਹੀਂ ਖਾਂਦੇ। ਪ੍ਰਧਾਨ ਮੰਤਰੀ ਟੀ ਵੀ ਚੈਨਲਾਂ ਵਿੱਚ ਦਿੱਤੇ ਇੰਟਰਵਿਊਜ਼ ਵਿੱਚ ਵੀ ਇਹ ਵਾਰ-ਵਾਰ ਕਹਿੰਦੇ ਰਹੇ ਹਨ ਕਿ ਉਹ ਤੀਜੀ ਵਾਰ ਮੁੜ ਪ੍ਰਧਾਨ ਮੰਤਰੀ ਬਣਨਗੇ। ਉਨ੍ਹਾ ਦੇ ਦਾਅਵਿਆਂ ਨੇ ਲੋਕਾਂ ਵਿੱਚ ਇਹ ਸ਼ੱਕ ਪੈਦਾ ਕੀਤਾ ਹੈ ਕਿ ਵੋਟਿੰਗ ਮਸ਼ੀਨਾਂ ਰਾਹੀਂ ਧਾਂਦਲੀ ਹੋ ਸਕਦੀ ਹੈ, ਕਿਉਂਕਿ ਜ਼ਮੀਨੀ ਹਾਲਤ ਭਾਜਪਾ ਦੀ ਜਿੱਤ ਦੇ ਅਨੁਕੂਲ ਨਹੀਂ ਹਨ।*

*ਪ੍ਰਧਾਨ ਮੰਤਰੀ ਦੇ ਜਿੱਤ ਜਾਣ ਦੇ ਦਾਅਵੇ ਦੀ ਪੁਸ਼ਟੀ ਵਿੱਚ ਗੋਦੀ ਮੀਡੀਆ ਲਗਾਤਾਰ ਖਫਾਖੋ ਹੋ ਰਿਹਾ ਹੈ। ਇਸ ਧਾਰਨਾ ਨੂੰ ਅੱਗੇ ਵਧਾਉਣ ਲਈ ਪਿਛਲੇ ਕੁਝ ਦਿਨਾਂ ਦੌਰਾਨ ਹੀ ਮੋਦੀ ਵੱਖ-ਵੱਖ ਟੀ ਵੀ ਚੈਨਲਾਂ ਨੂੰ 70 ਇੰਟਰਵਿਊਜ਼ ਦੇ ਚੁੱਕੇ ਹਨ। ਟੀ ਵੀ ਚੈਨਲਾਂ ਉੱਤੇ ਦਿਨ-ਰਾਤ ਚੱਲਣ ਵਾਲੀਆਂ ਬਹਿਸਾਂ ਦਾ ਕੇਂਦਰ ਬਿੰਦੂ ਇੱਕੋ ਹੈ ਕਿ ਕੀ ਐਨ ਡੀ ਏ 400 ਸੀਟਾਂ ਤੋਂ ਪਾਰ ਜਾਵੇਗੀ ਜਾਂ ਨਹੀਂ। ਇੱਕ ਚੈਨਲ ਦੇ ਮਾਲਕ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਭਾਜਪਾ ਜੇਕਰ ਖਰਾਬ ਹਾਲਤ ਵਿੱਚ 200 ਸੀਟਾਂ 'ਤੇ ਸਿਮਟ ਜਾਂਦੀ ਹੈ ਤਾਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਬਣਨਗੇ।*

*ਪ੍ਰਧਾਨ ਮੰਤਰੀ ਤੇ ਸਾਰੇ ਗੋਦੀ ਮੀਡੀਆ ਚੈਨਲਾਂ ਦੇ ਦਾਅਵਿਆਂ ਦੇ ਉਲਟ ਕਾਂਗਰਸ ਪ੍ਰਧਾਨ ਖੜਗੇ ਤੇ ਰਾਹੁਲ ਗਾਂਧੀ ਚੋਣ ਰੈਲੀਆਂ ਵਿੱਚ ਜ਼ੋਰ-ਸ਼ੋਰ ਨਾਲ ਕਹਿੰਦੇ ਰਹੇ ਹਨ ਕਿ ਅਗਲੀ ਸਰਕਾਰ ਇੰਡੀਆ ਗੱਠਜੋੜ ਦੀ ਹੀ ਬਣੇਗੀ। ਪਹਿਲਾਂ ਰਾਹੁਲ ਨੇ ਭਾਜਪਾ ਦੇ 180 ਸੀਟਾਂ ਤੇ ਮੁੜ 150 ਤੱਕ ਸਿਮਟ ਜਾਣ ਦਾ ਐਲਾਨ ਕੀਤਾ ਸੀ। ਕਾਂਗਰਸ ਦੇ ਜਨਰਲ ਸਕੱਤਰ ਜੈ ਰਾਮ ਰਮੇਸ਼ ਦਾਅਵਾ ਕਰਦੇ ਹਨ ਕਿ ਇੰਡੀਆ ਗੱਠਜੋੜ ਨੂੰ 350 ਸੀਟਾਂ ਮਿਲਣਗੀਆਂ। ਕਾਂਗਰਸ ਪੂਰੇ ਚੋਣ ਪ੍ਰਚਾਰ ਦੌਰਾਨ ਭਾਜਪਾ ਉੱਤੇ ਹਾਵੀ ਰਹੀ ਹੈ। ਇੰਡੀਆ ਦੇ ਬਾਕੀ ਭਾਈਵਾਲ ਵੀ ਪੂਰੀ ਤਰ੍ਹਾਂ ਭਾਜਪਾ ਉੱਤੇ ਹਮਲਾਵਰ ਰਹੇ ਹਨ।*

*ਇੰਡੀਆ ਦੀ ਏਕਤਾ ਨੂੰ ਦਿਖਾਉਣ ਲਈ ਗੱਠਜੋੜ ਦੀ ਅੱਜ ਮੀਟਿੰਗ ਹੋ ਰਹੀ ਹੈ। ਮਮਤਾ ਨੇ ਸਮੁੰਦਰੀ ਤੂਫ਼ਾਨ ਤੇ ਆਖਰੀ ਗੇੜ ਦੀਆਂ ਵੋਟਾਂ ਕਾਰਨ ਆਉਣ ਤੋਂ ਅਸਮਰਥਤਾ ਪ੍ਰਗਟ ਕੀਤੀ ਹੈ, ਪਰ ਬਾਕੀ ਸਾਰਿਆਂ ਨੇ ਆਉਣ ਦੀ ਹਾਮੀ ਭਰੀ ਹੈ। ਮੀਟਿੰਗ ਦਾ ਸਾਰਾ ਫੋਕਸ ਇਸ ਗੱਲ 'ਤੇ ਹੋਵੇਗਾ ਕਿ ਜੇਕਰ ਐਨ ਡੀ ਏ ਬਹੁਮਤ ਤੱਕ ਨਹੀਂ ਪੁੱਜਦਾ ਤਦ ਦੋਹਾਂ ਗੱਠਜੋੜਾਂ ਤੋਂ ਬਾਹਰਲੇ ਦਲਾਂ ਨੂੰ ਭਾਜਪਾ ਵੱਲ ਜਾਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ।*

*ਛੇਵੇਂ ਗੇੜ ਤੋਂ ਬਾਅਦ ਇਹ ਚਰਚਾਵਾਂ ਵੀ ਸ਼ੁਰੂ ਹੋ ਗਈਆਂ ਸਨ ਕਿ ਮੋਦੀ ਚੋਣ ਹਾਰਨ ਤੋਂ ਬਾਅਦ ਵੀ ਸੌਖੀ ਤਰ੍ਹਾਂ ਗੱਦੀ ਨਹੀਂ ਛੱਡਣਗੇ। ਥਲ ਸੈਨਾ ਦੇ ਮੁਖੀ ਦੇ ਕਾਰਜਕਾਲ ਨੂੰ ਵਧਾਉਣ, ਸੰਸਦ ਦੀ ਸੁਰੱਖਿਆ ਏਜੰਸੀ ਬਦਲਣ ਤੇ ਨੌਕਰਸ਼ਾਹਾਂ ਦੇ ਵੱਡੀ ਪੱਧਰ 'ਤੇ ਤਬਾਦਲਿਆਂ ਨੇ ਇਨ੍ਹਾਂ ਖਦਸ਼ਿਆਂ ਨੂੰ ਤਕੜਾ ਕੀਤਾ ਹੈ। ਨਾਗਰਿਕ ਸੰਸਥਾਵਾਂ ਨੇ ਅਜਿਹੀ ਕਿਸੇ ਵੀ ਕੋਸ਼ਿਸ਼ ਵਿਰੁੱਧ ਸੜਕਾਂ ਉਤੇ ਉਤਰਨ ਦਾ ਫ਼ੈਸਲਾ ਕੀਤਾ ਹੈ। ਆਸ ਹੈ ਕਿ ਇੰਡੀਆ ਗੱਠਜੋੜ ਦੀ ਮੀਟਿੰਗ ਵਿੱਚ ਵੀ ਅਜਿਹੀ ਹਾਲਤ ਬਣ ਜਾਣ 'ਤੇ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਚਾਰ ਕੀਤੀ ਜਾਵੇਗੀ।*

# ਫਲਸਤੀਨੀਆਂ ਦੇ ਕਤਲੇਆਮ 'ਚ ਹਿੱਸਾ ਪਾ ਰਹੀ ਹੈ ਮੋਦੀ ਸਰਕਾਰ

**ਨਰਭਿੰਦਰ**

ਮੋਦੀ ਦਾ ਖ਼ੂਨੀ ਚਿਹਰਾ ਇਕ ਵਾਰ ਫੇਰ ਬੇਪੜਦ ਹੋਇਆ ਹੈ। ਜਦੋਂ ਦੇਸ਼ ਭਰ ਦਾ ਮੀਡੀਆ ਤੇ ਲੋਕ ਚੋਣਾਂ ਦੇ ਦੰਗਲ 'ਚ ਨਕਲੀ ਬਾਕਸਿੰਗ ਖੇਡ ਰਹੇ ਹਨ, ਐਨ ਉਸੇ ਸਮੇਂ ਇਕ ਬਹੁਤ ਅਹਿਮ ਖ਼ਬਰ ਨੂੰ ਪ੍ਰਿੰਟ ਤੇ ਇਲੈਕਟਰਾਨਿਕ ਮੀਡੀਆ ਨੇ ਛੁਪਾ ਲਿਆ ਹੈ। ਪਿਛਲੀ 17 ਮਈ ਨੂੰ ਦੁਨੀਆ ਦੇ ਅਖ਼ਬਾਰਾਂ ਵਿੱਚ ਇਕ ਛੋਟੀ ਜਿਹੀ ਖ਼ਬਰ ਛਪੀ ਕਿ ਭਾਰਤ ਦਾ ਇਕ ਸਮੁੰਦਰੀ ਜਹਾਜ਼ ਜਿਸ ਵਿੱਚ 27 ਟਨ ਗੋਲਾ-ਬਰੂਦ ਭਰਿਆ ਸੀ, ਸਪੇਨ ਦੀ ਬਾਰਸੀਲੋਨਾ ਬੰਦਰਗਾਹ 'ਤੇ ਰੋਕ ਲਿਆ ਗਿਆ ਹੈ। ਇਹ ਖ਼ਬਰ ਵਿਦੇਸ਼ੀ ਅਖ਼ਬਾਰਾਂ ਵਿੱਚ ਵੀ ਛਪੀ ਸੀ ਅਤੇ ਭਾਰਤ ਦੇ 'ਦਾ ਟ੍ਰਿਬਿਊਨ' ਚੰਡੀਗੜ੍ਹ ਇੰਡੀਅਨ ਐਕਸਪ੍ਰੈੱਸ, ਹਿੰਦੋਸਤਾਨ ਟਾਈਮਜ਼, ਐੱਨ ਡੀ ਟੀ ਵੀ ਵਿੱਚ ਵੀ ਨਸ਼ਰ ਹੋਈ, ਪਰ ਭਾਰਤੀ ਲੋਕਾਂ ਤੱਕ ਇਹ ਨਹੀਂ ਪਹੁੰਚੀ। ਦੂਸਰੇ ਦਿਨ ਇਹ ਗਾਇਬ ਹੋ ਗਈ। ਕਿਉਂ ਗਾਇਬ ਹੋਈ, ਇਹ ਸੁਆਲ ਦਾ ਜੁਆਬ ਤੁਸੀਂ ਲੱਭਣਾ ਹੈ। ਇਸ 'ਤੇ ਡੈਨਮਾਰਕ ਦਾ ਝੰਡਾ ਸੀ ਅਤੇ ਇਹਨੇ ਭਾਰਤੀ ਕੰਪਨੀ ਸਿਧਾਰਥ ਲਾਜਿਸਟਿਕਸ ਕੰਪਨੀ ਦਾ ਮਾਲ (ਗੋਲਾ-ਬਾਰੂਦ) ਲੱਦਿਆ ਹੋਇਆ ਸੀ, ਜੋ ਇਜ਼ਰਾਈਲ ਕਾਰਗੋ ਨੇ ਹਾਸਲ ਕਰਨਾ ਸੀ।

ਹਕੀਕਤ ਇਹ ਕਿ ਚੇਨੱਈ (ਭਾਰਤ) ਦੀ ਬੰਦਰਗਾਹ ਤੋਂ 'ਮੇਰੀਯਨ ਡੇਨਿਕਾ' ਨਾਂਅ ਦਾ ਇੱਕ ਸਮੁੰਦਰੀ ਜਹਾਜ਼ ਇਜ਼ਰਾਈਲ ਦੀ ਹਾਈਫਾ ਬੰਦਰਗਾਹ ਲਈ ਰਵਾਨਾ ਹੋਇਆ। ਭਾਰਤ ਤੋਂ ਇਜ਼ਰਾਈਲ ਜਾਣ ਲਈ ਸਿੱਧਾ ਰਸਤਾ ਅਰਬ ਸਾਗਰ ਰਾਹੀਂ ਲਾਲ ਸਾਗਰ ਵਿੱਚ ਦਾਖ਼ਲ ਹੋ ਕੇ ਪੈਂਦਾ ਹੈ। ਪਰ ਇਹ ਜਹਾਜ਼ ਸਿੱਧੇ ਰਾਹ ਨਹੀਂ ਗਿਆ। ਇਹਨੇ ਵਿੰਗਾ-ਟੇਢਾ ਰਾਹ ਚੁਣਿਆ। ਇਹ ਯੂਰਪ ਦਾ ਚੱਕਰ ਲਾ ਕੇ ਜਾ ਰਿਹਾ ਸੀ ਕਿ ਇਹਨੂੰ ਰਸਤੇ ਵਿੱਚ ਸਪੇਨ ਦੀ ਬੰਦਰਗਾਹ ਬਾਰਸੀਲੋਨਾ ਉਤੇ ਲੰਗਰ ਸੁੱਟ ਕੇ ਰੁਕਣ ਲਈ ਮਜਬੂਰ ਹੋਣਾ ਪਿਆ। ਇਹਨੇ ਉੱਥੋਂ ਦੀ ਬੰਦਰਗਾਹ ਅਧਿਕਾਰੀਆਂ (ਅਥਾਰਟੀ) ਕੋਲੋਂ ਰੁਕਣ ਦੀ ਇਜਾਜ਼ਤ ਮੰਗੀ। ਅਥਾਰਟੀ ਨੇ ਮਾਲ ਚੈੱਕ ਕੀਤਾ ਅਤੇ ਉਹ ਹੈਰਾਨ ਰਹਿ ਗਏ ਕਿ ਇਹਦੇ ਵਿਚਲਾ 27 ਟਨ ਮਾਲ ਗੋਲਾ-ਬਾਰੂਦ ਸੀ। ਜੋ ਖ਼ਤਰਨਾਕ ਤੇ ਤਬਾਹਕੁੰਨ ਬਰੂਦ ਵਿੱਚ ਆਉਂਦਾ ਹੈ। ਇਹ ਭਾਰਤੀ ਖ਼ਤਰਨਾਕ ਬਾਰੂਦ ਇਜ਼ਰਾਈਲ ਜਾ ਰਿਹਾ ਸੀ। ਸਪੇਨ ਨੇ ਕਿਹਾ ਕਿ ਇਜ਼ਰਾਈਲ ਕੋਲ ਤਾਂ ਪਹਿਲਾਂ ਹੀ ਬਰੂਦ ਦੇ ਢੇਰ ਲੱਗੇ ਪਏ ਹਨ, ਇਹ ਹੋਰ ਘਾਤਕ ਹਥਿਆਰ ਕਿਸ ਲਈ ਭਾਰਤ ਭੇਜ ਰਿਹਾ ਹੈ। ਇਹ ਹਥਿਆਰ ਭੇਜਣ ਦਾ ਫੈਸਲਾ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਦਾ ਸੀ ਤੇ ਹੈ, ਜਿਹੜੀ ਇਜ਼ਰਾਈਲ ਨਾਲ ਦੋਸਤੀ ਨਿਭਾਅ ਰਹੀ ਹੈ ਅਤੇ ਦੁਨੀਆ ਜਾਣਦੀ ਹੈ ਕਿ ਇਜ਼ਰਾਈਲ ਪਿਛਲੇਰੇ 7 ਮਹੀਨੇ ਤੋਂ ਫਲਸਤੀਨੀ ਲੋਕਾਂ ਦਾ ਖੁਰਾ-ਖੋਜ ਮਿਟਾਉਣ ਲਈ ਉਥੇ ਜਿਹੜੀ ਤਬਾਹੀ ਮਚਾ ਰਿਹਾ ਹੈ, ਦੁਨੀਆਂ ਦੇ ਲੋਕ ਇਸ ਦੇ ਵਿਰੋਧ 'ਚ ਸੜਕਾਂ 'ਤੇ ਉੱਤਰੇ ਹੋਏ ਹਨ।

ਸਪੇਨ ਨੇ ਕਿਹਾ ਕਿ ਮਿਡਲ ਈਸਟ ਨੂੰ ਹਥਿਆਰਾਂ ਦੀ ਨਹੀਂ, ਸ਼ਾਂਤੀ ਦੀ ਲੋੜ ਹੈ। ਅਸੀਂ (ਸਪੇਨ) ਇਸ ਅਨਰਥ ਵਿੱਚ ਭਾਈਵਾਲ ਨਹੀਂ ਬਣ ਸਕਦੇ। ਤੁਹਾਡੇ ਇਸ ਮਨੁੱਖਤਾਘਾਤੀ ਕੰਮ ਲਈ ਸਾਡੀ ਬੰਦਰਗਾਹ ਨਹੀਂ ਬਣੀ। ਜਿਹੜੀ ਰਿਪੋਰਟ ਬਾਹਰ ਆਈ, ਉਸ ਤੋਂ ਇਹ ਵੀ ਪਤਾ ਲੱਗਾ ਕਿ ਇਹ ਸਮੁੰਦਰੀ ਜਹਾਜ਼ 16 ਤੋਂ 21 ਮਈ ਤੱਕ ਸਪੇਨ ਦੀ ਬਾਰਸੀਲੋਨਾ ਬੰਦਰਗਾਹ ਉਤੇ ਹੀ ਖਲੋਤਾ ਵੇਖਿਆ ਗਿਆ।

ਮੋਦੀ ਸਰਕਾਰ ਨੇ ਇਹ ਤਬਾਹਕਰੂ ਗੋਲਾ-ਬਾਰੂਦ ਸਿੱਧੇ ਰਾਹ ਅਰਬ ਸਾਗਰ ਤੇ ਲਾਲ ਸਾਗਰ ਰਾਹੀਂ ਇਜ਼ਰਾਈਲ ਨੂੰ ਕਿਉਂ ਨਹੀਂ ਭੇਜਿਆ। ਇਹ ਲੰਮਾ, ਟੇਢਾ, ਮੇਢਾ ਤੇ ਖਰਚੀਲਾ ਰਾਹ ਕਿਉਂ ਚੁਣਿਆ। ਸਾਫ਼ ਹੈ ਕਿ ਇਹ ਕੰਮ ਜਾਂ ਧੰਦਾ ਚੋਰੀ-ਛਿਪੇ ਕੀਤਾ ਜਾ ਰਿਹਾ ਸੀ ਤੇ ਹੈ। ਇਹ ਮੋਦੀ ਸਰਕਾਰ ਦੀ ਕਾਰਜਸ਼ੈਲੀ ਦਾ ਹਿੱਸਾ ਹੈ। ਭਾਵ ਚੇਨੱਈ ਤੋਂ ਯੂਰਪ ਦੇ ਰਾਹ ਭੇਜਿਆ ਤੇ ਉਥੋਂ ਇਜ਼ਰਾਈਲ ਭਾਵ ਕਿਸੇ ਨੂੰ ਸੂਹ ਨਾ ਲੱਗੇ ਕਿ ਮੋਦੀ ਇਜ਼ਰਾਈਲ ਨੂੰ ਭੇਜ ਰਿਹਾ ਹੈ, ਕਿਉਂਕਿ ਸਾਰੀ ਦੁਨੀਆ ਦੇ ਇਨਸਾਫ਼-ਪਸੰਦ ਲੋਕ ਇਜ਼ਰਾਈਲ, ਅਮਰੀਕਾ ਤੇ ਬਰਤਾਨੀਆ ਵੱਲੋਂ ਗਾਜ਼ਾ ਪੱਟੀ ਵਿੱਚ ਪਿਛਲੇਰੇ 7 ਮਹੀਨਿਆਂ ਤੋਂ ਕੀਤੇ ਜਾ ਰਹੇ ਨਰਸੰਹਾਰ ਤੇ ਭਿਆਨਕ ਤਬਾਹੀ ਦੇ ਮੰਜ਼ਰ ਦੇ ਵਿਰੋਧ ਵਿੱਚ ਆਵਾਜ਼ ਉਠਾ ਰਹੇ ਹਨ। ਇਹ ਉਨ੍ਹਾਂ ਤੋਂ ਚੋਰੀ-ਛਿਪੇ ਵੀ ਸੀ ਅਤੇ ਅਰਬ ਦੇਸ਼ਾਂ ਵਿੱਚ ਜਿੱਥੇ ਕਰੋੜਾਂ ਭਾਰਤੀ ਲੋਕ ਕੰਮ ਕਰਦੇ ਹਨ, ਤੋਂ ਪਾਸੇ ਪਾਸੇ ਲੰਘਣ ਦੀ ਮੁਸਤੈਦੀ ਵੀ ਸੀ ਅਤੇ ਅਰਬ ਸ਼ੇਖਾਂ ਤੋਂ ਵੀ ਛੁਪਾ ਕੇ ਇਹ ਕੰਮ ਕਰਨ ਦੀ ਚਲਾਕੀ ਵੀ, ਕਿਉਂਕਿ ਮੋਦੀ ਨੇ ਜਿਯਨਵਾਦੀ ਫਾਸ਼ਿਸ਼ਟ ਖ਼ੂਨੀ ਬਘਿਆੜਾਂ (ਇਜ਼ਰਾਈਲੀ ਹਾਕਮਾਂ) ਨਾਲ ਯਰਾਨਾ ਵੀ ਪਾਲਣਾ ਸੀ ਤੇ ਇਸ ਲਈ ਵਿੰਗਾ-ਟੇਢਾ ਰਾਹ ਹੀ ਚੁਣਨਾ ਮਜਬੂਰੀ ਸੀ। ਇਹਦੇ ਪਿੱਛੇ ਇਕ ਹੋਰ ਡਰ ਵੀ ਸੀ ਕਿ ਉਹ ਸੀ ਯਮਨ ਦੇ ਲੜਾਕੂ ਹੋਤੀ ਸਮੂਹ ਦੀਆਂ ਅੱਖਾਂ ਤੋਂ ਬਚਾ ਕੇ ਲੰਘਣਾ। ਯਮਨ ਦੇ ਲੜਾਕੂ ਹੋਤੀ ਸਮੂਹ ਨੇ ਇਨਸਾਫ਼ ਨਾਲ ਖਲੋਣ ਦੇ ਐਲਾਨ ਕੀਤੇ ਹੋਏ ਹਨ। ਉਹ ਲੜਾਕੂ, ਇਜ਼ਰਾਈਲ ਅਤੇ ਉਹਦੇ ਨਾਲ ਇਸ ਭਿਅੰਕਰ ਅਪਰਾਧ ਵਿੱਚ ਯਾਰੀ ਪੁਗਾਉਣ ਵਾਲੇ ਉਨ੍ਹਾਂ ਦੀਆਂ ਅੱਖਾਂ ਵਿੱਚ ਰੜਕਦੇ ਹਨ। ਉਨ੍ਹਾਂ ਸਾਫ਼ ਐਲਾਨ ਕੀਤਾ ਹੋਇਆ ਹੈ ਕਿ ਉਹ ਇਜ਼ਰਾਈਲ ਨਾਲ ਯਾਰੀ ਰੱਖਣ ਵਾਲਿਆਂ ਦੇ ਆਰਥਿਕ ਹਿੱਤਾਂ ਉੱਤੇ ਸੱਟ ਮਾਰਨਗੇ ਜਾਂ ਨਿਸ਼ਾਨਾ ਬਣਾਉਣਗੇ। ਉਨ੍ਹਾਂ ਦਾ ਆਪਣੇ ਕੌਮੀ ਸਨਮਾਨ ਤੇ ਹੋਂਦ ਲਈ ਲੜ ਰਹੇ ਫਲਸਤੀਨੀਆਂ ਨੂੰ ਹਮਾਇਤ ਤੇ ਸਾਥ ਦੇਣ ਦਾ ਆਪਣਾ ਹੀ ਤਰੀਕਾ ਹੈ। ਸੋ ਲਾਲ ਸਾਗਰ ਰਾਹੀਂ ਅਜਿਹੇ ਸਮੁੰਦਰੀ ਜਹਾਜ਼ਾਂ ਦਾ ਲੰਘਣਾ ਕੋਈ ਆਸਾਨ ਕੰਮ ਨਹੀਂ। ਨਿਸ਼ਾਨੇ ਉਤੇ ਆਉਣ ਦਾ ਖਦਸ਼ਾ ਸੀ ਤੇ ਹੈ। ਯਮਨ ਦੇ ਇਹ ਲੜਾਕੂ ਸਮੁੰਦਰੀ ਲੜਾਈ ਦੇ ਮਾਹਰ ਹਨ, ਉਨ੍ਹਾਂ ਦੀ ਮਾਰ ਹੇਠਲੇ ਰਾਹਾਂ ਵਿੱਚੋਂ ਤਾਂ ਅਮਰੀਕੀ ਵੀ ਸਮੁੰਦਰੀ ਜਹਾਜ਼ ਲਿਜਾਣ ਤੋਂ ਖ਼ੌਫ਼ ਖਾਂਦੇ ਹਨ। ਭਾਰਤ ਕੀਹਦਾ ਪਾਣੀ ਹਾਰ ਹੈ।

ਮੀਡੀਆ ਨੇ ਜਦੋਂ ਵਿਦੇਸ਼ ਮੰਤਰਾਲੇ ਤੋਂ ਇਸ ਦੀ ਜਾਣਕਾਰੀ ਮੰਗੀ ਕਿ ਕੀ ਸਪੇਨ ਦੀ ਬੰਦਰਗਾਹ ਉਤੇ ਭਾਰਤੀ ਸਮੁੰਦਰੀ ਜਹਾਜ਼ ਰੋਕਿਆ ਗਿਆ ਹੈ ਤਾਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰੰਧੀਰ ਜਾਇਸਵਾਲ ਨੇ ਕਿਹਾ, "ਇੰਡੀਅਨ ਸਰਕਾਰ ਨੂੰ ਇਹ ਜਾਣਕਾਰੀ ਹੈ ਕਿ ਸਪੇਨ ਦੀ ਬਾਰਸੀਲੋਨਾ ਬੰਦਰਗਾਹ ਉਤੇ ਉਥੋਂ ਦੇ ਅਧਿਕਾਰੀਆਂ ਨੇ ਇਕ ਮਾਲ ਨਾਲ ਲੱਦੇ ਸਮੁੰਦਰੀ ਜਹਾਜ਼ ਨੂੰ ਸਹੂਲਤਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਵਿੱਚ ਉਹ ਸਾਰੇ ਸੁਆਲ ਲੁਕੋ ਗਿਆ ਕਿ, ਇਸ ਜਹਾਜ਼ ਵਿੱਚ ਮਾਲ ਕੀ ਸੀ? ਇਹ ਸਿੱਧੇ ਰਾਹ ਜਾਣ ਦੀ ਥਾਂ ਲੰਬੇ ਤੇ ਵਿੰਗੇ-ਟੇਢੇ ਰਾਹ ਕਿਉਂ ਗਿਆ? ਇਹ ਹਥਿਆਰ ਚੋਰੀ-ਛਿਪੇ ਇਜ਼ਰਾਈਲ ਨੂੰ ਕਿਉਂ ਭੇਜੇ ਜਾ ਰਹੇ ਸਨ?

ਡਾਕ ਵਰਕਰ ਯੂਨੀਅਨ ਨੇ ਸਾਫ਼ ਕਹਿ ਦਿੱਤਾ ਕਿ ਸਾਡਾ ਕੋਈ ਵੀ ਮਜ਼ਦੂਰ ਇਨ੍ਹਾਂ ਤਬਾਹਕਰੂ ਘਾਤਕ ਹਥਿਆਰਾਂ ਨੂੰ ਨਹੀਂ ਛੂਹੇਗਾ। ਇਹ ਉਹੀ ਗੋਲਾ-ਬਾਰੂਦ ਹੈ, ਜਿਹਦੇ ਨਾਲ ਗਾਜ਼ਾ ਪੱਟੀ ਵਿੱਚ ਮਾਸੂਮ ਬੱਚਿਆਂ ਦੀਆਂ ਜਾਨਾਂ ਲਈਆਂ ਜਾਣਗੀਆਂ। ਇਹ ਖ਼ੂਨੀ ਇਜ਼ਰਾਈਲ ਨੂੰ ਹੋਰ ਵਹਿਸ਼ੀ ਤੇ ਖ਼ੂਨੀ ਬਣਾਉਣ ਵਾਲਾ ਭਾਰਤੀ 'ਮਾਲ' ਹੈ। ਅਸੀਂ ਕੋਈ ਵੀ ਹਥਿਆਰ ਇਥੋਂ ਨਹੀਂ ਜਾਣ ਦਿਆਂਗੇ। ਇਸ ਮਾਮਲੇ ਵਿੱਚ ਯੂਨੀਅਨ ਨੇ ਇਕ ਮਹੱਤਵਪੂਰਨ ਬਿਆਨ ਵੀ ਜਾਰੀ ਕੀਤਾ, ਜਿਹੜਾ ਵਿਸ਼ਵ ਦੇ ਮਜ਼ਦੂਰਾਂ ਤੇ ਇਨਸਾਫ਼-ਪਸੰਦ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ।

"ਦੁਨੀਆ ਵਿੱਚ ਕਿਤੇ ਵੀ ਜ਼ੁਰਮ ਹੋਵੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੋਵੇ, ਤਾਂ ਉਹਨੂੰ ਰੋਕਣਾ, ਨਾ ਹੋਣ ਦੇਣਾ, ਹਰ ਮਜ਼ਦੂਰ ਦਾ ਫ਼ਰਜ਼ ਹੈ। ਇਜ਼ਰਾਈਲ ਫਲਸਤੀਨ ਉੱਤੇ ਜ਼ੁਲਮ ਦੀ ਇਤਿਹਾ ਪਾਰ ਕਰ ਚੁੱਕਾ ਹੈ। ਅਸੀਂ ਇਨ੍ਹਾਂ ਭਾਰਤੀ ਹਥਿਆਰਾਂ ਨੂੰ ਇਜ਼ਰਾਈਲ ਵੱਲ ਇੱਕ ਇੰਚ ਵੀ ਅੱਗੇ ਨਹੀਂ ਜਾਣ ਦਿਆਂਗੇ।" ਐਨਾ ਹੀ ਨਹੀਂ, ਯੂਨੀਅਨ ਨੇ ਅੱਗੇ ਵੀ ਕਿਹਾ ਕਿ, "ਅਸੀਂ ਦੁਨੀਆ ਭਰ ਦੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਪਿਛਲੇ 7 ਮਹੀਨਿਆਂ ਤੋਂ ਇਜ਼ਰਾਈਲ ਵੱਲੋਂ ਫਲਸਤੀਨੀਆ ਦੀ ਕੀਤੀ ਜਾ ਰਹੀ ਨਸਲਕੁਸ਼ੀ ਰੋਕਣ ਲਈ ਅੱਗੇ ਆਉਣ। ਨਾਲ ਹੀ ਦੁਨੀਆ ਭਰ ਦੇ ਮਜ਼ਦੂਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਜ਼ੁਲਮ ਤੇ ਨਰਸੰਹਾਰ ਨੂੰ ਰੋਕਣ ਲਈ ਆਵਾਜ਼ ਉਠਾਉਣ ਤੇ ਆਪਣੀਆਂ ਸਰਕਾਰਾਂ ਉੱਤੇ ਦਬਾਅ ਪਾਉਣ। ਇਹ ਜ਼ਿੰਮੇਵਾਰੀ ਸਾਡੀ ਮਜ਼ਦੂਰਾਂ ਦੀ ਹੈ। ਅਸੀਂ ਮਜ਼ਦੂਰਾਂ ਨੂੰ ਆਪਣਾ ਫਰਜ਼ ਪੂਰਾ ਕਰਨ ਦਾ ਸੱਦਾ ਦਿੰਦੇ ਹਾਂ।"

ਯੂਨੀਅਨ ਦੇ ਇਸ ਫੈਸਲੇ ਨੇ ਮੋਦੀ ਹਕੂਮਤ ਦੇ ਸ਼ਰੀਫ਼ ਲਬਾਦੇ ਹੇਠ ਛਿਪੇ ਵਹਿਸ਼ੀ ਚਿਹਰੇ ਨੂੰ ਲੀਰੋ-ਲੀਰ ਕਰ ਦਿੱਤਾ ਹੈ।

ਉਧਰ ਸਪੇਨ ਨੇ ਬੜੀ ਕਾਹਲੀ ਨਾਲ ਫਲਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕਰ ਦਿੱਤਾ ਹੈ। ਇਹ ਬਾਰਸੀਲੋਨਾ ਡਾਕ ਵਰਕਰ ਯੂਨੀਅਨ ਤੇ ਹੋਰ ਟਰੇਡ ਯੂਨੀਅਨਾਂ ਤੇ ਮਜ਼ਦੂਰ ਸੰਗਠਨਾਂ ਦੇ ਗੁੱਸੇ ਨੂੰ ਠੰਢਾ ਕਰਨ ਤੇ ਉਨ੍ਹਾਂ ਦੇ ਦਬਾਅ ਕਰਕੇ ਲਿਆ ਫੈਸਲਾ ਹੈ। ਸਪੇਨ ਦੀ ਸਰਕਾਰ ਨੂੰ ਇਹ ਵੀ ਖ਼ਦਸ਼ਾ ਸੀ ਕਿ ਇਹ ਨਾਹਰਾ ਦੁਨੀਆ ਭਰ ਦੇ ਮਜ਼ਦੂਰਾਂ ਵਿੱਚ ਨਾ ਫੈਲ ਜਾਵੇ। ਇਹਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਉਧਰ ਸਪੇਨ ਦੇ ਵਿਦੇਸ਼ ਮੰਤਰੀ ਜੋਗ ਮੈਨੁਅਲ ਅਲਬੇਰੇਗ ਨੇ ਕਿਹਾ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ, ਜਦੋਂ ਅਸੀਂ ਹਥਿਆਰਾਂ ਦੇ ਜਹਾਜ਼ ਨੂੰ ਰੋਕਿਆ ਹੈ।

ਇਸ ਘਟਨਾ ਤੋਂ ਚੰਦ ਦਿਨ ਪਹਿਲਾਂ ਬੈਲਜੀਅਮ ਟਰਾਂਸਪੋਰਟ ਯੂਨੀਅਨ ਨੇ ਵੀ ਇਜ਼ਰਾਈਲ ਨੂੰ ਜਾਰੀ ਹਥਿਆਰਾਂ ਦੀ ਖੇਪ ਨੂੰ, ਜਿਹੜੀ ਬੈਲਜੀਅਮ ਬੰਦਰਗਾਹ ਰਾਹੀਂ ਲੰਘਣ ਵਾਲੀ ਸੀ, ਰੋਕ ਦਿੱਤਾ ਸੀ। ਉਨ੍ਹਾਂ ਦੀ ਯੂਨੀਅਨ ਦਾ ਬਿਆਨ ਹੋਰ ਵੀ ਕਾਬਲੇਗੌਰ ਹੈ।

"ਜਦੋਂ ਰਾਜਾਂ ਵਿੱਚ ਨਰਸੰਹਾਰ ਚੱਲ ਰਿਹਾ ਹੈ, ਉਸ ਸਮੇਂ ਅਸੀਂ ਵੇਖ ਰਹੇ ਹਾਂ ਕਿ ਇਜ਼ਰਾਈਲ ਨੂੰ ਹੋਰ ਹਥਿਆਰ ਦਿੱਤੇ ਜਾ ਰਹੇ ਹਨ। ਅਸੀਂ ਇਹ ਨਹੀਂ ਹੋਣ ਦਿਆਂਗੇ।" ਬੈਲਜੀਅਮ ਟਰਾਂਸਪੋਰਟ ਵਰਕਰ ਯੂਨੀਅਨ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ, "ਇਹ ਜ਼ਮੀਨ ਉਤੇ ਆਕਾਸ਼ ਰਾਹੀਂ ਜਾਂ ਸਮੁੰਦਰੀ ਮਾਰਗ ਰਾਹੀਂ ਕਿਸੇ ਵੀ ਟਰਾਂਸਪੋਰਟ ਰਾਹੀਂ ਇਜ਼ਰਾਈਲ ਨੂੰ ਜੰਗੀ ਸਾਜ਼ੋ-ਸਾਮਾਨ ਤੇ ਗੋਲਾ-ਬਾਰੂਦ ਭੇਜਣ ਦੇ ਸੰਬੰਧ ਵਿੱਚ ਸਾਰੀਆਂ ਟਰਾਂਸਪੋਰਟ ਵਰਕਰ ਯੂਨੀਅਨਾਂ ਦਾ ਫ਼ੈਸਲਾ ਹੈ ਕਿ ਅਸੀਂ ਇਜ਼ਰਾਈਲ ਨੂੰ ਜਾਣ ਵਾਲੇ ਹਥਿਆਰਾਂ ਨੂੰ ਨਾ ਸਿਰਫ਼ ਟਰੱਕਾਂ ਵਿੱਚ ਲੋਡ ਕਰਾਂਗੇ ਸਗੋਂ ਹਵਾਈ ਜਹਾਜ਼ਾਂ ਤੇ ਸਮੁੰਦਰੀ ਜਹਾਜ਼ਾਂ ਵਿੱਚ ਵੀ ਲੋਡ ਨਹੀਂ ਕਰਾਂਗੇ, ਸਗੋਂ ਉਨ੍ਹਾਂ ਹਥਿਆਰਾਂ ਨੂੰ ਜਾਣ ਤੋਂ ਵੀ ਰੋਕਾਂਗੇ। ਅਜਿਹਾ ਹੀ ਫ਼ੈਸਲਾ ਅਸੀਂ ਰੂਸ-ਯੂਕਰੇਨ ਯੁੱਧ ਵਿੱਚ ਰੂਸ ਜਾਂ ਯੂਕਰੇਨ ਕਿਸੇ ਵੀ ਦੇਸ਼ ਵਿੱਚ ਜਾਣ ਵਾਲੇ ਹਥਿਆਰਾਂ ਨੂੰ ਰੋਕਣ ਦੇ ਲਈ ਲਿਆ ਹੈ।" ਇਹ ਇਕ ਸ਼ਾਨਦਾਰ ਪਹਿਲਕਦਮੀ ਹੈ, ਜੋ ਸਵਾਗਤਯੋਗ ਹੈ।

ਪਰ ਦੂਸਰੇ ਪਾਸੇ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਦਾ ਵਹਿਸ਼ੀ ਤੇ ਖ਼ੂਨੀ ਚਿਹਰਾ ਉਜਾਗਰ ਹੋਇਆ ਹੈ। ਵਿਸ਼ਵ ਲੋਕਾਈ ਫਲਸਤੀਨੀ ਬੱਚਿਆਂ ਦੇ ਕਤਲੇਆਮ ਦੀਆਂ ਤਸਵੀਰਾਂ ਦੇਖ ਕੇ ਥਾਂ ਪੁਰ ਥਾਂ ਇਜ਼ਰਾਈਲੀ ਵਹਿਸ਼ੀਆਂ ਨੂੰ ਫਿੱਟ ਲਾਹਨਤਾਂ ਪਾ ਰਹੀ ਹੈ ਤੇ ਮੋਦੀ ਉਨ੍ਹਾਂ ਨੂੰ ਘਾਤਕ ਹਥਿਆਰਾਂ ਦੀਆਂ ਖੇਪਾਂ ਭੇਜ ਰਿਹਾ ਹੈ। ਇਹ ਇੱਕ ਜਹਾਜ਼ ਹੈ, ਜਿਹੜਾ ਸਪੇਨ ਦੀ ਬੰਦਰਗਾਹ 'ਤੇ ਰੋਕਣਾ ਪਿਆ। ਕਿੰਨੇ ਹੋਰ ਹੋਣਗੇ, ਜਿਹੜੇ ਇਨ੍ਹਾਂ ਬੰਦਰਗਾਹਾਂ ਦੀ ਨਜ਼ਰ ਬਚਾ ਕੇ ਇਜ਼ਰਾਈਲ ਪਹੁੰਚ ਗਏ ਹੋਣਗੇ। ਫਲਸਤੀਨੀ ਬੱਚਿਆਂ ਤੇ ਲੋਕਾਂ ਦੇ ਕਤਲਾਂ ਵਿੱਚ ਮੋਦੀ ਦੇ ਹੱਥ ਵੀ ਰੰਗੇ ਹੋਏ ਹਨ। ਇਕ ਫਾਸ਼ਿਸ਼ਟ ਹੀ ਦੂਸਰੇ ਫਾਸ਼ਿਸ਼ਟ ਦੀ ਮਦਦ ਕਰਦਾ ਹੈ। ਇਨ੍ਹਾਂ ਫਾਸ਼ਿਸ਼ਟ ਹਥਿਤਆਰਿਆਂ ਦੀ ਦੋਸਤੀ ਤੋਂ ਚੌਕਸ ਹੋਣ ਦੀ ਲੋੜ ਹੈ। ਮੂੰਹ ਵਿੱਚ ਰਾਮ ਰਾਮ, ਬਗਲ ਵਿੱਚ ਛੁਰੀ।

**# ਸੰਪਰਕ : 93544-30211**

# ਚੋਣਾਂ, ਲੋਕ ਮੁੱਦੇ ਤੇ ਲੜਖੜਾਉਂਦਾ ਲੋਕਤੰਤਰ

**ਵਰਿੰਦਰ ਸਿੰਘ ਭੁੱਲਰ**

ਲੋਕਤੰਤਰ 'ਚ ਲੋਕਾਂ ਵੱਲੋਂ ਰਲ ਕੇ ਆਪਣੇ ਲਈ ਇੱਕ ਆਗੂ ਦੀ ਚੋਣ ਕੀਤੀ ਜਾਂਦੀ ਹੈ, ਜੋ ਭਾਰਤ ਵਰਗੇ ਦੇਸ਼ 'ਚ ਆਉਣ ਵਾਲੇ ਪੰਜ ਸਾਲਾਂ ਲਈ ਲੋਕਾਂ/ਦੇਸ਼ ਦੀ ਅਗਵਾਈ ਕਰ ਸਕੇ। ਮਨੁੱਖੀ ਸੱਭਿਅਤਾ ਦੇ ਹੋਂਦ 'ਚ ਆਉਣ ਤੋਂ ਲੈ ਕੇ ਹੁਣ ਤੱਕ ਹਰ ਵਕਤ ਲੋਕਾਈ/ਭੀੜ ਦੀ ਅਗਵਾਈ ਕਰਨ ਜਾਂ ਕਾਬੂ 'ਚ ਰੱਖਣ ਲਈ ਨੌਜਵਾਨ /ਤਾਕਤਵਰ ਆਗੂ /ਲੀਡਰ ਦੀ ਜ਼ਰੂਰਤ ਰਹੀ ਹੈ, ਰਹੇਗੀ। ਪਹਿਲੇ ਸਮਿਆਂ 'ਚ ਲੋਕਾਂ ਨੂੰ ਆਗੂ ਪੀੜ੍ਹੀ ਦਰ ਪੀੜ੍ਹੀ ਪ੍ਰਾਪਤ ਹੁੰਦੇ ਸਨ, ਪਰ ਲੋਕਤੰਤਰੀ ਨਿਜਾਮ ਦੇ ਹੋਂਦ 'ਚ ਆਉਣ ਤੋਂ ਲੈ ਕੇ ਲੋਕ ਆਪਣੀ ਅਕਲ /ਸੂਝ-ਬੂਝ ਨਾਲ ਆਪਣੀ ਅਗਵਾਈ ਲਈ ਆਗੂ ਚੁਣਦੇ ਹਨ, ਪਰ ਆਗੂ ਚੁਣਨ ਦੀ ਇਹ ਪ੍ਰਕਿਰਿਆ ਮਹਿਜ਼ੇ ਇਕ ਭਰਮ ਜਾਲ ਹੈ ਕਿ ਲੋਕ ਆਪ ਆਗੂ ਦੀ ਚੋਣ ਕਰ ਰਹੇ ਹਨ, ਜਦਕਿ ਲੋਕ ਮਨਾਂ 'ਤੇ ਕੰਟਰੋਲ ਕਿਸੇ ਤੀਜੀ ਧਿਰ ਦਾ ਹੁੰਦਾ ਹੈ । ਜਿਸ ਪਾਸੇ ਤੀਜੀ ਧਿਰ ਲੋਕਾਂ ਨੂੰ ਜਾਣ ਜਾਂ ਮੋਹਰ ਲਾਉਣ ਲਈ ਕਹਿੰਦੀ ਹੈ, ਲੋਕ ਉਸੇ ਪਾਸੇ ਭੁਗਤ ਜਾਂਦੇ ਹਨ ਅਤੇ ਫਿਰ ਦੌਰ ਸ਼ੁਰੂ ਹੁੰਦਾ ਹੈ ਅਗਲੇ ਪੰਜ ਸਾਲਾਂ ਲਈ ਧਰਨਿਆਂ, ਹੜਤਾਲਾਂ ਅਤੇ ਬੰਦ ਦੇ ਸੱਦਿਆ ਦਾ ਦੌਰ ਅਤੇ ਪੰਜੀਂ ਸਾਲੀਂ ਫਿਰ ਉਹੀ ਸਿਲਸਿਲਾ ਦੁਹਰਾਇਆ ਜਾਂਦਾ ਹੈ । ਸਾਡੇ ਦੇਸ਼ ਨੂੰ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦਾ ਮਾਣ ਪ੍ਰਾਪਤ ਹੈ ਅਤੇ ਇਹ ਪ੍ਰਾਪਤੀ ਲੋਕਾਂ ਦੀ ਦੇਣ ਹੈ, ਕਿਉਂਕਿ ਲੋਕ ਆਪਣੀ ਮੱਤ ਦੀ ਵਰਤੋਂ ਕਰਦੇ ਹਨ ਅਤੇ ਕਈ ਵਾਰ ਹਵਾ ਦਾ ਰੁੱਖ ਵੇਖ ਕੇ ਕਰਦੇ ਹਨ, ਪਰ ਨਾਲ ਹੀ ਨਕਲੀ ਵੋਟਾਂ ਪਾਉਣ ਦਾ ਰੁਝਾਨ ਬਹੁਤ ਜ਼ਿਆਦਾ ਵਧ ਚੁੱਕਾ ਹੈ, ਜੋ ਲੋਕਤੰਤਰ ਦੀ ਬੁਨਿਆਦ ਨੂੰ ਹਿਲਾਉਣ ਲਈ ਮਾਰੂ ਸਾਬਤ ਹੋ ਸਕਦਾ ਹੈ।

ਆਜ਼ਾਦੀ ਮਿਲੀ ਸਾਢੇ ਸੱਤ ਦਹਾਕੇ ਬੀਤ ਜਾਣ 'ਤੇ ਲੋਕ ਅਜੇ ਤੱਕ ਬੁਨਿਆਦੀ ਸਹੂਲਤਾਂ ਰੋਟੀ, ਕੱਪੜਾ, ਮਕਾਨ, ਸਿਹਤ ਅਤੇ ਸਿੱਖਿਆ ਲਈ ਧਰਨੇ-ਮੁਜ਼ਾਹਰੇ ਕਰ ਰਹੇ ਹਨ। ਜਿਸ ਆਜ਼ਾਦ ਭਾਰਤ ਦਾ ਸੁਪਨਾ ਸਾਡੇ ਸ਼ਹੀਦਾਂ/ਆਜ਼ਾਦੀ ਘੁਲਾਟੀਆਂ ਨੇ ਵੇਖਿਆ ਸੀ ਉਸ ਨੂੰ ਬੂਰ ਪਿਆ ਜ਼ਰੂਰ ਹੈ, ਪਰ ਸਿਰਫ ਦੇਸ਼ ਦੀ ਸਿਖਰਲੀ 1 ਫੀਸਦ ਆਬਾਦੀ ਲਈ, ਕਿਉਂਕਿ ਸਾਡੇ ਚੁਣੇ ਹੋਏ ਨੁਮਾਇੰਦੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਏ ਹਨ। ਹੇਠਲੀ ਲੱਗਭੱਗ 40 ਫੀਸਦ ਆਬਾਦੀ ਕੀੜੇ-ਮਕੌੜਿਆਂ ਵਰਗੀ ਬਦਤਰ ਜ਼ਿੰਦਗੀ ਜਿਊਣ ਲਈ ਮਜਬੂਰ ਹੈ ਅਤੇ ਗੱਲਾਂ ਵਿਸ਼ਵ ਗੁਰੂ ਬਣਨ, ਚੰਦ/ਸੂਰਜ ਤੱਕ ਪਹੁੰਚਣ ਦੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇਸ਼ ਦੀ 81 ਕਰੋੜ ਵੱਸੋਂ ਆਪਣੇ ਲਈ ਦੋ ਵਕਤ ਦੀ ਰੋਟੀ ਨਹੀਂ ਜੁਟਾ ਪਾਉਂਦੀ, ਸਰਕਾਰ ਵੱਲੋਂ ਦਿੱਤੇ ਜਾਂਦੇ ਮੁਫਤ ਰਾਸ਼ਨ ਦੀ ਉਡੀਕ ਆਏ ਮਹੀਨੇ ਕਰਦੀ ਹੈ, ਉਸ ਦੇਸ਼ ਨੂੰ ਵਿਸ਼ਵ ਗੁਰੂ ਦਾ ਕਿਤਾਬ ਦੇਣਾ ਸ਼ੋਭਦਾ ਹੈ।

ਦੇਸ਼ 'ਚ ਸਾਖਰਤਾ ਦਰ ਵਧਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਹਾਲੀਆ ਸਮੇਂ 'ਚ ਹੋ ਰਹੀਆਂ ਚੋਣਾਂ ਦੀ ਹਕੀਕਤ ਇਹ ਹੈ ਕਿ ਲੱਗਭੱਗ 40 ਫੀਸਦ ਆਬਾਦੀ ਨੂੰ ਜਾਣਕਾਰੀ ਨਹੀਂ ਹੈ ਕਿ ਇਹ ਚੋਣ ਕਿਸ ਲਈ ਅਤੇ ਕਿਸ ਦੀ ਚੋਣ ਲਈ ਹੋ ਰਹੀਆਂ ਹਨ। ਸ਼ਹਿਰੀ ਝੁੱਗੀਆਂ ਅਤੇ ਦੂਰ ਪਹਾੜੀ ਖੇਤਰਾਂ, ਜੰਗਲਾਂ 'ਚ ਰਹਿਣ ਵਾਲੇ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ ਹੈ, ਇਸ ਸਮੇਂ ਹੋ ਰਹੀਆਂ, ਚੋਣਾਂ ਬਾਰੇ। ਕਸੂਰ ਲੋਕਾਂ ਦਾ ਨਹੀਂ, ਉਹਨਾਂ ਨੂੰ ਮੁਫ਼ਤ ਰਾਸ਼ਨ, ਮੁਫ਼ਤ ਸਫਰ, ਤੀਰਥਾਂ ਦੀ ਯਾਤਰਾ ਬਿਜਲੀ ਬਿੱਲਾਂ ਦੀ ਮੁਆਫੀ ਆਦਿ ਦੇ ਲਾਲਚ ਦੇ ਕੇ ਆਪਣੇ ਖੇਮੇ 'ਚ ਭੁਗਤਣ ਲਈ ਤਿਆਰ ਕਰ ਲਿਆ ਜਾਂਦਾ ਹੈ। ਲੋਕ ਇੰਨੇ ਸੱਤ ਹੀਨ ਹੋ ਗਏ ਹਨ ਤੇ ਮਹਿੰਗਾਈ ਦੀ ਮਾਰ ਤੋਂ ਬਚਣ ਲਈ ਇਹ ਸਹੂਲਤਾਂ ਉਹਨਾਂ ਨੂੰ ਕਾਰਗਰ ਹਥਿਆਰ ਸਾਬਤ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਇਸੇ ਨੂੰ ਸੱਚ ਮੰਨ ਕੇ ਉਹ ਆਪਣੀ ਕਿਸਮਤ ਦਾ ਰੋਣਾ ਅਗਲੇ ਪੰਜ ਸਾਲਾਂ ਲਈ ਰੋਣ ਲਈ ਮਜਬੂਰ ਹੋ ਜਾਂਦੇ ਹਨ ।ਅੱਜ ਹਰ ਸਰਕਾਰੀ ਅਦਾਰੇ ਨੂੰ ਪ੍ਰਾਈਵੇਟ ਹੱਥਾਂ 'ਚ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਹਰ ਸਹੂਲਤ ਲਈ ਆਪਣੇ ਪੱਲਿਓਂ ਪੈਸਾ ਖਰਚ ਕਰਨਾ ਪੈ ਰਿਹਾ ਹੈ। ਬੇਰੁਜ਼ਗਾਰੀ, ਸਿਹਤ ਸਹੂਲਤਾਂ ਅਤੇ ਸਿੱਖਿਆ ਦੀ ਗੱਲ ਕੋਈ ਨਹੀਂ ਕਰਦਾ । ਜਦ ਲੋਕ ਮਨ ਦਾ ਵਿਵੇਕ ਹੀ ਮਰ ਗਿਆ ਤਾਂ ਮੁਫਤ ਸਹੂਲਤਾਂ ਉਹਨਾਂ ਨੂੰ ਹੋਰ ਕੁਝ ਸੋਚਣ ਦੀ ਬੌਧਿਕ ਤਾਕਤ ਹੀ ਨਹੀਂ ਦਿੰਦੀਆਂ । ਲੋਕ ਮਨਾਂ ਦਾ ਬੌਧਿਕ ਵੇਗ ਜ਼ਿਆਦਾਤਰ ਪਾਰਟੀ ਦੀ ਬਜਾਏ ਆਗੂ ਨਾਲ ਜੁੜਿਆ ਹੁੰਦਾ ਹੈ। ਉਸ ਦੁਆਰਾ ਦਿਖਾਏ ਗਏ ਸਬਜ਼ਬਾਗ ਨੂੰ ਹਕੀਕਤ ਸਮਝ ਅੰਨ੍ਹੇ ਸ਼ਰਧਾਵਾਨ ਦੀ ਤਰ੍ਹਾਂ ਅੱਖਾਂ ਬੰਦ ਕਰਕੇ ਮੋਹਰ ਲਾਉਣ ਦਾ ਖਾਸਾ ਹੈ ਦੇਸ਼ ਵਾਸੀਆਂ ਖਾਸ ਕਰ ਪੰਜਾਬੀ ਜਾਇਆਂ ਦਾ, ਪਰ ਜਦ ਉਹ ਨੇਤਾ ਆਪਣੀ ਮਾਂ ਪਾਰਟੀ ਦੀ ਵਿਚਾਰਧਾਰਾ ਤੋਂ ਨਰਾਜ਼ ਹੋ ਕੇ ਦੂਸਰੀ ਪਾਰਟੀ ਜਿਸ ਨੂੰ ਉਹ ਸਾਰੀ ਉਮਰ ਭੰਡਦਾ ਆਇਆ ਹੁੰਦਾ ਹੈ, ਪਿਆਰੀ ਲੱਗਣ 'ਤੇ ਉਸ 'ਚ ਸ਼ਾਮਲ ਹੋ ਜਾਂਦਾ ਹੈ ਤਾਂ ਲੋਕ ਮਨ ਆਪਣੇ ਬੌਧਿਕ ਵੇਗ ਨੂੰ ਉਸ ਪਾਸੇ ਮੋੜਾ ਦੇ ਦਿੰਦਾ ਹੈ। ਨੀਤੀਆਂ ਚਾਹੇ ਲੋਕ ਵਿਰੋਧੀ ਹੀ ਕਿਉਂ ਨਾ ਹੋਣ । ਦਲ-ਬਦਲੀ ਕਾਨੂੰਨ ਘੱਟੇ-ਕੌਡੀਆਂ ਰੁਲ ਰਿਹਾ ਹੈ, ਕਿਉਂਕਿ ਸਾਡਾ ਸੰਵਿਧਾਨ ਸਖਤ ਲਚਕੀਲਾ ਦੀ ਧਾਰਨਾ 'ਤੇ ਆਧਾਰਿਤ ਹੈ । ਭਾਰਤੀ ਸਿਆਸਤ ਲੋਕ ਮਨਾਂ ਨੂੰ ਆਪਣੇ ਕਾਬੂ ਹੇਠ ਕਰ ਚੁੱਕੀ ਹੈ ਅਤੇ ਆਪਣੇ ਹਿਸਾਬ ਨਾਲ ਚਲਾ ਰਹੀ ਹੈ।ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸਹੂਲਤਾਂ ਅਤੇ ਸਿੱਖਿਆ ਦੀ ਗੱਲ ਕੋਈ ਵੀ ਉਮੀਦਵਾਰ ਨਹੀਂ ਕਰ ਰਿਹਾ, ਪਰਵਾਸ ਦੀ ਗੱਲ ਤਾਂ ਬਹੁਤ ਦੂਰ ਦੀ ਹੈ । ਬਾਲ ਮਜ਼ਦੂਰੀ ਨੂੰ ਰੋਕਣ ਦੀ ਗੱਲ ਕੋਈ ਨਹੀਂ ਕਰ ਰਿਹਾ, ਕਿਉਂਕਿ ਸਰਕਾਰਾਂ ਕਾਰਪੋਰੇਟ ਪੱਖੀ ਹੋਣ ਕਰਕੇ ਬਾਲ ਮਜ਼ਦੂਰੀ ਦੇ ਵਿਰੋਧ 'ਚ ਬੋਲਣਾ ਇਹਨਾਂ ਲੀਡਰਾਂ ਦੇ ਆਕਾਵਾਂ ਦੇ ਨਾਰਾਜ਼ ਹੋਣ ਦਾ ਖਤਰਾ ਮੁੱਲ ਨਹੀਂ ਲੈ ਸਕਦੇ । ਸੱਤ ਦਹਾਕਿਆਂ ਦੇ ਆਜ਼ਾਦ ਭਾਰਤ 'ਚ ਅੱਜ ਵੀ ਲੱਖਾਂ ਬੱਚੇ ਫੁਟਪਾਥ 'ਤੇ ਰਾਤਾਂ ਕੱਟਣ ਨੂੰ ਮਜਬੂਰ ਹਨ, ਹੋਟਲਾਂ, ਢਾਬਿਆਂ, ਕਾਰਖ਼ਾਨਿਆਂ ਅਤੇ ਭੱਠਿਆਂ ਆਦਿ ਜਿਹੀਆਂ ਥਾਵਾਂ 'ਤੇ ਅੱਜ ਵੀ ਬਚਪਨ ਮੌਲਣ ਦੀ ਬਜਾਏ ਦਿਨ ਕੱਟੀ ਕਰ ਰਿਹਾ ਹੈ, ਦੋ ਵਕਤ ਦੀ ਰੋਟੀ ਦੇ ਪ੍ਰਬੰਧ ਲਈ ਜੋਖ਼ਮ ਭਰਿਆ ਕੰਮ ਕਰਨ ਤੋਂ ਬਾਅਦ ਵੀ ਉਹਨਾਂ ਨੂੰ ਪੂਰਾ ਮਿਹਨਤਾਨਾ ਨਹੀਂ ਮਿਲਦਾ, ਕਿਉਂਕਿ ਉਹ ਬੱਚੇ ਹਨ । ਸਰਕਾਰਾਂ ਦਾ ਕਾਰਪੋਰੇਟ ਪੱਖੀ ਹੋਣਾ ਵੀ ਇਹਨਾਂ ਬੱਚਿਆਂ ਦੇ ਭਵਿੱਖ ਲਈ ਖਤਰਨਾਕ ਪਹਿਲੂ ਹੈ।

ਕੋਈ ਸਮਾਂ ਸੀ ਜਦ ਇਖਲਾਕ ਵਾਲੇ ਆਗੂਆਂ ਨੂੰ ਚੁਣਿਆ ਜਾਂਦਾ ਸੀ, ਪਰ ਹੁਣ ਸੰਸਦ ਵਿੱਚ ਗੁੰਡੇ-ਬਦਮਾਸ਼ ਬਲਾਤਕਾਰੀ ਅਤੇ ਕਤਲ ਕਰਨ ਦੇ ਲੱਗੇ ਇਲਜ਼ਾਮ ਵਾਲੇ ਲੀਡਰਾਂ ਦੀ ਭਰਮਾਰ ਹੈ ਇਹਨਾਂ ਤੋਂ ਲੋਕਤੰਤਰ ਦੀ ਰਾਖੀ ਦੀ ਤਵੱਕੋ ਕਰਨਾ ਹਾਸੋਹੀਣੀ ਗੱਲ ਹੈ। ਹੁਣ ਤਾਂ ਅਜਿਹਾ ਲੱਗਦਾ ਹੈ ਕਿ ਕਿਸੇ ਦਿਨ ਇਨ੍ਹਾ ਗੁੰਡਿਆਂ-ਬਦਮਾਸ਼ਾਂ ਦੀ ਸਰਕਾਰ ਵਿੱਚ ਭਾਰੀ ਬਹੁਮਤ ਹੋਵੇਗੀ। ਇਹ ਅਖੌਤੀ ਲੀਡਰ ਇਸੇ ਲਈ ਆਪਸੀ ਦੂਸ਼ਣਬਾਜ਼ੀ ਨੂੰ ਹਰ ਸਟੇਜ 'ਤੇ ਭਾਰੂ ਰੱਖਦੇ ਹਨ, ਹਰ ਇੱਕ ਨੇਤਾ ਦੂਸਰੇ ਦੇ ਨਿੱਜ ਦੀ ਭੰਡੀ ਕਰ ਰਿਹਾ ਹੈ, ਹਰ ਕੋਈ ਦੂਸਰੀ ਪਾਰਟੀ ਨੂੰ ਭੰਡ ਰਿਹਾ ਹੈ ਕੋਈ ਵਿਰੋਧੀ ਉਮੀਦਵਾਰ ਨੂੰ ਖੂੰਜੇ ਲਾਉਣ ਦੀਆਂ ਗੱਲਾਂ ਕਰ ਰਿਹਾ ਹੈ, ਕੋਈ ਚੀਕਾਂ ਕਢਵਾਉਣ ਦੀ ਗੱਲ ਕਰ ਰਿਹਾ ਹੈ। ਉਮੀਦਵਾਰ ਦੇ ਨਿੱਜ 'ਤੇ ਹਮਲੇ ਹਾਲੀਆ ਚੋਣਾਂ 'ਚ ਬਹੁਤ ਜ਼ਿਆਦਾ ਵਧ ਗਏ ਹਨ ਅਤੇ ਲੋਕ ਮਨ ਹੱਸ-ਹੱਸ ਤਾੜੀਆਂ ਮਾਰ ਰਿਹਾ ਹੈ। ਇਹ ਕੋਈ ਕਮੇਡੀ ਸ਼ੋਅ ਨਹੀਂ ਚੱਲ ਰਿਹਾ, ਤੁਹਾਡੇ ਆਉਣ ਵਾਲੇ ਪੰਜ ਸਾਲ ਇਹਨਾਂ ਤਾੜੀਆਂ ਨੇ ਥੱਪੜ/ ਚਪੇੜਾਂ ਬਣ ਕੇ ਤੁਹਾਡੇ ਆਪਣੇ ਮੂੰਹ 'ਤੇ ਹੀ ਵੱਜਣਾ ਹੈ। ਜਿੰਨੀ ਜਲਦੀ ਲੋਕ ਇਹ ਗੱਲ ਸਮਝ ਜਾਣਗੇ, ਓਨਾ ਹੀ ਚੰਗਾ ਹੋਵੇਗਾ।

ਸੰਵਿਧਾਨ ਧਰਮ ਨਿਰਪੱਖਤਾ ਦੀ ਗੱਲ ਕਰਦਾ ਹੈ, ਪਰ ਦੇਸ਼ ਦੇ ਲੀਡਰ ਘੱਟ-ਗਿਣਤੀਆਂ ਅਤੇ ਇੱਕ ਖਾਸ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਲਈ ਹੱਦ ਦਰਜੇ ਤੱਕ ਨਿਮਾਣ ਵੱਲ ਚਲੇ ਗਏ ਹਨ। ਦੇਸ਼ ਕੇ ਗਦਾਰੋਂ ਕੋ ਗੋਲੀ ਮਾਰਨ ਲਈ ਉਕਸਾਇਆ ਜਾ ਰਿਹਾ ਹੈ, ਵਿਰੋਧੀ ਪਾਰਟੀ ਦੀ ਸਰਕਾਰ ਆਉਣ 'ਤੇ ਤੁਹਾਡੇ ਘਰ ਸੋਨਾ ਜ਼ਮੀਨਾਂ ਆਦਿ ਤੁਹਾਡੇ ਤੋਂ ਖੋਹ ਕੇ ਕਥਿਤ ਦੇਸ਼ ਦੇ ਗਦਾਰਾਂ 'ਚ ਵੰਡਣ ਵਰਗੇ ਝੂਠ ਸ਼ਰੇਆਮ ਫੈਲਾਏ ਜਾ ਰਹੇ ਹਨ । ਲੋਕ ਮਨ 'ਤੇ ਇਹ ਗੱਲਾਂ ਅਸਰ ਅੰਦਾਜ਼ ਹੋ ਰਹੀਆਂ ਹਨ। ਲੋਕਤੰਤਰ ਦੀ ਖਾਸੀਅਤ ਹੈ ਤੇ ਇੱਕ ਵੋਟ 'ਤੇ ਵੀ ਉਮੀਦਵਾਰ ਜਿੱਤ ਸਕਦਾ ਹੈ, ਪਰ ਉਹਨਾਂ ਦਾ ਕੀ ਜਿਹੜੇ 49 ਪੀਸ ਉਸ ਉਮੀਦਵਾਰ ਨੂੰ ਪਸੰਦ ਨਹੀਂ ਕਰਦੇ, ਇਸ ਚੀਜ਼ ਦਾ ਹੱਲ ਸ਼ਾਇਦ ਲੋਕਤੰਤਰ ਕਦੇ ਨਹੀਂ ਦੇ ਸਕਦਾ, ਕਿਉਂਕਿ ਲੋਕਤੰਤਰ ਦਾ ਬਦਲ ਅਜੇ ਤੱਕ ਦੁਨੀਆ ਕੋਲ ਮੌਜੂਦ ਨਹੀਂ ਹੈ ਅਤੇ ਵੋਟਰਾਂ ਦੀ ਵਧ ਰਹੀ ਗਿਣਤੀ ਅਤੇ ਵੋਟਾਂ ਦੇ ਭੁਗਤਾਨ ਦਾ ਘਟਣਾ ਲੋਕਾਂ 'ਚ ਲੋਕਤੰਤਰ ਪ੍ਰਤੀ ਪੈਦਾ ਹੋ ਰਹੀ ਨਿਰਾਸ਼ਤਾ ਨੂੰ ਦਰਸਾਉਂਦਾ ਹੈ।

ਭਾਰਤੀ ਲੋਕਤੰਤਰ ਤਾਨਾਸ਼ਾਹੀ ਵੱਲ ਹੋਰ ਕਦਮ ਉਧਾਰ ਚੁੱਕਿਆ ਹੈ। ਦੇਸ਼ ਪਹਿਲਾਂ ਹੀ ਅਣਐਲਾਨੀ ਐਮਰਜੈਂਸੀ ਦਾ ਸਾਹਮਣਾ ਕਰ ਰਿਹਾ ਹੈ।

ਲੋਕਾਂ ਨੂੰ ਆਪਣੇ ਲਈ ਸੁਹਿਰਦ ਆਗੂ ਨੂੰ ਚੁਣਨ ਦਾ ਮੌਕਾ ਇਕ ਵਾਰ ਫਿਰ ਮਿਲਿਆ ਹੈ, ਸੁਹਿਰਦਤਾ ਨਾਲ ਇਸ ਦੀ ਵਰਤੋਂ ਕਰਨੀ ਲੋਕਾਂ ਦੀ ਜ਼ਿੰਮੇਵਾਰੀ ਹੈ ।

**# ਸੰਪਰਕ : 99148-03345**

# ਟੀ ਯੂ ਆਈ ਦੀ ਪੰਜਵੀਂ ਕਾਂਗਰਸ 'ਚ ਗੁਲਜ਼ਾਰ ਸਿੰਘ ਗੋਰੀਆ ਦਾ ਭਾਸ਼ਣ

**ਅਨੁਵਾਦ : ਗਿਆਨ ਸੈਦਪੁਰੀ**

ਅਪ੍ਰੈਲ ਮਹੀਨੇ ਵਿੱਚ ਟੀ ਯੂ ਆਈ (ਖੇਤੀ, ਭੋਜਨ, ਵਪਾਰ ਅਤੇ ਟੈਕਸਟਾਈਲ ਤੇ ਅਲਾਇਡ ਉਦਯੋਗ) ਦੀ ਪੰਜਵੀਂ ਅੰਤਰਰਾਸ਼ਟਰੀ ਕਾਨਫਰੰਸ ਦੱਖਣੀ ਅਫਰੀਕਾ ਦੇ ਸਹਿਰ ਸੈਨੇਗਲ ਦੇ ਡਾਕਾਰ ਸ਼ਹਿਰ ਵਿੱਚ ਆਯੋਜਿਤ ਕੀਤੀ ਗਈ। ਦੁਨੀਆ ਦੀਆਂ 100 ਰਾਸ਼ਟਰੀ ਪੱਧਰ ਦੀਆਂ ਜਥੇਬੰਦੀਆਂ ਅਤੇ 84 ਦੇਸ਼ਾਂ ਦੇ 164 ਨੁਮਾਇੰਦਿਆਂ ਨੇ ਇਸ ਕਾਨਫਰੰਸ ਵਿੱਚ ਹਿੱਸਾ ਲਿਆ। ਕਾਨਫਰੰਸ ਵਿੱਚ ਹੋਏ ਵਿਚਾਰ-ਵਟਾਂਦਰੇ ਦੌਰਾਨ ਵੱਖੋ-ਵੱਖਰੇ ਦੇਸ਼ਾਂ ਦੇ ਨੁਮਾਇੰਦਿਆਂ ਨੇ ਆਪਣੇ-ਆਪਣੇ ਦੇਸ਼ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਾਲਤ, ਉਹਨਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਅਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਕਾਨਫਰੰਸ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਅਤੇ ਸਕੱਤਰ ਵੀ ਐੱਸ ਨਿਰਮਲ ਸ਼ਾਮਲ ਹੋਏ। ਗੁਲਜ਼ਾਰ ਸਿੰਘ ਗੋਰੀਆ ਨੂੰ ਟਰੇਡ ਯੂਨੀਅਨ ਇੰਟਰਨੈਸ਼ਨਲ ਦੀ ਕਾਰਜਕਰਨੀ ਦੇ ਮੈਂਬਰ ਚੁਣਿਆ ਗਿਆ। ਉਹਨਾਂ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਖੇਤ ਮਜ਼ਦੂਰ ਯੂਨੀਅਨ ਅਤੇ ਭਾਰਤ ਦੇ ਮਜ਼ਦੂਰਾਂ ਵੱਲੋਂ ਕਾਨਫਰੰਸ ਵਿੱਚ ਸ਼ਾਮਲ ਸਾਰੇ ਲੋਕਾਂ ਦਾ ਸਵਾਗਤ ਕਰਦਾ ਹਾਂ। ਮੈਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਜੋ ਭਾਰਤ ਵਿੱਚ ਖੇਤੀ ਕਾਮਿਆਂ ਦੀ ਪ੍ਰਮੁੱਖ ਜਥੇਬੰਦੀ ਹੈ, ਵੱਲੋਂ ਤੁਹਾਨੂੰ ਸੰਬੋਧਿਤ ਹੋ ਰਿਹਾ ਹਾਂ।




ਭਾਰਤ ਵਿੱਚ ਖੇਤ ਮਜ਼ਦੂਰ ਸਭ ਤੋਂ ਵੱਧ ਸੋਸ਼ਿਤ ਤੇ ਪੀੜਤ ਵਰਗਾਂ ਵਿੱਚੋਂ ਇੱਕ ਹੈ। ਇਹ ਸਮਾਜ ਦੇ ਸਮਾਜਿਕ ਤੇ ਆਰਥਿਕ ਪੱਖ ਤੋਂ ਸਭ ਤੋਂ ਗਰੀਬ ਵਰਗ ਹੈ। ਇਹ ਵਰਗ ਪੇਂਡੂ ਅਰਥ ਵਿਵਸਥਾ ਵਿੱਚ ਕਾਫੀ ਯੋਗਦਾਨ ਪਾਉਂਦਾ ਹੈ, ਪਰ ਆਪ ਅਸੁਰੱਖਿਅਤ ਅਤੇ ਵੰਚਿਤ ਜੀਵਨ ਜਿਉਣ ਲਈ ਮਜਬੂਰ ਹੈ। ਇਹ ਗੈਰ ਸੰਗਠਿਤ ਮਜ਼ਦੂਰਾਂ ਦਾ ਸਭ ਤੋਂ ਵੱਡਾ ਹਿੱਸਾ ਹੈ। ਇਸ ਮਜ਼ਦੂਰ ਵਰਗ ਵਿੱਚ ਵੱਡਾ ਹਿੱਸਾ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਅਤੇ ਹੋਰ ਪੱਛੜੀਆਂ ਜਾਤੀਆਂ ਹਨ, ਜੋ ਹੱਦ ਦਰਜੇ ਦੇ ਭੇਦ-ਭਾਵ ਦਾ ਸ਼ਿਕਾਰ ਰਿਹਾ ਹੈ। ਉਨ੍ਹਾਂ ਨੂੰ ਜਾਤੀ ਗ੍ਰਸਤ ਸਮਾਜ ਦੇ ਸਭ ਤੋਂ ਹੇਠਲੇ ਪਾਏਦਾਨ 'ਤੇ ਰੱਖਿਆ ਗਿਆ ਹੈ। ਖੇਤੀ ਮਜ਼ਦੂਰਾਂ ਵਿੱਚ ਵੀ ਦੋ ਵਰਗ ਹੁੰਦੇ ਹਨ, ਕਾਸ਼ਤਕਾਰ ਤੇ ਖੇਤ ਮਜ਼ਦੂਰ। ਹੁਣ ਤੋਂ ਪਹਿਲਾਂ ਕਾਸ਼ਤਕਾਰਾਂ ਦੀ ਸੰਖਿਆ ਜ਼ਿਆਦਾ ਹੁੰਦੀ ਸੀ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਇਹ ਪਹਿਲੀ ਵਾਰ ਵੇਖਿਆ ਗਿਆ ਕਿ ਖੇਤ ਮਜ਼ਦੂਰਾਂ ਦੀ ਗਿਣਤੀ ਕਾਸ਼ਤਕਾਰਾਂ ਨਾਲੋਂ ਵੱਧ ਹੈ।

ਖੇਤ ਮਜ਼ਦੂਰਾਂ ਨੂੰ ਆਮ ਤੌਰ 'ਤੇ ਘੱਟ ਮਜ਼ਦੂਰੀ ਮਿਲਦੀ ਹੈ। ਕੰਮ ਦੀਆਂ ਪ੍ਰਸਥਿਤੀਆਂ ਉਨ੍ਹਾਂ 'ਤੇ ਬੋਝ ਪਾਉਂਦੀਆਂ ਹਨ ਅਤੇ ਮਿਲਣ ਵਾਲਾ ਰੋਜ਼ਗਾਰ ਬਹੁਤ ਅਨਿਸਚਿਤ ਹੁੰਦਾ ਹੈ। ਅਨਪੜ੍ਹ ਜਾਂ ਘੱਟ ਪੜ੍ਹੇ ਹੋਣ ਕਾਰਨ ਆਮ ਤੌਰ 'ਤੇ ਉਨ੍ਹਾਂ ਕੋਲ ਕੋਈ ਹੁਨਰ ਨਹੀਂ ਹੁੰਦਾ। ਇਸ ਲਈ ਉਹਨਾਂ ਕੋਲ ਬਦਲਵਾਂ ਰੋਜ਼ਗਾਰ ਵੀ ਨਹੀਂ ਹੁੰਦਾ। ਇਹਨਾਂ ਵਿੱਚ ਜ਼ਿਆਦਾਤਰ ਭੂਮੀਹੀਣ ਹਨ ਅਤੇ ਮੁੱਖ ਰੂਪ ਵਿੱਚ ਰੋਜ਼ਾਨਾ ਦੀ ਮਜ਼ਦੂਰੀ 'ਤੇ ਨਿਰਭਰ ਹਨ। ਖੇਤੀ ਗਤੀਵਿਧੀਆਂ ਵਿੱਚ ਜਦੋਂ ਕੋਈ ਕੰਮ ਨਹੀਂ ਮਿਲਦਾ ਤਾਂ ਕੰਮ ਮਨਰੇਗਾ ਸਕੀਮ ਤਹਿਤ ਕੁਝ ਕੰਮ ਮਿਲ ਜਾਂਦਾ ਹੈ, ਜੋ ਰੋਜ਼ਾਨਾ ਦੀ ਰੋਟੀ-ਰੋਜ਼ੀ ਵਿੱਚ ਸਹਾਇਤਾ ਕਰਦਾ ਹੈ। ਇਸ ਵਰਗ ਦੀ ਆਮਦਨੀ ਹਮੇਸ਼ਾ ਹੀ ਘੱਟ ਰਹਿੰਦੀ ਹੈ, ਜਿਸ ਕਰਕੇ ਉਹ ਗਰੀਬੀ ਵਿੱਚ ਹੀ ਜੀਵਨ ਗੁਜ਼ਾਰਦੇ ਹਨ ਤੇ ਕਰਜ਼ਾਈ ਰਹਿੰਦੇ ਹਨ। ਉਹਨਾਂ ਦੀ ਦੁਰਦਸ਼ਾ ਦੀ ਕਲਪਨਾ ਇਹ ਬਿਆਨ ਕਰਦਾ ਹੈ ਕਿ ਜਿੱਥੇ ਸਾਡੇ ਦੇਸ਼ ਵਿੱਚ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ, ਉੱਥੇ 2019-20 ਤੋਂ 2023-24 ਦੌਰਾਨ ਖੇਤੀ ਮਜ਼ਦੂਰੀ ਵਿੱਚ ਵਾਧਾ ਨਕਾਰਾਤਮਿਕ (- 0.6) ਹੋ ਗਿਆ ਹੈ।

ਕਈ ਵਾਰ ਉਹਨਾਂ ਨੂੰ ਸਵੇਰ ਦਾ ਭੋਜਨ ਮਿਲ ਜਾਂਦਾ ਹੈ, ਪਰ ਸ਼ਾਮ ਦਾ ਕੋਈ ਭਰੋਸਾ ਨਹੀਂ ਹੁੰਦਾ। ਸ਼ਾਮ ਅਤੇ ਸਵੇਰ ਦੇ ਭੋਜਨ ਲਈ ਸੰਘਰਸ਼ ਕਰਦੇ ਹੋਏ ਉਹ ਆਪਣਾ ਪੂਰਾ ਜੀਵਨ ਭਿਆਨਕ ਸਥਿਤੀ ਵਿੱਚ ਗੁਜ਼ਾਰਦੇ ਹਨ। ਦਰਅਸਲ ਇਹ ਹਾਲਾਤ ਇਕੱਲੇ ਭਾਰਤ ਦੇ ਖੇਤ ਮਜ਼ਦੂਰਾਂ ਦੇ ਹੀ ਨਹੀਂ ਹੈ, ਸਗੋਂ ਬਹੁਤੇ ਦੇਸ਼ਾਂ ਵਿੱਚ ਖੇਤ ਮਜ਼ਦੂਰ ਗਰੀਬੀ ਦੇ ਨਾਲ-ਨਾਲ ਜਿਸ ਸਮਾਜ ਵਿੱਚ ਰਹਿੰਦੇ ਹਨ, ਉਸ ਸਮਾਜ ਦੀ ਪੌੜੀ ਦੇ ਹੇਠਲੇ ਡੰਡੇ 'ਤੇ ਹਨ। ਜਿਵੇਂ ਕਿ ਦੋ ਦਹਾਕੇ ਪਹਿਲਾਂ ਆਈ ਐੱਲ ਓ ਨੇ ਨੋਟ ਕੀਤਾ ਸੀ, 'ਉਹ ਭਿਆਨਕ ਗਰੀਬੀ 'ਚ ਹੁੰਦੇ ਹਨ, ਖੇਤ ਮਜ਼ਦੂਰਾਂ ਦੇ ਰੂਪ ਵਿੱਚ ਮਜ਼ਦੂਰੀ ਕਰਕੇ ਜ਼ਿੰਦਗੀ ਗੁਜ਼ਾਰਦੇ ਹਨ। ਉਨ੍ਹਾਂ ਦੇ ਕੰਮ-ਕਾਜ ਦੀਆਂ ਪ੍ਰਸਥਿਤੀਆਂ ਅਨਿਸਚਿਤ ਹੁੰਦੀਆਂ ਹਨ। ਉਨ੍ਹਾਂ ਨੂੰ ਕੋਈ ਸਮਾਜਿਕ ਸੁਰੱਖਿਆ ਨਹੀਂ ਮਿਲਦੀ, ਜੇਕਰ ਮਿਲਦੀ ਵੀ ਹੈ ਤਾਂ ਨਾ-ਮਾਤਰ'।

ਭਾਰਤ ਦਾ ਖੇਤੀ ਖੇਤਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਦੇ ਕਈ ਕਾਰਨ ਹਨ ਖੇਤੀ ਜੋਤ ਦਾ ਘਟਦਾ ਆਕਾਰ, ਖੇਤੀ ਇਨਪੁੱਟ ਅਤੇ ਕਿਸਾਨੀ ਦੀ ਵਧਦੀ ਹੋਈ ਲਾਗਤ, ਜਿਨਸ ਦਾ ਲਾਭਕਾਰੀ ਮੁੱਲ ਨਾ ਮਿਲਣਾ, ਫਸਲਾਂ ਦਾ ਖਰਾਬ ਹੋ ਜਾਣਾ, ਗੜੇਮਾਰੀ ਜਾਂ ਔੜ ਆਦਿ, ਪਾਣੀ ਦਾ ਪੱਧਰ ਹੇਠਾਂ ਚਲੇ ਜਾਣਾ, ਮਿੱਟੀ ਦੀ ਗੁਣਵੱਤਾ ਵਿੱਚ ਕਮੀ ਕਾਰਨ ਉਤਪਾਦਨ ਦੀ ਲਾਗਤ ਵਧ ਜਾਂਦੀ ਹੈ। ਇਸ ਤਰ੍ਹਾਂ ਖੇਤੀ ਘਾਟੇਵੰਦ ਧੰਦਾ ਬਣ ਗਿਆ ਹੈ। ਇਸ ਦੇ ਫਲਸਰੂਪ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਦੀ ਆਮਦਨ ਵੀ ਘੱਟ ਹੋ ਜਾਂਦੀ ਹੈ। ਇਹਨਾਂ ਪ੍ਰਸਥਿਤੀਆਂ ਵਿੱਚ ਖੇਤ ਮਜ਼ਦੂਰਾਂ ਅੰਦਰ ਆਤਮ-ਹੱਤਿਆ ਇੱਕ ਸਧਾਰਨ ਘਟਨਾ ਬਣ ਗਈ ਹੈ। ਇੱਕ ਅੰਦਾਜ਼ੇ ਮੁਤਾਬਿਕ 2022 ਵਿੱਚ 6083 ਖੇਤ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ। ਇਹੀ ਸੰਕਟ ਪੂਰਨ ਸਥਿਤੀ ਸੀ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠਾਂ ਕਿਸਾਨ ਇਕੱਠੇ ਹੋਏ ਨਵੰਬਰ 2020 ਤੋਂ ਜਨਵਰੀ 2022 ਤੱਕ ਇੱਕ ਇਤਿਹਾਸਕ ਸੰਘਰਸ਼ ਹੋਇਆ। ਸੰਘਰਸ਼ ਕਰ ਰਹੇ ਕਿਸਾਨਾਂ ਦੀ ਮੁੱਖ ਮੰਗ ਸੀ ਕਿ ਖੇਤੀ ਸਬੰਧੀ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਤਿੰਨ ਕਾਨੂੰਨ ਰੱਦ ਕੀਤੇ ਜਾਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਘੱਟੋ-ਘੱਟ ਸਮੱਰਥਨ ਮੁੱਲ ਦੀ ਗਰੰਟੀ ਦਿੱਤੀ ਜਾਵੇ। ਖੇਤ ਮਜ਼ਦੂਰ ਵੀ ਇਸ ਕਿਸਾਨੀ ਸੰਘਰਸ਼ 'ਚ ਸ਼ਾਮਲ ਹੋ ਗਏ। ਇਸ ਮਹਾਨ ਅੰਦੋਲਨ ਵਿੱਚ 700 ਤੋਂ ਵੱਧ ਕਿਸਾਨ ਅਤੇ ਮਜ਼ਦੂਰ ਸ਼ਹੀਦ ਹੋਏ। ਉਹਨਾਂ ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ ਤਾਂ ਉਹ ਦਿੱਲੀ ਦੀਆਂ ਹੱਦਾਂ 'ਤੇ ਡੇਰੇ ਲਾ ਕੇ ਬੈਠ ਗਏ। ਉਹ ਉੱਥੇ 13 ਮਹੀਨੇ ਤੱਕ ਡਟੇ ਰਹੇ ਅਤੇ ਇਤਿਹਾਸ ਰਚ ਦਿੱਤਾ। ਇਹ ਹੱਦਾਂ ਤੋਂ ਤਦ ਹੀ ਪਿੱਛੇ ਹਟੇ, ਜਦੋਂ ਸਰਕਾਰ ਨੇ ਵਿਵਾਦਪੂਰਨ ਤਿੰਨ ਕਾਨੂੰਨ ਵਾਪਸ ਲਏ।

(● ਬਾਕੀ ਸਫ਼ਾ 9 'ਤੇ)

# ਭਰਾ ਮੰਨਦੇ ਨੂੰ ਚਾਕੂ ਮਾਰ ਕੇ ਕੀਤਾ ਕਤਲ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਕੂੰਮਕਲਾਂ ਵਿਖੇ ਰਿਸ਼ਤੇ 'ਚ ਭਰਾ ਮੰਨਦੇ ਪ੍ਰਮੋਦ ਮੁਖੀਆ ਦਾ ਦੁਖੀ ਮੁਖੀਆ ਨੇ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕੂੰਮਕਲਾਂ ਪੁਲਸ ਨੂੰ ਸੁਮੀਤਾ ਦੇਵੀ ਨੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਹ ਤੇ ਉਸ ਦਾ ਪਤੀ ਪ੍ਰਮੋਦ ਮੁਖੀਆ ਮਿਹਨਤ ਮਜ਼ਦੂਰੀ ਕਰਦੇ ਹਨ ਅਤੇ ਉਹ ਤਿੰਨ ਪਰਿਵਾਰ ਇਕੱਠੇ ਇੱਕ ਵਿਹੜੇ 'ਚ ਰਹਿੰਦੇ ਹਨ। ਬਿਆਨਕਰਤਾ ਅਨੁਸਾਰ ਸੁਮੀਤਾ ਦੇਵੀ ਕੱਲ੍ਹ 8 ਵਜੇ ਕਿਸੇ ਕਿਸਾਨ ਦੇ ਖੇਤਾਂ 'ਚ ਮਿਹਨਤ ਮਜ਼ਦੂਰੀ ਕਰਨ ਲਈ ਘਰੋਂ ਚਲੀ ਗਈ ਅਤੇ ਮੇਰਾ ਪਤੀ ਪ੍ਰਮੋਦ ਮੁਖੀਆ, ਦੁਖੀ ਮੁਖੀਆ ਤੇ ਬਿਮਲ ਪਾਸਵਾਨ ਅੱਜ ਕੰਮ 'ਤੇ ਨਹੀਂ ਗਏ, ਜੋ ਘਰ ਵਿੱਚ ਹੀ ਮੌਜੂਦ ਸਨ। ਕਰੀਬ 11.15 ਵਜੇ ਉਸ ਨੂੰ ਫੋਨ ਆਇਆ ਕਿ ਉਸ ਦੇ ਪਤੀ ਪ੍ਰਮੋਦ ਮੁਖੀਆ ਦਾ ਦੁਖੀ ਮੁਖੀਆ ਨਾਲ ਲੜਾਈ ਝਗੜਾ ਹੋ ਗਿਆ ਹੈ ਅਤੇ ਪ੍ਰਮੋਦ ਦੁਖੀਆ ਨੂੰ ਮਾਰ ਦੇਣ ਦੀ ਨੀਅਤ ਨਾਲ ਦੁਖੀ ਮੁਖੀਆ ਨੇ ਚਾਕੂ ਦਾ ਵਾਰ ਉਸ ਦੇ ਢਿੱਡ ਵਿੱਚ ਕੀਤਾ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਪ੍ਰਮੋਦ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਹ ਇਲਾਜ ਅਧੀਨ ਦਮ ਤੋੜ ਗਿਆ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਪਹਿਲਾਂ ਪੁਲਸ ਵੱਲੋਂ ਦੁਖੀ ਮੁਖੀਆ ਖਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਗਿਆ, ਪਰ ਹੁਣ ਧਾਰਾ 302 ਦਾ ਵਾਧਾ ਕੀਤਾ ਜਾਵੇਗਾ। ਥਾਣਾ ਮੁਖੀ ਅਨੁਸਾਰ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਹੈ ਅਤੇ ਭਲਕੇ ਪੋਸਟ ਮਾਰਟਮ ਕਰਵਾਇਆ ਜਾਵੇਗਾ। ਮ੍ਰਿਤਕ ਦੀ ਪਤਨੀ ਨੇ ਬਿਆਨ ਦਿੱਤੇ ਕਿ ਉਸ ਦੇ ਪਤੀ ਪ੍ਰਮੋਦ ਮੁਖੀਆ ਤੇ ਦੁਖੀ ਮੁਖੀਆ ਵਿਚਕਾਰ ਪਹਿਲਾਂ ਵੀ ਮਾਮੂਲੀ ਲੜਾਈ ਝਗੜਾ ਹੁੰਦਾ ਸੀ, ਪਰ ਉਹ ਖ਼ੂਨੀ ਰੂਪ ਧਾਰਨ ਕਰ ਗਿਆ, ਜਿਸ ਵਿੱਚ ਉਸ ਦੇ ਪਤੀ ਦੀ ਜਾਨ ਚਲੀ ਗਈ। ਕਤਲ ਕਰਨ ਵਾਲਾ ਵਿਅਕਤੀ ਦੁਖੀ ਮੁਖੀਆ ਤੇ ਮ੍ਰਿਤਕ ਪ੍ਰਮੋਦ ਮੁਖੀਆ ਪਿੱਛੋਂ ਪਿੰਡ ਮਾਧੋ, ਥਾਣਾ ਬਹੇਰਾ, ਜ਼ਿਲ੍ਹਾ ਦਰਬੰਗਾ (ਬਿਹਾਰ) ਦੇ ਰਹਿਣ ਵਾਲੇ ਹਨ ਅਤੇ ਦੋਵੇਂ ਇੱਕ ਪਿੰਡ ਦੇ ਹੋਣ ਕਾਰਨ ਆਪਸ ਵਿੱਚ ਇੱਕ-ਦੂਜੇ ਨੂੰ ਭਰਾ ਮੰਨਦੇ ਸਨ। ਬਿਹਾਰ ਤੋਂ ਉਹ ਪੰਜਾਬ ਦੇ ਪਿੰਡ ਕੂੰਮਕਲਾਂ ਵਿਖੇ ਮਿਹਨਤ ਮਜ਼ਦੂਰੀ ਕਰਨ ਆਏ ਸਨ ਅਤੇ ਇੱਥੇ ਵੀ ਉਹ ਇਕੱਠੇ ਇੱਕ ਵਿਹੜੇ 'ਚ ਰਹਿੰਦੇ ਸਨ, ਪਰ ਦੋਵਾਂ ਵਿਚਕਾਰ ਹੁੰਦੇ ਮਾਮੂਲੀ ਝਗੜੇ ਨੇ ਖ਼ੂਨੀ ਰੂਪ ਧਾਰਨ ਕਰ ਲਿਆ, ਜਿਸ ਵਿੱਚ ਪ੍ਰਮੋਦ ਮੁਖੀਆ ਦੀ ਜਾਨ ਚਲੀ ਗਈ। ਕੂੰਮਕਲਾਂ ਪੁਲਸ ਵੱਲੋਂ ਕਤਲ ਦੇ ਕਥਿਤ ਦੋਸ਼ੀ ਦੁਖੀ ਮੁਖੀਆ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਪਰ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ।


ਪ੍ਰਮੋਦ ਮੁਖੀਆ ਦੀ ਫਾਈਲ ਫੋਟੋ।

# ਹਰਪ੍ਰੀਤ ਸਿੰਘ ਰਹੂੜਿਆਂਵਾਲੀ ਨੂੰ ਕਤਲ ਕਰਨ ਵਾਲੇ 2 ਗ੍ਰਿਫਤਾਰ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸੀ ਗਈ ਹੈ, ਜਿਸ ਦੇ ਚੱਲਦਿਆਂ ਕਪਤਾਨ ਪੁਲਸ (ਡੀ) ਤੇ ਉੱਪ ਕਪਤਾਨ ਪੁਲਸ (ਸ: ਡ:) ਦੀ ਨਗਰਾਨੀ ਇੰਸਪੈਕਟਰ ਇਕਬਾਲ ਹੁਸੈਨ ਮੁੱਖ ਅਫਸਰ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਿਛਲੇ ਦਿਨੀਂ ਹੋਏ ਹਰਪ੍ਰੀਤ ਸਿੰਘ ਰਹੂੜਿਆਂਵਾਲੀ ਨੂੰ ਕਤਲ ਕਰਨ ਵਾਲੇ 02 ਵਿਅਕਤੀਆਂ ਨੂੰ ਕਾਬੂ ਕਰ ਸਫਲਤਾ ਹਾਸਲ ਕੀਤੀ ਹੈ।

ਜਾਣਕਾਰੀ ਅਨੁਸਾਰ ਸ੍ਰੀ ਸਤਨਾਮ ਸਿੰਘ ਉੱਪ ਕਪਤਾਨ ਪੁਲਸ (ਸ: ਡ:) ਸਮਸ ਜੀ ਨੇ ਦੱਸਿਆ ਕਿ ਮੁੱਦਈ ਸੁਖਮੰਦਰ ਸਿੰਘ ਤੇ ਉਸ ਦਾ ਲੜਕਾ ਹਰਪ੍ਰੀਤ ਸਿੰਘ ਠੇਕਾ ਬੱਸ ਸਟੈਂਡ ਪਿੰਡ ਰਹੂੜਿਆਂਵਾਲੀ 'ਤੇ ਗਏ ਸੀ ਤਾਂ, ਉੱਥੇ ਅੰਮ੍ਰਿਤਪਾਲ ਸਿੰਘ ਤੇ ਜਸ਼ਨਪ੍ਰੀਤ ਸਿੰਘ ਵਾਸੀਆਨ ਰਹੂੜਿਆਂਵਾਲੀ ਉੱਥੇ ਆ ਗਏ ਅਤੇ ਹਰਪ੍ਰੀਤ ਸਿੰਘ ਨਾਲ ਲੜਾਈ ਝਗੜਾ ਕਰਨ ਲੱਗੇ ਤੇ ਤੇਜ਼ਧਾਰ ਹਥਿਆਰਾਂ ਨਾਲ ਹਰਪ੍ਰੀਤ ਸਿੰਘ ਦਾ ਕਤਲ ਕਰ ਦਿੱਤਾ, ਜਿਸ 'ਤੇ ਪੁਲਸ ਵੱਲੋਂ ਸੁਖੰਦਰ ਸਿੰਘ ਦੇ ਬਿਆਨਾਂ 'ਤੇ ਮੁਕੱਦਮਾ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਬਰਖਿਲਾਫ ਅੰਮ੍ਰਿਤਪਾਲ ਸਿੰਘ ਪੁੱਤਰ ਚਮਕੌਰ ਸਿੰਘ, ਜਸ਼ਨਪ੍ਰੀਤ ਸਿੰਘ ਪੁੱਤਰ ਤਰਸੇਮ ਸਿੰਘ ਉਰਫ ਸੇਮਾ ਤੇ ਜਸਕੌਰ ਸਿੰਘ ਪੁੱਤਰ ਲਛਮਣ ਸਿੰਘ ਵਾਸੀਆਨ ਰਹੂੜਿਆਂਵਾਲੀ ਦੇ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਦੌਰਾਨੇ ਤਫਤੀਸ਼ ਪੁਲਸ ਵੱਲੋਂ ਅਧੁਨਿਕ ਢੰਗ ਤਰੀਕਿਆਂ ਦੀ ਵਰਤੋਂ ਕਰਦਿਆਂ ਦੋਸ਼ੀ ਅੰਮ੍ਰਿਤਪਾਲ ਸਿੰਘ ਤੇ ਦੋਸ਼ੀ ਜਸ਼ਨਦੀਪ ਸਿੰਘ ਗ੍ਰਿਫਤਾਰ ਕੀਤਾ ਗਿਆ ਹੈ।ਮੁਢਲੀ ਪੁੱਛ ਗਿੱਛ 'ਤੇ ਉਨ੍ਹਾਂ ਵਜ੍ਹਾ ਰੰਜਿਸ਼ ਦੱਸਿਆ ਕਿ ਹਰਪ੍ਰੀਤ ਸਿੰਘ ਪਾਸ ਇਨ੍ਹਾਂ ਲੜਕਿਆਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਕੀਤੀ ਗਈ ਚੋਰੀ ਸਬੰਧੀ ਵੀਡਿਓ ਸੀ, ਜਿਸ ਸਬੰਧੀ ਉਨ੍ਹਾਂ ਨੂੰ ਡਰ ਸੀ ਕਿ ਇਹ ਵੀਡੀਓ ਇੰਟਰਨੈੱਟ ਪਰ ਵਾਇਰਲ ਨਾ ਕਰ ਦੇਵੇ ਜਿਸ ਤੇ ਡਰ ਦੇ ਕਾਰਨ ਅੰਮ੍ਰਿਤਪਾਲ ਸਿੰਘ ਤੇ ਜਸ਼ਨਪ੍ਰੀਤ ਸਿੰਘ ਨੇ ਰਲ ਕੇ ਹਰਪ੍ਰੀਤ ਸਿੰਘ ਦਾ ਕਤਲ ਕਰ ਦਿੱਤਾ।

ਪੁਲਸ ਵੱਲੋਂ ਇਨ੍ਹਾਂ ਦੋਸ਼ੀਆਂ ਨੂੰ ਕਾਬੂ ਕਰਨ ਤੋਂ ਬਾਅਦ ਇਨ੍ਹਾਂ ਵੱਲੋਂ ਵਰਤੇ ਗਏ ਹਥਿਆਰ ਟੋਕਾ ਲੋਹਾ ਗੰਡਾਸਾ ਤੇ ਪਾਇਪ ਲੋਹਾ, ਜਿਸ ਦੇ ਉਪਰ ਸਾਇਕਲ ਦੀ ਗਰਾਰੀ ਲੱਗੀ ਹੋਈ ਹੈ, ਬਰਾਮਦ ਕੀਤੇ ਗਏ ਹਨ।ਦੋਸ਼ੀਆਂ ਨੂੰ ਅੱਜ ਮਾਨਯੋਗ ਕੋਰਟ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।



# ਨਰੇਗਾ ਮਜ਼ਦੂਰਾਂ ਵੱਲੋਂ ਹੱਕੀ ਮੰਗਾਂ ਲਈ ਭੁੱਖ ਹੜਤਾਲ ਜਾਰੀ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਫਾਜ਼ਿਲਕਾ ਵੱਲੋਂ ਡੀ ਸੀ ਫਾਜ਼ਿਲਕਾ ਦਫਤਰ ਦੇ ਬਾਹਰ ਨਰੇਗਾ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਬੀਤੇ ਦਿਨੀਂ ਕੀਤੇ ਧਰਨੇ ਪ੍ਰਦਰਸ਼ਨ ਤੋਂ ਬਾਅਦ ਵੀ ਪ੍ਰਸ਼ਾਸਨ ਵੱਲੋਂ ਕੋਈ ਤਵੱਜੋਂ ਨਾ ਦਿੱਤੇ ਜਾਣ ਦੇ ਵਿਰੋਧ 'ਚ ਕੱਲ੍ਹ ਦੇਰ ਸ਼ਾਮ ਨਰੇਗਾ ਕਾਮਿਆਂ ਵੱਲੋਂ 11 ਮਜ਼ਦੂਰਾਂ ਨੂੰ ਬਿਠਾ ਕੇ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਸੀ, ਜਿਨ੍ਹਾਂ ਨੂੰ ਅੱਜ ਜੂਸ ਪਿਲਾ ਕੇ ਲੜੀਵਾਰ ਭੁੱਖ ਹੜਤਾਲ ਲਈ ਹੋਰ 11 ਨਰੇਗਾ ਕਾਮਿਆਂ ਨੂੰ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਮਹਲਾਮ ਤੇ ਜਰਨੈਲ ਢਾਬਾਂ ਨੇ ਭੁੱਖ ਹੜਤਾਲ 'ਤੇ ਬਿਠਾ ਕੇ ਚੌਥੇ ਦਿਨ ਦੀ ਭੁੱਖ ਹੜਤਾਲ ਸ਼ੁਰੂ ਕਰਵਾਈ।ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਏਪੀਓ ਜੀਆਰਐੱਸ ਨੇ ਬੀਡੀਪੀਓ ਦੇ ਜਾਲ੍ਹੀ ਦਸਤਖ਼ਤ ਕਰਕੇ ਪਿੰਡ ਨਿਓਲਾ ਦਾ ਮਸਟਰੋਲ ਜਾਰੀ ਕੀਤਾ ਸੀ।

ਬਾਅਦ 'ਚ ਏਡੀਸੀ (ਡੀ) ਦੇ ਧਿਆਨ ਵਿੱਚ ਲਿਆ ਕੇ ਜਾਲ੍ਹੀ ਦਸਤਖ਼ਤ ਵਾਲੇ ਮਸਟਰੋਲ ਨੂੰ ਰੱਦ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਜਾਲ੍ਹੀ ਦਸਤਖ਼ਤ ਕਰਨ ਵਾਲਿਆਂ ਖਿਲਾਫ ਐੱਫ ਆਈ ਆਰ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।ਇਸੇ ਤਰ੍ਹਾਂ ਜ਼ਿਲ੍ਹੇ ਦੇ ਪਿੰਡ ਭੜੋਲੀ ਵਾਲਾ, ਚੱਕ ਮੌਜਦੀਨ ਚੱਕ, ਅਰਾਈਆਂ ਵਾਲਾ, ਨਿਓਲਾ, ਝੰਗੜ ਭੈਣੀ ਪਿੰਡਾਂ ਵਿੱਚ ਨਰੇਗਾ ਮਜ਼ਦੂਰਾਂ ਦੇ ਕੀਤੇ ਕੰਮ ਦੇ ਪੈਸੇ ਨਹੀਂ ਪਾਏ ਗਏ।ਦੂਜੇ ਪਾਸੇ ਨਵੇਂ ਕੰਮ ਦੇ ਮਸਟਰੋਲ ਹੇਰਾ ਫੇਰੀ ਨਾਲ ਜਾਰੀ ਕੀਤੇ ਜਾ ਰਹੇ ਹਨ।ਹੇਰਾ ਫੇਰੀ ਕਰਨ ਵਾਲੇ ਜ਼ਿਲ੍ਹਾ ਫਾਜ਼ਿਲਕਾ ਦੇ ਸਾਰੇ ਹੀ ਜੀ ਆਰ ਐੱਸ ਅਤੇ ਏਪੀਓਜ਼ 'ਤੇ ਜਾਂਚ ਕਰਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਜਦੋਂ ਤੱਕ ਉਕਤ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਭੁੱਖ ਹੜਤਾਲ ਜਾਰੀ ਰਹੇਗੀ।ਅੱਜ ਦੀ ਭੁੱਖ ਪੰਮਾ ਤੇਜਾ ਰੁਹੇਲਾ, ਹੈਪੀ ਸਿੰਘ ਗੰਜੂ ਹਸਤਾ, ਬਿੱਲੂ ਸਿੰਘ ਤੇਜਾ ਰੁਹੇਲਾ, ਗੁਰਪ੍ਰੀਤ ਤੋਤਿਆਂ ਵਾਲਾ, ਗੁਰਮੇਜ ਤੋਤਿਆਂ ਵਾਲਾ, ਰਮੇਸ਼ ਨਵਾਂ ਮੁੰਬਾ, ਰਾਜਵਿੰਦਰ ਨਿਓਲਾ, ਜਸਵੰਤ ਸਿੰਘ ਚੱਕ ਲਮੋਚੜ ਉਰਫ ਮੁਰਕ ਵਾਲਾ, ਸ਼ਮਿੰਦਰ ਸਿੰਘ ਚੱਕ ਲਮੋਚੜ ਉਰਫ ਵਾਲਾ ਆਦਿ ਹਾਜ਼ਰ ਸਨ।

## ਕਾਤਰਾਂ

### ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਚੌਕੀ ਜੀ.ਆਰ.ਪੀ. ਧੂਰੀ ਦੇ ਇੰਚਾਰਜ ਰਣਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਸਟੇਸ਼ਨ ਨੇੜੇ ਸਥਿਤ ਰੇਲਵੇ ਮਾਲ ਗੁਦਾਮ ਤੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ ਦੀ ਉਮਰ ਕਰੀਬ 45/50 ਸਾਲ ਹੈ, ਜਿਸ ਦੀ ਮੌਤ ਕੁਦਰਤੀ ਜਾਪਦੀ ਹੈ।ਉਨ੍ਹਾ ਦੱਸਿਆ ਕਿ ਲਾਸ਼ ਦੀ ਸ਼ਨਾਖਤ ਕਰਨ ਲਈ ਲਾਸ਼ ਨੂੰ 72 ਘੰਟਿਆਂ ਲਈ ਮੌਰਚਰੀ ਸਿਵਲ ਹਸਪਤਾਲ ਧੂਰੀ ਵਿਖੇ ਰੱਖਿਆ ਗਿਆ ਹੈ ਅਤੇ ਚੌਕੀ ਜੀ.ਆਰ.ਪੀ. ਧੂਰੀ ਨਾਲ ਮੋਬਾਇਲ ਨੰਬਰ 80546-01823, 98145-24225 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੁੱਟਮਾਰ ਕਰਨ ਦੇ ਦੋਸ਼ 'ਚ ਇਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਅਧੀਨ ਆਉਂਦੇ ਪਿੰਡ ਆਲੇ ਵਾਲਾ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਇੱਕ ਵਿਅਕਤੀ ਖਿਲਾਫ 326, 324, 323, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਪਿੰਡ ਕਿਰਤੋ ਵਾਲ ਥਾਣਾ ਹਰੀਕੇ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ ਉਹ ਆਪਣੇ ਚਾਚਾ ਜੋਗਾ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਦੇਹ, ਗੁਰਪ੍ਰੀਤ ਸਿੰਘ ਪੁੱਤਰ ਗੰਗਾ ਸਿੰਘ ਤੇ ਗੁਰਲਾਲ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਪੱਟੀ, ਜੋ ਸ਼ਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਆਲੇਵਾਲਾ ਫੁੱਫੜ ਦੇ ਘਰ ਬੈਠੇ ਸੀ ਤਾਂ ਦੋਸ਼ੀ ਰਣਜੀਤ ਸਿੰਘ ਪੁੱਤਰ ਲਖਵੀਰ ਸਿੰਘ ਨੇ ਹਮਮਸ਼ਵਰਾ ਹੋ ਕੇ ਸੱਟਾਂ ਮਾਰੀਆਂ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਅਮਨਦੀਪ ਹਸਪਤਾਲ ਅੰਮ੍ਰਿਤਸਰ 'ਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਲਖਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### 4 ਨੂੰ ਦੇਸ਼ ਭਗਤ ਕਾਲਜ ਬਰੜਵਾਲ ਦੇ 200 ਮੀਟਰ ਘੇਰੇ 'ਚ ਇਕੱਠੇ ਹੋਣ 'ਤੇ ਪਾਬੰਦੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਆਕਾਸ਼ ਬਾਂਸਲ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਦੇਸ਼ ਭਗਤ ਕਾਲਜ, ਬਰੜਵਾਲ (ਧੂਰੀ) ਦੇ 200 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਲੋਕ ਸਭਾ ਚੋਣਾਂ-2024 ਦੀਆਂ ਵੋਟਾਂ ਦੀ ਗਿਣਤੀ ਦੇਸ਼ ਭਗਤ ਕਾਲਜ ਬਰੜਵਾਲ (ਧੂਰੀ) ਵਿਖੇ 4 ਜੂਨ 2024 ਨੂੰ ਕੀਤੀ ਜਾਣੀ ਹੈ।ਇਸ ਮਹੱਤਵਪੂਰਨ ਕੰਮ ਨੂੰ ਨਿਰਵਿਘਨ ਤੇ ਸ਼ਾਂਤੀਪੂਰਵਕ ਢੰਗ ਨਾਲ ਨਿਪਟਾਉਣ ਲਈ ਇਸ ਕਾਲਜ ਦੇ ਇਰਦ ਗਿਰਦ 200 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਜਿਸ ਨਾਲ ਵੋਟਾਂ ਦੀ ਗਿਣਤੀ ਵਿੱਚ ਵਿਘਨ ਨਾ ਪੈ ਸਕੇ। ਇਹ ਹੁਕਮ 4 ਜੂਨ 2024 ਨੂੰ ਲਾਗੂ ਹੋਵੇਗਾ।

# ਰਵਨੀਤ ਬਿੱਟੂ ਵੱਲੋਂ ਨਿਰੰਤਰਤਾ ਤੇ ਵਿਕਾਸ ਲਈ ਵੋਟ ਪਾਉਣ ਦੀ ਅਪੀਲ



**ਜਗਰਾਉਂ (ਅਮਿਤ ਖੰਨਾ)**-ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਬਿੱਟੂ ਨੇ ਅੱਜ ਲੁਧਿਆਣਾ ਲੋਕ ਸਭਾ ਹਲਕੇ ਦੇ ਸਮੂਹ ਵੋਟਰਾਂ ਨੂੰ ਸਰਕਾਰ ਦੀ ਨਿਰੰਤਰਤਾ ਤੇ ਦੇਸ਼ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ 1 ਜੂਨ ਨੂੰ ਆਪਣੀ ਵੋਟ ਪਾਉਣ ਦੀ ਅਪੀਲ ਕੀਤੀ ਹੈ।ਇੱਕ ਬਿਆਨ ਵਿੱਚ ਬਿੱਟੂ ਨੇ ਕਿਹਾ ਕਿ ਵੋਟ ਪਾਉਣਾ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ ਤੇ ਉਨ੍ਹਾਂ ਨੂੰ ਹਰ ਪੰਜ ਸਾਲ ਬਾਅਦ ਲੋਕ ਸਭਾ ਵਿੱਚ ਆਪਣੇ ਨੁਮਾਇੰਦੇ ਚੁਣਨ ਦਾ ਮੌਕਾ ਮਿਲਦਾ ਹੈ।ਉਨ੍ਹਾਂ ਕਿਹਾ ਕਿ ਸਾਡੇ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ ਮਹਾਤਮਾ ਗਾਂਧੀ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੋਂ ਇਲਾਵਾ ਸੈਂਕੜੇ ਅਣਗੌਲੇ ਨਾਇਕਾਂ ਦੇ ਲੰਮੇ ਸੰਘਰਸ਼ ਤੇ ਮਹਾਨ ਕੁਰਬਾਨੀਆਂ ਤੋਂ ਬਾਅਦ ਮਿਲਿਆ ਹੈ।ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਨੇ ਬ੍ਰਿਟਿਸ਼ ਸ਼ਾਸਨ ਵਿਰੁੱਧ ਲੜਾਈ ਵਿੱਚ ਅਹਿਮ ਭੂਮਿਕਾ ਨਿਭਾਈ ਸੀ।ਉਨ੍ਹਾਂ ਕਿਹਾ ਕਿ 1 ਜੂਨ ਸਾਡੇ ਆਜ਼ਾਦੀ ਘੁਲਾਟੀਆਂ ਦਾ ਕਰਜ਼ਾ ਚੁਕਾਉਣ ਦਾ ਦਿਨ ਹੈ।ਬਿੱਟੂ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਲਿਖਣ ਵਾਲੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਆਮ ਨਾਗਰਿਕਾਂ ਨੂੰ ਵਿਧਾਨ ਸਭਾਵਾਂ ਤੇ ਪਾਰਲੀਮੈਂਟ ਦੇ ਮੈਂਬਰ ਚੁਣਨ ਦਾ ਅਧਿਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ 1 ਜੂਨ ਡਾ: ਅੰਬੇਡਕਰ ਤੇ ਉਨ੍ਹਾਂ ਦੇ ਭਾਰਤ ਦੇ ਵਿਚਾਰ ਨੂੰ ਯਾਦ ਕਰਨ ਦਾ ਦਿਨ ਸੀ।ਬਿੱਟੂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ।ਉਨ੍ਹਾਂ ਕਿਹਾ ਕਿ ਮੋਦੀ ਨੇ ਦੁਸ਼ਮਣ ਤਾਕਤਾਂ ਖ਼ਿਲਾਫ਼ ਸਖ਼ਤ ਸਟੈਂਡ ਲਿਆ ਤੇ ਕੌਮੀ ਸੁਰੱਖਿਆ ਨੂੰ ਪਹਿਲ ਦਿੱਤੀ।ਉਨ੍ਹਾਂ ਕਿਹਾ ਕਿ 1 ਜੂਨ ਉਸ ਨੂੰ ਨਿਰੰਤਰਤਾ ਦੇਣ ਤੇ ਦੇਸ਼ ਨੂੰ ਵਿਕਾਸ ਦੀਆਂ ਅਗਲੀਆਂ ਲੀਹਾਂ 'ਤੇ ਲਿਜਾਣ ਦਾ ਦਿਨ ਹੈ।ਬਿੱਟੂ ਨੇ ਲੁਧਿਆਣਾ ਦੇ ਵੋਟਰਾਂ ਨੂੰ ਯਾਦ ਦਿਵਾਇਆ ਕਿ ਜੇਕਰ ਉਹ ਇਸ ਵਾਰ ਸੰਸਦ 'ਚ ਪਹੁੰਚਦੇ ਹਨ ਤਾਂ ਕੇਂਦਰ ਦੀ ਮੋਦੀ ਸਰਕਾਰ ਨਾਲ ਮਿਲ ਕੇ ਲੁਧਿਆਣਾ ਦੀ ਕਾਇਆ ਕਲਪ ਕਰਨਗੇ।ਲੁਧਿਆਣਾ, ਪੰਜਾਬ ਦਾ ਮਾਨਚੈਸਟਰ ਇੱਕ ਵਾਰ ਫਿਰ ਹਰ ਪੱਖ ਤੋਂ ਵਿਕਾਸ ਤੇ ਖੁਸ਼ਹਾਲੀ ਦੇ ਮਾਮਲੇ ਵਿੱਚ ਵਿਸ਼ਵ ਭਰ ਵਿੱਚ ਹੋਵੇਗਾ।ਬਿੱਟੂ ਨੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਬੇਮਿਸਾਲ ਸਮਰਥਨ ਦੇਣ ਲਈ ਲੁਧਿਆਣਾ ਦੇ ਵੋਟਰਾਂ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਇਹ ਸੀਟ ਵੱਡੇ ਫਰਕ ਨਾਲ ਜਿੱਤਣਾ ਯਕੀਨੀ ਹੈ।

## ਤਨਖਾਹਾਂ ਤੋਂ ਵਾਂਝੇ ਪ੍ਰਾਇਮਰੀ ਅਧਿਆਪਕਾਂ ਵੱਲੋਂ ਸੰਘਰਸ਼ ਦਾ ਬਿਗੁਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਜ਼ਿਲ੍ਹੇ ਦੇ ਸੈਂਕੜੇ ਪ੍ਰਾਇਮਰੀ ਅਧਿਆਪਕਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਦੇ ਵਿਰੋਧ ਵਿੱਚ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਅਗਲੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਗਈ। ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਵਿਜੈ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਮਾਰਚ ਤੇ ਅਪ੍ਰੈਲ 2004 ਤੋਂ ਲੈ ਕੇ 2011 ਤੱਕ ਪ੍ਰਾਇਮਰੀ ਅਧਿਆਪਕਾਂ ਦੇ ਅੰਤਰ-ਜ਼ਿਲ੍ਹਾ ਤਬਾਦਲੇ ਕੀਤੇ ਗਏ, ਜਿਸ ਤੋਂ ਬਾਅਦ ਜ਼ਿਲ੍ਹੇ 'ਚ ਅਜਿਹੀ ਸਥਿਤੀ ਪੈਦਾ ਹੋ ਗਈ ਕਿ ਕਈ ਸਕੂਲਾਂ 'ਚ ਐੱਮ.ਆਈ.ਐੱਸ. ਤੇ ਅਧਿਆਪਕਾਂ ਦੀ ਗਿਣਤੀ ਮੁਤਾਬਕ ਅਸਾਮੀਆਂ ਖਾਲੀ ਨਾ ਹੋਣ ਕਾਰਨ ਤਨਖਾਹਾਂ ਜਾਰੀ ਨਹੀਂ ਹੋ ਸਕੀਆਂ।ਇਸ ਮਾਮਲੇ ਸੰਬੰਧੀ ਸਮੂਹ ਬਲਾਕ ਸਿੱਖਿਆ ਅਫ਼ਸਰ ਦਫ਼ਤਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਉਨ੍ਹਾਂ ਦੇ ਸਬੰਧਤ ਬਲਾਕਾਂ ਦੇ ਦੂਜੇ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਤਨਖਾਹਾਂ ਦਿੱਤੀਆਂ ਜਾਣ, ਪਰ ਇਹ ਹੁਕਮ ਵੀ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਿਆ।ਪੱਤਰ ਜਾਰੀ ਹੋਣ ਦੇ ਕਰੀਬ ਦੋ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ।ਅਧਿਆਪਕ ਅਜੇ ਵੀ ਤਨਖਾਹਾਂ ਦੀ ਉਡੀਕ ਕਰ ਰਹੇ ਹਨ।ਸਰਕਾਰੀ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਅਗਲੇ ਦੋ ਦਿਨਾਂ ਵਿੱਚ ਅਧਿਆਪਕਾਂ ਦੀ ਤਨਖਾਹ ਸਬੰਧੀ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਵੇਗੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਾਲਸਾ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਮਿਲੀਆਂ ਹਦਾਇਤਾਂ ਅਨੁਸਾਰ ਅਤੇ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਡਾ. ਗਗਨਦੀਪ ਕੌਰ, ਸਿਵਲ ਜੱਜ (ਸੀ.ਡ.)-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਿਵਲ ਸਰਜਨ ਦਫਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਆਸ਼ਾ ਵਰਕਰਾਂ ਤੇ ਆਮ ਲੋਕਾਂ ਨੂੰ ਨਸ਼ਿਆਂ ਸਬੰਧੀ ਜਾਗਰੂਕ ਕਰਨ ਲਈ ਸੈਮੀਨਾਰ ਕੀਤਾ। ਇਸ ਮੌਕੇ ਸੁਖਮਿੰਦਰ ਸਿੰਘ ਇੰਚਾਰਜ ਮਾਸ ਮੀਡੀਆ ਵੱਲੋਂ ਹਾਜ਼ਰ ਲੋਕਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਉਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਵੀ ਨਸ਼ੇ ਦਾ ਸੇਵਨ ਨਾ ਕਰਨ ਸਬੰਧੀ ਜਾਣਕਾਰੀ ਦਿੱਤੀ। ਇਸ ਦੌਰਾਨ ਸਕੱਤਰ ਕਾਨੂੰਨੀ ਸੇਵਾਵਾਂ ਵੱਲੋਂ ਹਾਜ਼ਰ ਆਮ ਲੋਕਾਂ ਨੂੰ ਤੰਦਰੁਸਤ ਸਮਾਜ ਸਿਰਜਣ ਲਈ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਪੰਜਾਬ ਦੀ ਤਰੱਕੀ ਲਈ ਅਪੀਲ ਕੀਤੀ। ਉਨ੍ਹਾ ਕਿਹਾ ਕਿ ਨੌਜਵਾਨ ਨਸ਼ੇ ਵਰਗੀ ਭੈੜੀ ਅਲਾਮਤ ਤੋਂ ਪੀੜਤ ਹਨ, ਜੋ ਵੀ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ, ਉਹ ਜ਼ਿਲ੍ਹਿਆਂ ਵਿੱਚ ਚੱਲ ਰਹੇ ਓਟ ਕਲੀਨਿਕ 'ਚ ਦਾਖਲ ਹੋ ਕੇ ਨਸ਼ਾ ਛੱਡ ਸਕਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਦਾ ਹਰੇਕ ਪਿੰਡ ਨਾਲ ਵਾਸਤਾ ਪੈਂਦਾ ਹੈ, ਇਸ ਕਰਕੇ ਤੁਸੀਂ ਇਸ ਸਬੰਧੀ ਉਨ੍ਹਾਂ ਪਰਵਾਰਾਂ ਦੇ ਬੱਚਿਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਈ ਜਾ ਰਹੀ ਸਕੀਮਾਂ ਸਬੰਧੀ ਵੀ ਜਾਣਕਾਰੀ ਮੁਹੱਈਆ ਕਰਵਾਓ। ਇਸ ਮੌਕੇ ਸੁਖਮਿੰਦਰ ਸਿੰਘ ਇੰਚਾਰਜ ਮਾਸ ਮੀਡੀਆਂ ਵੱਲੋਂ ਹਾਜ਼ਰ ਲੋਕਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਉਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਵੱਲੋਂ ਵੀ ਨਸ਼ੇ ਦੇ ਸੇਵਨ ਨਾ ਕਰਨ ਸਬੰਧੀ ਵੀ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਡਾ. ਨਵਜੋਤ ਕੌਰ ਸਿਵਲ ਸਰਜਨ, ਡਾ. ਕੁਲਤਾਰ ਤੇ ਉਨ੍ਹਾ ਦਾ ਸਟਾਫ ਵੀ ਹਾਜ਼ਰ ਸੀ।

## ਲੋਕ ਸਭਾ ਚੋਣਾਂ ਨੇਪਰੇ ਚੜ੍ਹਾਉਣ ਲਈ ਸਾਰੇ ਪ੍ਰਬੰਧ ਮੁਕੰਮਲ : ਜਤਿੰਦਰ ਜੋਰਵਾਲ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਚੋਣਾਂ ਤਹਿਤ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਦੀ ਸਮੁੱਚੀ ਪ੍ਰਕਿਰਿਆ ਨੂੰ ਸ਼ਾਂਤੀਪੂਰਵਕ, ਪਾਰਦਰਸ਼ੀ ਤੇ ਸੁਰੱਖਿਅਤ ਮਾਹੌਲ ਵਿੱਚ ਨੇਪਰੇ ਚੜ੍ਹਾਉਣ ਲਈ ਸਮੁੱਚੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਇਹ ਜਾਣਕਾਰੀ ਦਿੰਦਿਆਂ ਲੋਕ ਸਭਾ ਹਲਕਾ 12-ਸੰਗਰੂਰ ਦੇ ਰਿਟਰਨਿੰਗ ਅਫ਼ਸਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਲੋਕ ਸਭਾ ਹਲਕਾ ਸੰਗਰੂਰ ਵਿੱਚ 23 ਉਮੀਦਵਾਰ ਚੋਣ ਮੈਦਾਨ ਵਿੱਚ ਹਨ।ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ ਸੰਗਰੂਰ ਦੇ ਕੁੱਲ 15 ਲੱਖ 56 ਹਜ਼ਾਰ 601 ਵੋਟਰਾਂ ਵੱਲੋਂ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕੀਤੀ ਜਾਵੇਗੀ, ਜਿਨ੍ਹਾਂ ਵਿੱਚ 8 ਲੱਖ 24 ਹਜ਼ਾਰ 001 ਮਰਦ ਵੋਟਰ, 7 ਲੱਖ 32 ਹਜ਼ਾਰ 554 ਮਹਿਲਾ ਵੋਟਰ ਤੇ ਟਰਾਂਸਜੈਂਡਰ 46 ਵੋਟਰ ਸ਼ਾਮਲ ਹਨ।ਉਨ੍ਹਾਂ ਨੇ ਦੱਸਿਆ ਕਿ ਹਲਕੇ ਵਿੱਚ ਕੁੱਲ 1765 ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿੱਥੇ ਵੋਟ ਪਾਉਣ ਦੀ ਪ੍ਰਕਿਰਿਆ ਸਵੇਰੇ 7 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਚੱਲੇਗੀ।ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਸਮੁੱਚੀ ਚੋਣ ਪ੍ਰਕਿਰਿਆ ਨੂੰ ਸਫ਼ਲਤਾ ਤੇ ਅਮਨ-ਕਾਨੂੰਨ ਨਾਲ ਨੇਪਰੇ ਚੜ੍ਹਾਉਣ ਵਿੱਚ ਜ਼ਿਲ੍ਹਾ ਪੁਲਸ ਤੇ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦੇਣ।ਉਨ੍ਹਾਂ ਸਮੂਹ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਜ਼ਰੂਰ ਕਰਨ ਦੀ ਅਪੀਲ ਵੀ ਕੀਤੀ।ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵੀ ਵਿਅਕਤੀ ਕਿਸੇ ਵੀ ਨਾਗਰਿਕ ਨੂੰ ਵੋਟ ਪਾਉਣ ਦੇ ਇਵਜ਼ ਵਿੱਚ ਧਨ ਜਾਂ ਉਪਹਾਰ ਦੀ ਪੇਸ਼ਕਸ਼ ਕਰਦਾ ਹੈ ਜਾਂ ਡਰਾਉਂਦਾ ਜਾਂ ਧਮਕਾਉਂਦਾ ਹੈ ਤਾਂ ਇਸ ਸਬੰਧੀ 24 ਘੰਟੇ ਕੰਮ ਕਰਨ ਵਾਲੇ ਸ਼ਿਕਾਇਤ ਸੈੱਲ ਵਿਖੇ ਟੋਲ ਫਰੀ ਫੋਨ ਨੰਬਰ 1950 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਲਹਿਰਾ, ਦਿੜ੍ਹਬਾ, ਸੁਨਾਮ, ਧੂਰੀ, ਸੰਗਰੂਰ, ਭਦੌੜ, ਬਰਨਾਲਾ, ਮਹਿਲ ਕਲਾਂ, ਤੇ ਮਲੇਰਕੋਟਲਾ ਵਿਧਾਨ ਸਭਾ ਸੈਗਮੈਂਟਾਂ ਤੋਂ ਸਬੰਧਤ ਸਹਾਇਕ ਰਿਟਰਨਿੰਗ ਅਫਸਰਾਂ ਦੀ ਨਿਗਰਾਨੀ ਹੇਠ ਪੋਲਿੰਗ ਪਾਰਟੀਆਂ ਚੋਣ ਸਮੱਗਰੀ ਸਮੇਤ ਆਪੋ ਆਪਣੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ 4828, ਮਲੇਰਕੋਟਲਾ ਵਿੱਚ 694 ਤੇ ਬਰਨਾਲਾ ਵਿੱਚ 2232 ਚੋਣ ਕਰਮਚਾਰੀਆਂ ਦੀ ਤਾਇਨਾਤੀ ਕੀਤੀ ਗਈ ਹੈ।ਇਸ ਤੋਂ ਇਲਾਵਾ ਜ਼ਿਲ੍ਹਾ ਸੰਗਰੂਰ ਵਿੱਚ 3000 ਤੋਂ ਵਧੇਰੇ ਸੁਰੱਖਿਆ ਮੁਲਾਜ਼ਮ ਚੋਣ ਪ੍ਰਕਿਰਿਆ ਦੌਰਾਨ ਸੇਵਾਵਾਂ ਪ੍ਰਦਾਨ ਕਰਨਗੇ।ਉਨ੍ਹਾਂ ਦੱਸਿਆ ਕਿ ਸੀਏਪੀਐੱਫ ਤੇ ਸਟੇਟ ਆਰਮਡ ਪੁਲਸ ਵੀ ਸੁਰੱਖਿਆ ਤੇ ਅਮਨ ਕਾਨੂੰਨ ਨੂੰ ਯਕੀਨੀ ਬਣਾਉਣ ਲਈ ਕਾਰਜਸ਼ੀਲ ਹੈ।

## ਹਲਕਾ ਜਗਰਾਉਂ 'ਚ ਪੋਲਿੰਗ ਪਾਰਟੀਆਂ ਦੀ ਚੋਣ ਬੂਥਾਂ ਲਈ ਰਵਾਨਗੀ, ਪ੍ਰਬੰਧ ਮੁਕੰਮਲ : ਕੋਹਲੀ



**ਜਗਰਾਉਂ (ਅਮਿਤ ਖੰਨਾ)**-ਲੋਕ ਸਭਾ ਚੋਣਾਂ 2024 ਲਈ ਵਿਧਾਨ ਸਭਾ ਹਲਕਾ ਜਗਰਾਉਂ ਵਿੱਚ ਪੋਲਿੰਗ ਪਾਰਟੀਆਂ ਦੀ ਰਵਾਨਗੀ ਲਾਜਪਤ ਰਾਏ ਡੀਏਵੀ ਕਾਲਜ ਜਗਰਾਉਂ ਤੋਂ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਰਿਟਰਨਿੰਗ ਅਫਸਰ-ਕਮ-ਉਪ ਮੰਡਲ ਅਫਸਰ ਜਗਰਾਉਂ ਗੁਰਬੀਰ ਸਿੰਘ ਕੋਹਲੀ ਨੇ ਦੱਸਿਆ ਕਿ ਹਲਕਾ ਜਗਰਾਉਂ ਵਿੱਚ ਕੁੱਲ 198 ਬੂਥਾਂ 'ਤੇ ਚੋਣ ਹੋਣ ਜਾ ਰਹੀ ਹੈ ਅਤੇ ਇਨ੍ਹਾਂ ਬੂਥਾਂ ਲਈ ਜ਼ਿਲ੍ਹਾ ਚੋਣ ਅਫਸਰ ਲੁਧਿਆਣਾ ਵੱਲੋਂ ਬਣਾਈਆਂ ਗਈਆਂ ਪੋਲਿੰਗ ਪਾਰਟੀਆਂ ਨੂੰ ਸਮੇਂ ਸਿਰ ਰਵਾਨਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਹਲਕਾ ਜਗਰਾਉਂ ਦੀ ਚੋਣ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ 18 ਸੈਕਟਰ ਅਫਸਰ ਤੇ 5 ਵਿਸ਼ੇਸ਼ ਕਾਰਜਕਾਰੀ ਅਫਸਰ ਨਿਯੁਕਤ ਕੀਤੇ ਗਏ ਹਨ, ਜੋ ਕਿ 31 ਮਈ ਤੇ 1 ਜੂਨ ਨੂੰ ਆਪਣੇ-ਆਪਣੇ ਬੂਥਾਂ ਦਾ ਧਿਆਨ ਰੱਖਣਗੇ।ਇਸ ਤੋਂ ਇਲਾਵਾ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਨੋਡਲ ਅਫਸਰ ਨਿਯੁਕਤ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਪੋਲਿੰਗ ਸਟਾਫ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਸਮੁੱਚੇ ਹਲਕੇ ਅੰਦਰ ਮਾਡਲ ਬੂਥ ਤੇ ਗ੍ਰੀਨ ਬੂਥ ਬਣਾਏ ਗਏ ਹਨ ਤੇ ਬੂਥ ਨੰ. 74 ਨੂੰ ਪਿੰਕ ਬੂਥ ਬਣਾਇਆ ਗਿਆ ਹੈ।ਇਸ ਮੌਕੇ ਅਮਿਤ ਸਰੀਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਲੁਧਿਆਣਾ ਨੇ ਵੀ ਉਚੇਚੇ ਤੌਰ 'ਤੇ ਡਿਸਪੈਚ ਸੈਂਟਰ ਦਾ ਦੌਰਾ ਕੀਤਾ।ਐੱਸ ਡੀ ਐੱਮ ਕੋਹਲੀ ਨੇ ਦੱਸਿਆ ਕਿ 198 ਪੋਲਿੰਗ ਪਾਰਟੀਆਂ ਤੇ ਵਾਧੂ ਪੋਲਿੰਗ ਸਟਾਫ ਲਈ ਕਾਲਜ ਵਿੱਚ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਤੇ 31 ਮਈ ਰਾਤ ਦੇ ਖਾਣੇ ਅਤੇ 1 ਜੂਨ ਨੂੰ ਸਵੇਰ ਤੇ ਦੁਪਹਿਰ ਦੇ ਖਾਣੇ ਦਾ ਪੋਲਿੰਗ ਬੂਥਾਂ 'ਤੇ ਪ੍ਰਬੰਧ ਕੀਤਾ ਗਿਆ ਹੈ ਅਤੇ ਇਸ ਨਾਲ-ਨਾਲ ਰਾਤ ਠਹਿਰਨ ਲਈ ਬਿਸਤਰਿਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਅਤੇ ਸਾਡੀ ਪੂਰੀ ਕੋਸ਼ਿਸ਼ ਹੈ ਕਿ ਕਿਸੇ ਵੀ ਪੋਲਿੰਗ ਸਟਾਫ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਹਲਕੇ ਵਿੱਚ ਚੋਣਾਂ ਸ਼ਾਂਤਮਈ ਤੇ ਸੁਖਾਵੇਂ ਮਾਹੌਲ ਵਿੱਚ ਸੰਪੰਨ ਕਰਨ ਲਈ ਪੁਲਸ ਪ੍ਰਸ਼ਾਸਨ ਦੇ ਨਾਲ ਤਾਲਮੇਲ ਕਰਕੇ ਸਮੁੱਚੇ ਇਲਾਕੇ ਵਿੱਚ ਪੁਲਸ ਪਾਰਟੀਆਂ ਪੂਰੀ ਤਰ੍ਹਾਂ ਨਾਲ ਕੰਮ ਕਰ ਰਹੀਆਂ ਹਨ।

## ਪੋਲਿੰਗ ਬੂਥਾਂ 'ਤੇ ਲਗਾਈਆਂ ਜਾਣਗੀਆਂ ਛਬੀਲਾਂ : ਗੋਇਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੋਕਤੰਤਰ ਦੇ ਤਿਉਹਾਰ ਵਜੋਂ ਜਾਣੀਆਂ ਜਾਂਦੀਆਂ ਲੋਕ ਸਭਾ ਚੋਣਾਂ ਪੂਰੇ ਪੰਜਾਬ ਅੰਦਰ ਅੱਜ ਹੋਣ ਜਾ ਰਹੀਆਂ ਹਨ ਤੇ ਇਨ੍ਹੀਂ ਦਿਨੀਂ ਤਾਪਮਾਨ ਪੂਰੇ ਆਪਣੇ ਸਿਖਰ 'ਤੇ ਹੈ, ਜੋ ਆਮ ਲੋਕਾਂ ਲਈ ਸਹਿਣ ਕਰਨਾ ਮੁਸ਼ਕਲ ਹੈ।ਇਸ ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫ਼ਸਰ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਕਲੀਨ ਐਂਡ ਗਰੀਨ ਸੇਵਾ ਸੁਸਾਇਟੀ, ਸ੍ਰੀ ਅਗਰਵਾਲ ਸਮਾਜ ਸਭਾ ਅਤੇ ਸ਼੍ਰੀਮਦ ਭਾਗਵਤ ਕਥਾ ਸੇਵਾ ਸੁਸਾਇਟੀ ਦੇ ਪ੍ਰਧਾਨ ਤਰਸੇਮ ਗੋਇਲ ਵੱਲੋਂ ਆਪਣੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਬਾਗ ਵਾਲਾ ਸਕੂਲ, ਸਰਵਹਿੱਤਕਾਰੀ ਵਿੱਦਿਆ ਮੰਦਰ ਤੇ ਗੁਰੂ ਨਾਨਕ ਕਾਲਜ ਵਿਖੇ ਸਥਾਪਤ ਕੀਤੇ ਗਏ ਪੋਲਿੰਗ ਬੂਥਾਂ 'ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਜਾ ਰਹੀ ਹੈ।ਇਸ ਤੋਂ ਇਲਾਵਾ ਗੋਇਲ ਨੇ ਦੱਸਿਆ ਕਿ ਇਥੇ ਵੋਟਰਾਂ ਦੀ ਸਿਹਤ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਹਵਾ, ਪਾਣੀ ਤੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਗਿਆ।ਉਨ੍ਹਾਂ ਸ਼ਹਿਰ ਵਾਸੀਆਂ ਤੇ ਆਮ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਪੂਰੇ ਉਤਸ਼ਾਹ ਨਾਲ ਆਪਣੀ ਵੋਟ ਦਾ ਇਸਤੇਮਾਲ ਕਰਨ।

## ਪੰਜਾਬੀ ਯੂਨੀਵਰਸਿਟੀ ਦੇ ਤੀਰਅੰਦਾਜ਼ਾਂ ਪੈਰਾ-ਓਲੰਪਿਕਸ ਟਰਾਇਲ 'ਚ ਪਹਿਲਾ ਸਥਾਨ ਜਿੱਤਿਆ



**ਪਟਿਆਲਾ (ਪੱਤਰ ਪ੍ਰੇਰਕ)**-ਪੰਜਾਬੀ ਯੂਨੀਵਰਸਿਟੀ ਦੇ ਦੋ ਪੈਰਾ ਤੀਰਅੰਦਾਜ਼ ਪੂਜਾ ਤੇ ਹਰਵਿੰਦਰ ਸਿੰਘ ਨੇ ਸੋਨੀਪਤ ਵਿਖੇ ਹੋਏ ਤੀਜੇ ਪੈਰਾ-ਓਲੰਪਿਕਸ ਟਰਾਇਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਦੋਹੇਂ ਖਿਡਾਰੀ ਚੈੱਕ ਰਿਪਬਲਿਕ ਵਿਖੇ ਹੋਣ ਵਾਲੇ ਵਿਸ਼ਵ ਰੈਂਕਿੰਗ ਟੂਰਨਾਮੈਂਟ ਲਈ ਚੁਣੇ ਗਏ ਹਨ।ਯੂਨੀਵਰਸਿਟੀ ਵਿਖੇ ਖੇਡ ਵਿਭਾਗ ਦੇ ਡਾਇਰੈਕਟਰ ਪ੍ਰੋ. ਅਜੀਤਾ ਵੱਲੋਂ ਦੋਹਾਂ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਸੁਰਿੰਦਰ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ ਗਈ।ਜ਼ਿਕਰਯੋਗ ਹੈ ਕਿ ਪੈਰਾ-ਓਲੰਪਿਕਸ 2020 ਦੌਰਾਨ ਹਰਵਿੰਦਰ ਸਿੰਘ ਨੇ ਕਾਂਸ਼ੀ ਤਮਗਾ ਜਿੱਤਿਆ ਸੀ ਤੇ ਪੂਜਾ ਨੂੰ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ ਚਾਂਦੀ ਤਮਗਾ ਹਾਸਲ ਹੈ।

## ਮੁੱਖ ਮੰਤਰੀ ਦੇ ਫੀਡਬੈਕ 'ਚ ਸ਼ਿਕਾਇਤਾਂ ਦੇ ਅੰਬਾਰ

### ਲੋਕ ਸਭਾ ਚੋਣਾਂ ਤੋਂ ਬਾਅਦ ਮਾਯੂਸ ਦਿਸ ਰਹੀ ਹਰਿਆਣਾ ਭਾਜਪਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਲੋਕ ਸਭਾ ਚੋਣਾਂ ਤੋਂ ਬਾਅਦ ਮਾਯੂਸ ਹੋਈ ਹਰਿਆਣਾ ਭਾਜਪਾ ਵਿੱਚ ਵੱਡੀ ਹਲਚਲ ਵੇਖਣ ਨੂੰ ਮਿਲ ਰਹੀ ਹੈ।ਸਰਕਾਰ ਜ਼ਿਲ੍ਹਾ ਪ੍ਰਧਾਨਾਂ ਤੋਂ ਰਿਪੋਰਟ ਲੈ ਕੇ ਭਾਜਪਾ ਨੂੰ ਚੋਣਾਂ ਵਿੱਚ ਹਰਾਉਣ ਦੇ ਸੁਪਨੇ ਦੇਖਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕਰ ਸਕਦੀ ਹੈ, ਜਿਸ ਤਹਿਤ ਨੂਹ ਵਰਗੇ ਖੇਤਰਾਂ 'ਚ ਤਬਾਦਲੇ, ਡੈਪੂਟੇਸ਼ਨ ਤੇ ਗ੍ਰਹਿ ਜ਼ਿਲ੍ਹੇ ਤੋਂ ਦੂਰ ਤਾਇਨਾਤੀ ਵਰਗੀਆਂ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਅਧਿਕਾਰੀਆਂ ਨੂੰ ਸਬਕ ਸਿਖਾਇਆ ਜਾ ਸਕੇ।ਤੁਹਾਨੂੰ ਦੱਸ ਦੇਈਏ ਕਿ ਸੀ ਐੱਮ ਨਾਇਬ ਸੈਣੀ ਹਰਿਆਣਾ ਦੀ ਨੌਕਰਸ਼ਾਹੀ ਤੋਂ ਵੀ ਨਾਰਾਜ਼ ਹਨ।ਇਹੀ ਨਹੀਂ ਸੀ ਐੱਮ ਨਾਇਬ ਸਿੰਘ ਸੈਣੀ ਨੇ ਕਮਾਨ ਆਪਣੇ ਹੱਥਾਂ ਵਿੱਚ ਲੈ ਕੇ ਸੂਬੇ ਦੇ ਸਾਰੇ ਜ਼ਿਲ੍ਹਾ ਮੁਖੀਆਂ ਦੀ ਮੀਟਿੰਗ ਬੁਲਾਈ ਹੈ।ਦੱਸਿਆ ਜਾ ਰਿਹਾ ਹੈ ਕਿ ਭਾਜਪਾ ਦੇ 5 ਜ਼ਿਲ੍ਹਾ ਪ੍ਰਧਾਨਾਂ ਨੇ ਫੀਡਬੈਕ ਦੌਰਾਨ ਪੈਸਿਆਂ ਦਾ ਗਬਨ, ਪਾਰਟੀ ਲਈ ਕੰਮ ਨਾ ਕਰਨਾ ਅਤੇ ਚੋਣਾਂ 'ਚ ਵਿਰੋਧੀਆਂ ਦੀ ਮਦਦ ਕਰਨ ਵਰਗੇ ਦੋਸ਼ ਲਾਏ ਗਏ ਹਨ।ਇਨ੍ਹਾਂ ਸਾਰੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਪੂਰੇ ਸੂਬੇ ਦੇ ਜ਼ਿਲ੍ਹਾ ਪ੍ਰਧਾਨਾਂ ਨੂੰ ਬੁਲਾਇਆ ਗਿਆ ਹੈ। ਮੀਟਿੰਗ ਵਿੱਚ ਮੁੱਖ ਮੰਤਰੀ ਸਖ਼ਤ ਸੰਦੇਸ਼ ਦੇ ਸਕਦੇ ਹਨ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਸਿਰਸਾ, ਫਤਿਹਾਬਾਦ, ਜੀਂਦ, ਹਿਸਾਰ ਦੇ ਜ਼ਿਲ੍ਹਾ ਪ੍ਰਧਾਨਾਂ ਖਿਲਾਫ ਵੀ ਕਾਰਵਾਈ ਕਰ ਸਕਦੇ ਹਨ।

# ਨਸ਼ਿਆਂ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਲੋੜ : ਡਾ. ਹਰਦੇਵ ਸਿੰਘ

## ਤੰਬਾਕੂ ਦਾ ਸੇਵਨ ਮਨੁੱਖ ਦੀ ਜ਼ਿੰਦਗੀ ਲਈ ਘਾਤਕ : ਸਿਵਲ ਸਰਜਨ




**ਮਾਨਸਾ (ਆਤਮਾ ਸਿੰਘ ਪਮਾਰ)**

ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਮਾਨਸਾ ਸ੍ਰ. ਪਰਮਵੀਰ ਸਿੰਘ ਆਈ.ਏ.ਐੱਸ. ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਹਰਦੇਵ ਸਿੰਘ ਸਿਵਲ ਸਰਜਨ ਮਾਨਸਾ ਦੀ ਰਹਿਨੁਮਈ ਹੇਠ ਠੂਠਿਆਂਵਾਲੀ ਵਾਲੀ ਰੋਡ ਮਾਨਸਾ ਵਿਖੇ 'ਵਿਸ਼ਵ ਨੋ ਤੰਬਾਕੂ ਦਿਵਸ', 'ਤੰਬਾਕੂ ਦੀ ਆਦਤ, ਕੈਂਸਰ ਨੂੰ ਦਾਵਤ' ਥੀਮ ਅਧੀਨ ਮਨਾਇਆ ਗਿਆ। ਇਸ ਮੌਕੇ ਸਾਈਨ ਬੋਰਡ ਤੇ ਬੈਨਰ ਰਿਲੀਜ਼ ਕਰਦਿਆਂ ਡਾ. ਹਰਦੇਵ ਸਿੰਘ ਸਿਵਲ ਸਰਜਨ ਮਾਨਸਾ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਵਿੱਚ ਵੱਖ-ਵੱਖ ਸਿਹਤ ਸੰਸਥਾਵਾਂ ਤੇ ਹੋਰ ਅਦਾਰਿਆਂ ਵਿਖੇ ਤੰਬਾਕੂ ਦਿਵਸ ਮਨਾਇਆ ਗਿਆ ਅਤੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਚੋਣ ਕਮਿਸ਼ਨਰ ਪੰਜਾਬ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਮਾਨਸਾ ਵਿਖੇ ਸਾਰੇ ਪੋਲਿੰਗ ਬੂਥਾਂ ਉੱਪਰ ਨੋ ਤੰਬਾਕੂ ਸਬੰਧੀ ਸਾਈਨ ਬੋਰਡ ਦੀ ਸਿਹਤ ਵਿਭਾਗ ਵੱਲੋਂ ਮਹੱਈਆ ਕਰਵਾਏ ਗਏ, ਇਸ ਸਾਲ ਤੰਬਾਕੂ ਵਿਰੋਧੀ ਦਿਵਸ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਹੈ। ਹਰ 31 ਮਈ ਨੂੰ ਕੌਮਾਂਤਰੀ ਪੱਧਰ 'ਤੇ ਤੰਬਾਕੂ ਵਿਰੋਧੀ ਦਿਵਸ ਵਿਸ਼ਵ ਸਿਹਤ ਸੰਸਥਾ ਵੱਲੋਂ ਸਮਾਜਿਕ, ਧਾਰਮਿਕ ਤੇ ਸਿਹਤ ਨਾਲ ਸਬੰਧਤ ਸੰਸਥਾਵਾਂ ਵੱਲੋਂ ਮਨਾਇਆ ਜਾਂਦਾ ਹੈ।

ਦਰਸ਼ਨ ਸਿੰਘ ਧਾਲੀਵਾਲ ਜ਼ਿਲ੍ਹਾ ਨੋਡਲ ਅਫਸਰ ਮਾਨਸਾ ਨੇ ਬੋਲਦਿਆਂ ਦੱਸਿਆ ਕਿ ਭਾਰਤ ਵਿੱਚ ਹਰ ਰੋਜ਼ ਚਾਰ ਹਜ਼ਾਰ ਤੋਂ ਵੱਧ ਬਾਲਗ ਮੌਤਾਂ ਹੋ ਜਾਂਦੀਆਂ ਹਨ, ਹਰ ਸਾਲ ਲਗਪਗ 49 ਲੱਖ ਲੋਕ ਤੰਬਾਕੂ ਦੀ ਵਰਤੋਂ ਕਰਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।ਤੰਬਾਕੂ ਨਾਲ ਮੂੰਹ ਦਾ ਕੈਂਸਰ, ਗਲੇ ਦਾ ਕੈਂਸਰ, ਜਬਾੜੇ ਦਾ ਕੈਂਸਰ, ਜੀਭ ਦਾ ਕੈਂਸਰ ਤੇ ਫੇਫੜਿਆਂ ਦਾ ਕੈਂਸਰ ਬਹੁਤ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ।ਤੰਬਾਕੂ ਦਾ ਸੇਵਨ ਕਰਨ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੀ ਵਧਦਾ ਹੈ।ਤੰਬਾਕੂ ਦਾ ਸੇਵਨ ਕਰਨ ਨਾਲ ਹਰ ਸਾਲ ਭਾਰਤ ਵਿੱਚ ਮੂੰਹ ਦੇ ਕੈਂਸਰ ਦੇ ਤਿੰਨ ਲੱਖ ਨਵੇਂ ਮਾਮਲੇ ਦਿਲ ਦੀਆਂ ਬਿਮਾਰੀਆਂ ਦੇ 58 ਲੱਖ ਕੇਸ ਤੇ ਤੰਬਾਕੂ ਨਾਲ ਸਬੰਧਤ ਹੋਰ ਖਤਰਨਾਕ ਬੀਮਾਰੀਆਂ ਦੇ 80 ਲੱਖ ਕੇਸ ਸਾਹਮਣੇ ਆਉਂਦੇ ਹਨ। ਇਸ ਮੌਕੇ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ, ਡਾ. ਹਰਪ੍ਰੀਤ ਕੌਰ ਡੀ ਐੱਮ ਸੀ, ਡਾਕਟਰ ਹਰਜਿੰਦਰ ਸਿੰਘ, ਅਵਤਾਰ ਸਿੰਘ ਡੀ ਪੀ ਐਮ, ਪ੍ਰਤਾਪ ਸਿੰਘ ਸੁਪ੍ਰਿੰਟੈਂਡੈਂਟ, ਗਿਰਧਾਰੀ ਲਾਲ, ਰਾਮ ਕੁਮਾਰ, ਗੁਰਜਿੰਦਰ, ਜੀਤ ਸ਼ਰਮਾ ਤੇ ਹੋਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ।

# ਦਵਾ ਵਿਗਿਆਨੀ ਬੀ ਐੱਸ ਔਲਖ ਵੱਲੋਂ ਪੰਜਾਬ ਸੀਨੀਅਰ ਵੈਟਸ ਐਸੋਸੀਏਸ਼ਨ ਦੀ ਚੁਣੌਤੀ ਸਵੀਕਾਰ

**ਲੁਧਿਆਣਾ (ਐੱਮ ਐੱਸ ਭਾਟੀਆ)**-ਬੀਤੇ ਦਿਨ ਪੰਜਾਬੀ ਜਾਗਰਣ ਅਖ਼ਬਾਰ ਦੇ ਸਥਾਨਕ 29 ਮਈ ਦੇ ਖਰੜ ਐਡੀਸ਼ਨ ਵਿੱਚ ਪੰਜਾਬ ਸੀਨੀਅਰ ਵੈਟਸ ਐਸੋਸੀਏਸ਼ਨ ਦੇ ਹਵਾਲੇ ਨਾਲ ਛਪੀ ਖ਼ਬਰ ਦਾ ਨੋਟਿਸ ਲੈਂਦੇ ਹੋਏ ਦਵਾ ਵਿਗਿਆਨੀ ਸ੍ਰੀ ਬੀ ਐੱਸ ਔਲਖ ਨੇ ਉਕਤ ਐਸੋਸੀਏਸ਼ਨ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਇਸ ਦਾ ਸਵਾਗਤ ਕੀਤਾ ਹੈ।ਇਸ ਮੌਕੇ ਕਿਸਾਨ ਜਥੇਬੰਦੀਆਂ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਸਭਾ ਤੇ ਕਿਰਤੀ ਕਿਸਾਨ ਯੂਨੀਅਨ ਨੇਤਾਵਾਂ ਬਲਬੀਰ ਸਿੰਘ ਰਾਜੇਵਾਲ, ਬਲਦੇਵ ਸਿੰਘ ਨਿਹਾਲਗੜ੍ਹ, ਰਮਿੰਦਰ ਸਿੰਘ ਪਟਿਆਲਾ ਤੇ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਉਹ ਕਿਸੇ ਵੀ ਵਿਅਕਤੀ ਜਾਂ ਸੰਸਥਾ ਦੀ ਬੇਮਤਲਬ ਹਮਾਇਤ ਨਹੀਂ ਕਰਦੇ, ਬਲਕਿ ਵਿਗਿਆਨ, ਸਚਾਈ ਤੇ ਤਰਕਸ਼ੀਲਤਾ ਨਾਲ ਜੁੜੇ ਵਿਚਾਰਾਂ ਦੇ ਨਾਲ ਹੀ ਹਮੇਸ਼ਾ ਖੜੇ ਹਨ।ਉਨ੍ਹਾਂ ਕਿਹਾ ਕਿ ਇਹ ਵਿਸ਼ਾ ਬੇਸ਼ੱਕ ਨਵਾਂ ਹੈ, ਪਰ ਫਿਰ ਵੀ ਕਿਸਾਨ ਯੂਨੀਅਨਾਂ ਚਾਹੁਣਗੀਆਂ ਕਿ ਇਸ ਉੱਪਰ ਭਰਵੀਂ ਤੇ ਉਸਾਰੂ ਬਹਿਸ ਹੋਵੇ ਤਾਂ ਕਿ ਸਮਾਜ ਤੇ ਖਾਸਕਰ ਕਿਸਾਨਾਂ ਨੂੰ ਇਸ ਤੋਂ ਕੋਈ ਲਾਹੇਵੰਦਾ ਹੱਲ ਮਿਲ ਸਕੇ।ਬੀ ਐੱਸ ਔਲਖ ਨੇ ਕਿਹਾ ਕਿ ਉਹ ਪੰਜਾਬ ਦੇ ਸੀਨੀਅਰ ਵੈਟਰਨਰੀ ਵੈਟਰਨਜ਼ ਦੀ ਬੜੀ ਇੱਜ਼ਤ ਕਰਦੇ ਹਨ, ਪਰ ਫਿਰ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਬਜਾਏ ਅਗਰ ਐਨੀਮਲ ਹਸਬੈਂਡਰੀ ਡਿਪਾਰਮੈਂਟ ਦਾ ਕੋਈ ਮੌਜੂਦਾ ਜ਼ੁੰਮੇਵਾਰ ਸੀਨੀਅਰ ਅਧਿਕਾਰੀ ਇਸ ਬਾਬਤ ਆਪਣੇ ਵਿਚਾਰ ਰੱਖਦਾ ਤਾਂ ਉਨ੍ਹਾਂ ਨੂੰ ਇਸ ਤੋਂ ਵੀ ਵੱਧ ਖੁਸ਼ੀ ਹੁੰਦੀ।ਉਨ੍ਹਾਂ ਕਿਹਾ ਕਿ ਇਹ ਵਿਗਿਆਨ ਦਾ ਮਾਮਲਾ ਹੈ ਤੇ ਇੱਥੇ ਕਿਸੇ ਨੂੰ ਚੁਣੌਤੀ ਦੇਣਾ ਜਾਂ ਸਵੀਕਾਰ ਕਰਨਾ ਜਾਂ ਕਿਸੇ ਨੂੰ ਅਖੌਤੀ ਵਿਗਿਆਨਕ ਕਹਿਣਾ ਪੰਜਾਬ ਦੇ ਮਾਣਯੋਗ ਸਾਬਕਾ ਸੀਨੀਅਰ ਵੈਟਰਨਰੀ ਅਫ਼ਸਰਾਂ ਨੂੰ ਸ਼ੋਭਾ ਨਹੀਂ ਦਿੰਦਾ।ਉਨ੍ਹਾਂ ਕਿਹਾ ਕਿ ਕੋਈ ਵੀ ਬੰਦਾ ਅਖੌਤੀ ਵਿਗਿਆਨਕ ਨਹੀਂ ਹੁੰਦਾ, ਬਲਕਿ ਉਹ ਜਾਂ ਤਾਂ ਵਿਗਿਆਨਕ ਹੁੰਦਾ ਹੈ ਜਾਂ ਫਿਰ ਨਹੀਂ ਹੁੰਦਾ ਅਤੇ ਵਿਗਿਆਨ ਦੇ ਸ਼ਾਨਦਾਰ ਇਤਿਹਾਸ ਵਿੱਚ ਬਹੁਤ ਸਾਰੀਆਂ ਮਾਨਤਾਵਾਂ ਤੇ ਧਾਰਨਾਵਾਂ ਮੌਜੂਦ ਹਨ, ਜੋ ਕਿਸੇ ਵਿਅਕਤੀ ਦਾ ਵਿਗਿਆਨਕ ਹੋਣਾ ਜਾਂ ਫਿਰ ਨਾ ਹੋਣਾ ਤੈਅ ਕਰਦੀਆਂ ਹਨ।ਵਿਗਿਆਨਕ ਹੋਣਾ ਕਿਸੇ ਡਿਗਰੀ ਜਾਂ ਅਹੁਦੇ ਨਾਲ ਜੁੜੇ ਹੋਣ ਤੋਂ ਤੈਅ ਨਹੀਂ ਹੁੰਦਾ, ਬਲਕਿ ਮਾਣਮੱਤੇ ਵਿਗਿਆਨਕ ਵਿਰਸੇ ਅਨੁਸਾਰ ਦੁਨੀਆ ਦੀ ਸਭ ਤੋਂ ਪਹਿਲੀ ਚੇਚਕ ਦੀ ਵੈਕਸੀਨ ਦੀ ਖੋਜ ਕਰਨ ਵਾਲਾ ਇੱਕ ਕੋਰਾ ਅਨਪੜ੍ਹ ਡੇਅਰੀ ਕਿਸਾਨ ਬੈਂਜਾਮਿਨ ਜੈਸਟੀ ਵੀ ਇੱਕ ਮਹਾਨ ਵਿਗਿਆਨਕ ਹੈ ਤੇ ਬੱਚਿਆਂ ਦੇ ਸਕੂਲ ਵਿੱਚ ਮਾਲੀ ਦਾ ਕੰਮ ਕਰਨ ਵਾਲਾ ਅਤੇ ਜੈਨਿਟਿਕਸ ਦੀ ਮਹਾਨ ਸਾਇੰਸ ਦਾ ਮੁੱਢ ਬੰਨ੍ਹਣ ਵਾਲਾ ਗ੍ਰੈਗਰ ਮੈਂਡਲ ਵੀ ਇੱਕ ਮਹਾਨ ਵਿਗਿਆਨਕ ਹੈ।ਸਾਈਕਲ ਰਿਪੇਅਰ ਦੀ ਮਾਮੂਲੀ ਦੁਕਾਨ ਚਲਾਉਣ ਵਾਲੇ ਰਾਈਟ ਭਰਾਵਾਂ ਤੋਂ ਲੈ ਕੇ ਸੰਸਾਰ ਵਿੱਚ ਸਭ ਤੋਂ ਵੱਧ ਖੋਜਾਂ (ਅਮੈਰੀਕਨ ਖੋਜ ਪੇਟੈਂਟ) ਆਪਣੇ ਨਾਮ ਕਰਵਾਉਣ ਵਾਲਾ ਐਲਵਾ ਐਡੀਸਨ ਵੀ ਇੱਕ ਮਹਾਨ ਵਿਗਿਆਨਕ ਹੈ।ਇਸੇ ਹੀ ਤਰੀਕੇ ਨਾਲ ਬੀ ਐੱਸ ਔਲਖ ਨੂੰ ਵੀ ਵਿਗਿਆਨਕ ਹੋਣ ਦਾ ਸਨਮਾਨ ਨਾ ਕੇਵਲ ਅਮਰੀਕਾ ਬਲਕਿ ਕੈਨੇਡਾ, ਨਿਊਜ਼ੀਲੈਂਡ, ਸਾਊਥ ਅਫ਼ਰੀਕਾ ਤੇ ਆਸਟਰੇਲੀਆ ਦੀਆਂ ਸਰਕਾਰਾਂ ਨੇ ਦੇ ਰੱਖਿਆ ਹੈ।ਕਿਸੇ ਵੀ ਵਿਅਕਤੀ ਦੀ ਪ੍ਰਾਪਤੀ ਜਾਂ ਅਹਿਮੀਅਤ ਦਾ ਮਜ਼ਾਕ ਉਡਾਉਣ ਦਾ ਸੀਨੀਅਰ ਵੈਟਸ ਵਰਗੇ ਉਮਰਾਂ ਦਾ ਤਜਰਬਾ ਹੰਢਾ ਚੁੱਕੇ ਇਨਸਾਨਾਂ ਨੂੰ ਵੀ ਕੋਈ ਹੱਕ ਨਹੀਂ ਬਣਦਾ।ਉਨ੍ਹਾਂ ਕਿਹਾ ਕਿ ਸੈਕਸ ਸੀਮਨ ਨਾਲ ਹੋਣ ਵਾਲੀਆਂ ਵੱਧ ਗਊ ਗਰਭ ਹੱਤਿਆਵਾਂ ਦਾ ਜੋ ਅੰਕੜਾ ਉਨ੍ਹਾਂ ਨੇ ਪੇਸ਼ ਕੀਤਾ ਹੈ, ਉਹ ਕੋਈ ਹਵਾ-ਹਵਾਈ ਅੰਕੜਾ ਨਹੀਂ ਬਲਕਿ ਅਮਰੀਕਾ ਦੀ ਸਰਕਾਰ ਦਾ ਦਸਤਾਵੇਜ਼ੀ ਅੰਕੜਾ ਹੈ।ਇਸ ਤੋਂ ਇਲਾਵਾ ਇਸ ਗਊ ਹਤਿਆਰੀ ਤਕਨੀਕ ਨਾਲ ਵੱਧ ਗਿਣਤੀ ਵਿੱਚ ਮਰਨ ਵਾਲੇ ਗਾਵਾਂ ਦੇ ਨਵਜੰਮੇ ਬੱਚਿਆਂ ਦੀ ਮੌਤ ਦੀ ਸਮੱਸਿਆ ਬਾਰੇ ਦੁਨੀਆ ਭਰ ਦੇ ਬਹੁਤ ਸਾਰੇ ਇਸ ਵਿਸ਼ੇ ਨਾਲ ਜੁੜੇ ਹੋਏ ਮਹਾਨ ਵਿਗਿਆਨਕ ਪਹਿਲਾਂ ਹੀ ਚਿੰਤਾ ਪ੍ਰਗਟ ਕਰ ਚੁੱਕੇ ਹਨ।ਸੀਨੀਅਰ ਵੈਟਸ ਨੂੰ ਇਸ ਬਾਰੇ ਜਾਣਕਾਰੀ ਹੋਣੀ ਚਾਹੀਦੀ ਸੀ।ਵੈਸੇ ਵੀ ਗਊ ਹੱਤਿਆ ਸਾਡੇ ਮੁਲਕ ਵਿੱਚ ਇੱਕ ਸਮਾਜਿਕ ਹੀ ਨਹੀਂ ਬਲਕਿ ਜਜ਼ਬਾਤੀ ਮੁੱਦਾ ਵੀ ਹੈ।ਗਊ ਹਤਿਆਰੀ ਤਕਨੀਕ ਦਾ ਇਸ ਤਰ੍ਹਾਂ ਖੁੱਲ੍ਹ ਕੇ ਸਮਰਥਨ ਕਿਸੇ ਨੂੰ ਵੀ ਸੋਚ ਸਮਝ ਕੇ ਹੀ ਕਰਨਾ ਚਾਹੀਦਾ ਹੈ।ਡੀ ਐੱਨ ਏ ਦੀ ਇਸ ਵਿਧਾ ਕਰਕੇ ਹੋਣ ਵਾਲੀ ਖਰਾਬੀ ਦਾ ਵੀ ਗਿਆਨ ਉਨ੍ਹਾਂ ਨੂੰ ਹੋਣਾ ਬਣਦਾ ਹੈ।

ਅੰਤ ਵਿੱਚ ਉਨ੍ਹਾਂ ਇੰਨਾ ਹੀ ਕਿਹਾ ਕਿ ਇਸ ਸਬੰਧੀ ਸਾਰਥਕ ਬਹਿਸ ਲਈ ਅਗਰ ਸੀਨੀਅਰ ਵੈਟਸ ਐਸੋਸੀਏਸ਼ਨ ਕੋਈ ਵੀ ਦਿਨ ਤਾਰੀਖ਼ ਜਾਂ ਸਮਾਂ ਮੁਕਰਰ ਕਰਦੀ ਹੈ ਤਾਂ ਉਹ ਤਹਿਦਿਲੋਂ ਇਸ ਦਾ ਸਵਾਗਤ ਕਰਨਗੇ।ਇਸ ਕਾਰਵਾਈ ਦਾ ਨਾ ਕੇਵਲ ਵਿਗਿਆਨ ਨੂੰ ਹੀ ਫ਼ਾਇਦਾ ਹੋਵੇਗਾ, ਬਲਕਿ ਕਿਸਾਨੀ ਤੇ ਸਮੁੱਚੀ ਮਾਨਵ ਜਾਤੀ ਨੂੰ ਵੀ ਇਸ ਤੋਂ ਲਾਭ ਮਿਲੇਗਾ।

## ਹਾਦਸੇ ਦੌਰਾਨ ਸਰਹਿੰਦ ਨਹਿਰ 'ਚ ਰੁੜ੍ਹੇ ਬੱਚੇ ਦੀ ਮਿਲੀ ਲਾਸ਼

### *ਮ੍ਰਿਤਕਾਂ ਦੀ ਗਿਣਤੀ ਕੁੱਲ 5 ਹੋਈ*

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੰਘੀ 24 ਮਈ ਨੂੰ ਡੇਰਾ ਬਾਬਾ ਵਡਭਾਗ ਸਿੰਘ ਜੀ ਦੇ ਦਰਸ਼ਨ ਕਰਨ ਉਪਰੰਤ ਵਾਪਸ ਪਰਤ ਰਹੀ ਸ਼ਰਧਾਲੂਆਂ ਨਾਲ ਭਰੀ ਪਿਕਅੱਪ ਜੀਪ ਮਾਛੀਵਾੜਾ ਨੇੜੇ ਸਰਹਿੰਦ ਨਹਿਰ ਕਿਨਾਰੇ ਪਲਟ ਗਈ, ਜਿਸ ਵਿੱਚ 2 ਔਰਤਾਂ ਤੇ 2 ਬੱਚਿਆਂ ਦੀ ਮੌਤ ਹੋ ਗਈ ਸੀ, ਜਦਕਿ ਪੰਜਵਾਂ ਬੱਚਾ ਸੁਖਪ੍ਰੀਤ ਸਿੰਘ ਪਾਣੀ ਦੇ ਵਹਾਅ ਵਿੱਚ ਰੁੜ੍ਹ ਗਿਆ ਸੀ। ਪਰਿਵਾਰਕ ਮੈਂਬਰਾਂ ਵੱਲੋਂ ਗੋਤਾਖੋਰਾਂ ਦੀ ਮੱਦਦ ਨਾਲ ਇਸ ਬੱਚੇ ਦੀ ਨਹਿਰ ਵਿੱਚ ਤਲਾਸ਼ ਕੀਤੀ ਜਾ ਰਹੀ ਸੀ ਅਤੇ ਉਸ ਦੀ ਲਾਸ਼ ਪਵਾਤ ਪੁਲ ਨੇੜੇ ਤੈਰਦੀ ਮਿਲ ਗਈ। ਪੁਲਸ ਵੱਲੋਂ ਲਾਸ਼ ਨੂੰ ਪਾਣੀ 'ਚੋਂ ਬਾਹਰ ਕਢਵਾ ਕੇ ਪੋਸਟ ਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤਾ ਹੈ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਡਾਂਗੋ ਇਹ 7 ਸਾਲਾ ਬੱਚਾ ਸੁਖਪ੍ਰੀਤ ਸਿੰਘ ਵੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਡੇਰਾ ਬਾਬਾ ਵਡਭਾਗ ਵਿਖੇ ਦਰਸ਼ਨਾਂ ਲਈ ਗਿਆ ਸੀ, ਪਰ ਵਾਪਸੀ ਸਮੇਂ ਵਾਪਰੇ ਦਰਦਨਾਕ ਹਾਦਸੇ ਵਿੱਚ ਇਸ ਦੀ ਵੀ ਜਾਨ ਚਲੀ ਗਈ। ਇਸ ਹਾਦਸੇ ਵਿੱਚ ਸੁਖਪ੍ਰੀਤ ਸਿੰਘ ਸਮੇਤ ਕੁੱਲ 5 ਸ਼ਰਧਾਲੂਆਂ ਦੀ ਮੌਤ ਹੋ ਚੁੱਕੀ ਹੈ, ਜਦਕਿ ਬਾਕੀ ਸ਼ਰਧਾਲੂ, ਜਿਨ੍ਹਾਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ ਅਤੇ ਕੁਝ ਨੂੰ ਛੁੱਟੀ ਵੀ ਦੇ ਦਿੱਤੀ ਗਈ ਹੈ।


ਮ੍ਰਿਤਕ ਸੁਖਪ੍ਰੀਤ ਸਿੰਘ ਦੀ ਫਾਈਲ ਫੋਟੋ।

1-JUNE-PAGE-7.qxd 5/31/2024 8:49 PM Page 1



# ਵੋਟ ਸਾਡਾ ਅਧਿਕਾਰ ਤੇ ਫਰਜ਼, ਹਰ ਵੋਟਰ ਮਤਦਾਨ ਜ਼ਰੂਰ ਕਰੇ : ਸੂਦਨ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੋਕ ਸਭਾ ਲਈ 1 ਜੂਨ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਹਰਪ੍ਰੀਤ ਸਿੰਘ ਸੂਦਨ ਨੇ ਸਮੂਹ ਵੋਟਰਾਂ ਨੂੰ ਮਤਦਾਨ ਕੇਂਦਰਾਂ 'ਤੇ ਪਹੁੰਚ ਕੇ ਵੋਟ ਕਰਨ ਲਈ ਨਿੱਘਾ ਚੋਣ ਸੱਦਾ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੋਟ ਨਾਗਰਿਕਾਂ ਦਾ ਇੱਕ ਅਧਿਕਾਰ ਵੀ ਹੈ ਤੇ ਇਹ ਇੱਕ ਫਰਜ਼ ਵੀ ਹੈ, ਇਸ ਲਈ ਹਰੇਕ ਵੋਟਰ ਨੂੰ ਆਪਣੇ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦਾ ਅਧਾਰ ਲੋਕ ਹੁੰਦੇ ਹਨ ਜੋ ਵੋਟ ਦੀ ਤਾਕਤ ਨਾਲ ਆਪਣੀ ਸਰਕਾਰ ਚੁਣਦੇ ਹਨ। ਲੋਕ ਸਭਾ ਲਈ 1 ਜੂਨ ਨੂੰ ਚੋਣਾਂ ਹੋਣ ਜਾ ਰਹੀਆਂ ਹਨ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਅਸੀਂ ਸਾਰੀਆਂ ਚੋਣ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਸਾਰੇ 753 ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਰਵਾਨਾ ਹੋ ਰਹੀਆਂ ਹਨ, ਇਨ੍ਹਾਂ ਪੋਲਿੰਗ ਬੂਥਾਂ ਵਿੱਚ 40 ਮਾਡਲ ਪੋਲਿੰਗ ਬੂਥ, 09 ਔਰਤਾਂ ਦੀ ਸਹੂਲਤ ਲਈ ਸਪੈਸ਼ਲ ਬੂਥ, 04 ਦਿਵਿਆਂਗ ਵਿਅਕਤੀਆਂ ਲਈ ਬੂਥ, 04 ਨੌਜਵਾਨਾਂ ਲਈ ਤੇ 04 ਗਰੀਨ ਬੂਥ ਵੀ ਚੋਣ ਵਿਭਾਗ ਵੱਲੋਂ ਵੋਟਰਾਂ ਦੀ ਸਹੂਲਤ ਲਈ ਬਣਾਏ ਗਏ ਹਨ। ਬੂਥਾਂ 'ਤੇ ਵੀ ਅਸੀਂ ਵੋਟਰਾਂ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਹਨ। ਉਨ੍ਹਾਂ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਧਾਨ ਸਭਾ ਹਲਕਾ ਸ੍ਰੀ ਮੁਕਤਸਰ ਸਾਹਿਬ 'ਚ 213 ਪੋਲਿੰਗ ਬੂਥ, ਵਿਧਾਨ ਸਭਾ ਹਲਕਾ ਲੰਬੀ 'ਚ 177 ਪੋਲਿੰਗ ਬੂਥ, ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿੱਚ 173 ਤੇ ਵਿਧਾਨ ਸਭਾ ਹਲਕਾ ਮਲੋਟ 'ਚ 190 ਪੋਲਿੰਗ ਬੂਥ ਵੋਟਰਾਂ ਦੀ ਸਹੂਲਤ ਲਈ ਬਣਾਏ ਗਏ ਹਨ। ਉਨ੍ਹਾ ਦੱਸਿਆ ਕਿ ਜ਼ਿਲ੍ਹੇ 'ਚ ਕੁੱਲ 6,94,586 ਵੋਟਰ ਹਨ, ਜਿਨ੍ਹਾਂ ਵਿੱਚੋਂ 3,64,096 ਮਰਦ ਵੋਟਰ ਤੇ 3,30,467 ਔਰਤ ਵੋਟਰਾਂ ਤੋਂ ਇਲਾਵਾ 23 ਟਰਾਂਸਜੈਂਡਰ ਵੋਟਰ ਵੀ ਸ਼ਾਮਲ ਹਨ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਹੱਕ ਦਾ ਇਸਤੇਮਾਲ ਜ਼ਰੂਰ ਕਰਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੋਣਾਂ ਦੇ ਮੱਦੇਨਜ਼ਰ ਕੁਝ ਜ਼ਰੂਰੀ ਹਦਾਇਤਾਂ ਵੀ ਜਾਰੀ ਕੀਤੀਆਂ ਹਨ, ਜਿਸ ਦਾ ਸਭ ਧਿਰਾਂ ਨੂੰ ਪਾਲਣ ਕਰਨ ਦੀ ਅਪੀਲ ਹੈ। ਇਹ ਹਦਾਇਤਾਂ ਧਾਰਾ 144 ਤਹਿਤ ਕੀਤੀਆਂ ਗਈਆਂ ਹਨ ਤੇ ਉਲੰਘਣਾ ਕਰਨ 'ਤੇ ਕਾਰਵਾਈ ਕੀਤੀ ਜਾਵੇਗੀ। ਚੋਣਾਂ ਦੇ ਮੱਦੇਨਜ਼ਰ ਅਸੀਂ 30 ਮਈ ਸ਼ਾਮ 6 ਵਜੇ ਤੋਂ 1 ਜੂਨ ਨੂੰ ਮਤਦਾਨ ਪ੍ਰਕ੍ਰਿਆ ਮੁਕੰਮਲ ਹੋਣ ਤੱਕ ਅਤੇ ਫਿਰ 4 ਜੂਨ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਡਰਾਈ ਡੇਅ ਐਲਾਨਿਆ ਹੈ ਅਤੇ ਇਸ ਦੌਰਾਨ ਸ਼ਰਾਬ ਦੇ ਠੇਕੇ ਪੂਰੀ ਤਰਾਂ ਬੰਦ ਰਹਿਣਗੇ। ਪੋਲਿੰਗ ਬੂਥ ਦੇ 100 ਮੀਟਰ ਦੇ ਘੇਰੇ ਅੰਦਰ ਮੋਬਾਇਲ ਫੋਨ ਲੈ ਕੇ ਆਉਣ 'ਤੇ ਪਾਬੰਦੀ ਹੋਵੇਗੀ। ਉਨ੍ਹਾ ਕਿਹਾ ਕਿ ਫੇਕ ਨਿਊਜ਼ 'ਤੇ ਵੀ ਚੋਣ ਕਮਿਸ਼ਨ ਦੀ ਤਿੱਖੀ ਨਜ਼ਰ ਹੈ ਅਤੇ ਜੇਕਰ ਕਿਸੇ ਨੇ ਵੀ ਕੋਈ ਫੇਕ ਨਿਊਜ਼ ਫੈਲਾਈ ਤਾਂ ਉਸ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਘਰ ਨੂੰ ਲੱਗੀ ਅੱਗ 'ਚ ਨੌਜਵਾਨ ਝੁਲਸਿਆ, ਸਾਮਾਨ ਸੜ ਕੇ ਸਵਾਹ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਨੇੜਲੇ ਪਿੰਡ ਬੁਰਜ ਸਿੱਧਵਾਂ ਵਿੱਚ ਬੀਤੀ ਰਾਤ ਸਿਲੰਡਰ ਦੀ ਪਾਈਪ ਲੀਕ ਹੋਣ ਨਾਲ ਘਰ ਵਿੱਚ ਲੱਗੀ ਭਿਅੰਕਰ ਅੱਗ ਨਾਲ ਜਿੱਥੇ ਘਰ ਦਾ ਸਾਮਾਨ ਸੜ ਕੇ ਸਵਾਹ ਹੋ ਗਿਆ, ਉੱਥੇ ਹੀ ਇੱਕ ਨੌਜਵਾਨ ਅੱਗ ਦੀ ਚਪੇਟ ਵਿੱਚ ਆਉਣ ਨਾਲ ਬੁਰੀ ਤਰ੍ਹਾਂ ਝੁਲਸ ਗਿਆ, ਜੋ ਕਿ ਬਠਿੰਡਾ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਜਾਣਕਾਰੀ ਅਨੁਸਾਰ ਪਿੰਡ ਬੁਰਜ ਸਿੱਧਵਾਂ ਵਾਸੀ ਜਗਦੀਸ਼ ਸਿੰਘ, ਜੋ ਕਿ ਡਰਾਈਵਰੀ ਦਾ ਕੰਮ ਕਰਦਾ ਹੈ, ਦੀ ਪਤਨੀ ਬਲਵਿੰਦਰ ਕੌਰ ਰਾਤ ਕਰੀਬ 9 ਵਜੇ ਗੈਸ 'ਤੇ ਰੋਟੀ ਬਣਾ ਰਹੀ ਸੀ। ਇਸ ਦੌਰਾਨ ਅਚਾਨਕ ਗੈਸ ਦੀ ਪਾਈਪ ਵਿੱਚ ਅੱਗ ਲੱਗ ਗਈ, ਜੋ ਕਿ ਦੇਖਦੇ ਹੀ ਦੇਖਦੇ ਫਰਿਜ ਤੱਕ ਪਹੁੰਚ ਗਈ ਅਤੇ ਉਸ ਤੋਂ ਬਾਅਦ ਕਮਰੇ ਵਿੱਚ ਵਧ ਗਈ। ਇਸ ਦੌਰਾਨ ਉਕਤ ਮਹਿਲਾ ਕਮਰੇ ਵਿੱਚੋਂ ਬਾਹਰ ਆ ਗਈ, ਪ੍ਰੰਤੂ ਉਸ ਦਾ ਪੁੱਤਰ ਸੋਨੂੰ ਸਿੰਘ ਆਪਣੀ ਮਾਤਾ ਨੂੰ ਬਚਾਉਣ ਲਈ ਅੰਦਰ ਦਾਖਲ ਹੋ ਗਿਆ ਅਤੇ ਅੱਗ ਦੀ ਚਪੇਟ ਵਿੱਚ ਆ ਗਿਆ ਅਤੇ ਬੁਰੀ ਤਰ੍ਹਾਂ ਝੁਲਸ ਗਿਆ। ਆਲੇ ਦੁਆਲੇ ਦੇ ਲੋਕਾਂ ਨੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ, ਜਦਕਿ ਪਿੰਡ ਵਾਸੀਆਂ ਤੇ ਫਾਇਰ ਬ੍ਰਿਗੇਡ ਵੱਲੋਂ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ, ਜਿਸ ਵਿੱਚ ਗ਼ਰੀਬ ਪਰਿਵਾਰ ਦਾ ਸਾਮਾਨ ਫਰਿਜ, ਕੂਲਰ ਤੇ ਹੋਰ ਜ਼ਰੂਰੀ ਸਾਮਾਨ ਸੜ ਕੇ ਸਵਾਹ ਹੋ ਗਿਆ ਅਤੇ ਕਮਰੇ ਦਾ ਵੀ ਨੁਕਸਾਨ ਹੋ ਗਿਆ। ਪੀੜਤ ਪਰਿਵਾਰ ਵੱਲੋਂ ਪ੍ਰਸ਼ਾਸਨ ਤੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।

# ਕਾਕਾ ਬਰਾੜ ਵੱਲੋਂ ਕਿਸਾਨ ਆਗੂ ਦੀ ਪੱਗ ਉਤਾਰਨ ਦੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਨਿੰਦਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੇ ਫਿਰੋਜ਼ਪੁਰ ਤੋਂ ਐੱਮ ਪੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਝਬੇਲਵਾਲੀ ਵਿਖੇ ਚੋਣ ਪ੍ਰਚਾਰ ਦੌਰਾਨ ਸਿਰਫ ਸਵਾਲ ਪੁੱਛਣ 'ਤੇ ਬੁਖਲਾਹਟ ਦਿਖਾਉਂਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਰਣਜੀਤ ਸਿੰਘ ਝਬੇਲਵਾਲੀ ਨੂੰ ਧੱਕਾ ਮਾਰ ਕੇ ਉਨ੍ਹਾਂ ਦੀ ਪੱਗ ਉਤਾਰ ਦਿੱਤੀ ਅਤੇ ਹੇਠਾਂ ਸੁੱਟ ਦਿੱਤਾ, ਜਿਸ ਤੋਂ ਬਾਅਦ ਮਾਹੌਲ ਗਰਮਾ ਗਿਆ। ਗੁੱਸੇ ਵਿੱਚ ਆਏ ਪਿੰਡ ਦੇ ਲੋਕਾਂ ਨੇ ਕਾਕਾ ਬਰਾੜ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕੀਤੀ, ਜਿਸ ਤੋਂ ਬਾਅਦ ਕਾਕਾ ਬਰਾੜ ਆਪਣੇ ਸਮਰਥਕਾਂ ਤੇ ਸੁਰੱਖਿਆ ਕਰਮੀਆਂ ਸਮੇਤ ਖਿਸਕ ਗਿਆ। ਪ੍ਰੈੱਸ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜਸਵਿੰਦਰ ਸਿੰਘ ਝਬੇਲਵਾਲੀ, ਹਰਮਨਦੀਪ ਸਿੰਘ ਕਿੱਟੂ ਬਾਮ, ਗੁਰਮੀਤ ਸਿੰਘ ਲੰਬੀ ਢਾਬ, ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਕਿ ਇੱਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਨੂੰ ਸਵਾਲ ਪੁੱਛਣ ਦੀਆਂ ਨਸੀਹਤਾਂ ਦਿੰਦੇ ਨਹੀਂ ਥੱਕਦੇ ਦੂਸਰੇ ਪਾਸੇ ਇਨ੍ਹਾਂ ਦਾ ਆਗੂ ਕਾਕਾ ਬਰਾੜ ਸਿਰਫ ਸਵਾਲ ਪੁੱਛਣ 'ਤੇ ਗੁੰਡਾਗਰਦੀ 'ਤੇ ਉੱਤਰ ਆਇਆ ਤੇ ਧੱਕੇ ਮਾਰ ਕੇ ਬਜ਼ੁਰਗ ਰਣਜੀਤ ਸਿੰਘ ਦੀ ਪੱਗ ਉਤਾਰ ਦਿੱਤੀ। ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਇਸ ਗੁੰਡਾਗਰਦੀ ਦੀ ਚਾਰੇ ਪਾਸਿਉਂ ਨਿਖੇਧੀ ਹੋ ਰਹੀ ਹੈ।

■ **ਜਲਦੀ ਮੀਟਿੰਗ ਕਰਕੇ ਸਖਤ ਐਕਸ਼ਨ ਕਰਨ ਦਾ ਐਲਾਨ**



ਇਸੇ ਦੌਰਾਨ ਇਸ ਘਟਨਾਕ੍ਰਮ ਤੇ ਸੰਯੁਕਤ ਕਿਸਾਨ ਮੋਰਚੇ ਦੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਅੱਜ ਭਾਈ ਮਹਾਂ ਸਿੰਘ ਹਾਲ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰੁਪਿੰਦਰ ਸਿੰਘ ਡੋਹਕ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਸ ਗੁੰਡਾਗਰਦੀ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਤੇ ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੇ ਗੁੰਡਾਗਰਦੀ ਕਰਨ ਵਾਲੇ ਜਗਦੀਪ ਸਿੰਘ ਕਾਕਾ ਬਰਾੜ ਖਿਲਾਫ ਤਿੱਖਾ ਸੰਘਰਸ਼ ਵਿੱਢਣ ਦੀ ਵਿਉਂਤਬੰਦੀ ਕੀਤੀ ਗਈ, ਜਿਸ ਦਾ ਐਲਾਨ ਜਲਦੀ ਹੀ ਪ੍ਰੈੱਸ ਕਾਨਫਰੰਸ ਕਰਕੇ ਕੀਤਾ ਜਾਵੇਗਾ। ਇਸ ਮੌਕੇ ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਡੋਹਕ, ਬੀ ਕੇ ਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਕਿੱਟੂ ਬਾਮ, ਬੀਕੇਯੂ ਡਕੌਂਦਾ (ਬੁਰਜਗਿੱਲ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ ਲੰਬੀ ਢਾਬ, ਬੀਕੇਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦੇਵਨ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਅਸਪਾਲਾਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਕਬਰਵਾਲਾ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਧੂਰਕੋਟ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ) ਦੇ ਜ਼ਿਲ੍ਹਾ ਪ੍ਰਧਾਨ ਧਰਮ ਪਾਲ ਝਬੇਲਵਾਲੀ ਹਾਜ਼ਰ ਸਨ।

# ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਵੱਲੋਂ ਮੱਤਦਾਨ ਕਰਨ ਦੀ ਅਪੀਲ



**ਕੋਟਕਪੂਰਾ (ਰਛਪਾਲ ਭੁੱਲਰ)**-ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਦੀ ਮੀਟਿੰਗ ਖੁਸ਼ੀ ਰਾਮ, ਜੈ ਚੰਦ ਬੇਵਾਲ, ਹੰਸ ਰਾਜ ਤੇ ਐਡਵੋਕੇਟ ਅਜੀਤ ਵਰਮਾ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸੁਸਾਇਟੀ ਮੈਂਬਰਾਂ ਨੇ ਕਿਹਾ ਕਿ ਜਿਵੇਂ ਸਾਡੇ ਦੇਸ਼ 'ਚ ਦੀਵਾਲੀ, ਹੋਲੀ, ਗੁਰਪੁਰਬ, ਈਦ ਆਦਿ ਤਿਉਹਾਰ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਹਨ, ਇਸੇ ਤਰ੍ਹਾਂ ਲੋਕ ਸਭਾ ਚੋਣਾਂ ਵੀ ਸਾਡੇ ਲਈ ਲੋਕਤੰਤਰ ਦਾ ਤਿਉਹਾਰ ਹੈ, ਜਿਸ ਨੂੰ ਸਾਨੂੰ ਬੜੀ ਧੂਮਧਾਮ ਨਾਲ ਮਨਾਉਣਾ ਚਾਹੀਦਾ ਹੈ। ਐਡਵੋਕੇਟ ਅਜੀਤ ਵਰਮਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਲੋਕ ਸਭਾ ਦੀਆਂ ਚੋਣਾਂ ਮੌਕੇ ਸਾਨੂੰ ਆਪਣੀ ਇੱਕ-ਇੱਕ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਉੱਚਿਤ ਉਮੀਦਵਾਰ ਨੂੰ ਚੁਣ ਕੇ ਪਾਰਲੀਮੈਂਟ 'ਚ ਭੇਜਣਾ ਚਾਹੀਦਾ। ਉਨ੍ਹਾ ਦੱਸਿਆ ਕਿ ਸੰਵਿਧਾਨ ਵੱਲੋਂ ਹਰ 18 ਸਾਲ ਦੇ ਜਾਂ ਉਸ ਤੋਂ ਉੱਪਰ ਵਾਲੀ ਉਮਰ ਦੇ ਨਾਗਰਿਕ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ, ਸਾਨੂੰ ਬਿਨਾਂ ਡਰ, ਭੈਅ, ਲਾਲਚ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਰਹਿਤ ਆਪਣੀ ਵੋਟ ਦੀ ਵਰਤੋਂ ਕਰਕੇ ਦੇਸ਼ ਦੀ ਤਰੱਕੀ 'ਚ ਬਨਦਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਪੇਸ਼ ਕਰਨਾ ਚਾਹੀਦਾ ਹੈ। ਖੁਸ਼ੀ ਰਾਮ ਨੇ ਕਿਹਾ ਕਿ ਸਾਡਾ ਸਭ ਦਾ ਨੈਤਿਕ ਫ਼ਰਜ਼ ਹੈ ਕਿ ਸਾਡੇ ਵਿੱਚੋਂ, ਸਾਡੇ ਪਰਿਵਾਰਾਂ ਤੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਵਾਸਤੇ ਉਤਸ਼ਾਹਤ ਕਰਨਾ ਚਾਹੀਦਾ ਹੈ। ਜੈ ਚੰਦ ਬੇਵਾਲ ਤੇ ਹੰਸ ਰਾਜ ਨੇ ਦੱਸਿਆ ਕਿ ਪੰਜਾਬ ਅੰਦਰ 1 ਜੂਨ ਨੂੰ ਚੋਣਾਂ ਹੋ ਰਹੀਆਂ ਹਨ, ਇਸ ਲਈ ਸਾਨੂੰ ਆਪਣੇ ਦੇਸ਼ ਅੰਦਰ ਮਨਪਸੰਦ ਸਰਕਾਰ ਦੇ ਗਠਨ ਵਾਸਤੇ ਸਭ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਪੂਰੇ ਜੋਸ਼, ਉਤਸ਼ਾਹ, ਚਾਅ ਨਾਲ ਲੋਕਤੰਤਰ ਦੀ ਮਜ਼ਬੂਤੀ ਵਾਸਤੇ ਕਰਨੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਗਲ ਕਿਸ਼ੋਰ, ਰਾਕੇਸ਼ ਕੁਮਾਰ, ਅਸ਼ੋਕ ਕੁਮਾਰ, ਤਰਸੇਮ ਕੁਮਾਰ, ਅਰਜਨ ਰਾਮ, ਵਿੱਕੀ ਕੁਮਾਰ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਬੰਧ ਮੁਕੰਮਲ : ਜ਼ਿਲ੍ਹਾ ਚੋਣ ਅਫਸਰ

**ਮਾਨਸਾ (ਆਤਮ ਸਿੰਘ ਪਮਾਰ)**

ਮਾਨਸਾ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕੇ 96-ਮਾਨਸਾ, 97-ਸਰਦੂਲਗੜ੍ਹ ਤੇ 98-ਬੁਢਲਾਡਾ ਵਿੱਚ 01 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਵੋਟਿੰਗ ਲਈ ਸਾਰੀਆਂ ਪੋਲਿੰਗ ਪਾਰਟੀਆਂ ਪੋਲਿੰਗ ਸਮੱਗਰੀ ਲੈ ਕੇ ਰਵਾਨਾ ਹੋ ਗਈਆਂ। ਇਨ੍ਹਾਂ ਤਿੰਨੋਂ ਵਿਧਾਨ ਸਭਾ ਹਲਕਿਆਂ ਤੋਂ 05 ਲੱਖ, 93 ਹਜ਼ਾਰ, 509 ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ। ਜ਼ਿਲ੍ਹੇ ਅੰਦਰ 645 ਪੋਲਿੰਗ ਬੂਥ ਬਣਾਏ ਗਏ ਹਨ, ਜਿੱਥੇ 6200 ਤੋਂ ਵਧੇਰੇ ਅਧਿਕਾਰੀ ਤੇ ਕਰਮਚਾਰੀ ਚੋਣ ਡਿਊਟੀ ਨਿਭਾਉਣਗੇ। ਸੰਵੇਦਨਸ਼ੀਲ ਐਲਾਨੇ ਬੂਥਾਂ ਤੇ ਆਮ ਸੁਰੱਖਿਆ ਲਈ 1877 ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਦਿੱਤੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਵੋਟਿੰਗ ਕਰਵਾਉਣ ਵਾਸਤੇ 40 ਸੰਵੇਦਨਸ਼ੀਲ ਪੋਲਿੰਗ ਸਟੇਸ਼ਨ ਲੋਕੇਸ਼ਨਾਂ 'ਤੇ ਮਾਈਕਰੋ ਆਬਜ਼ਰਵਰ ਵੀ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਮਹਿਲਾ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹੇ ਅੰਦਰ ਤਿੰਨ ਪਿੰਕ ਪੋਲਿੰਗ ਬੂਥ ਵੀ ਬਣਾਏ ਗਏ ਹਨ, ਜਿੱਥੇ ਕਿ 100 ਫੀਸਦੀ ਚੋਣ ਅਧਿਕਾਰੀ ਤੇ ਕਰਮਚਾਰੀ ਮਹਿਲਾਵਾਂ ਹੀ ਤਾਇਨਾਤ ਕੀਤੀਆਂ ਜਾਣਗੀਆਂ।

■ **ਪੋਲਿੰਗ ਪਾਰਟੀਆਂ ਚੋਣ ਬੂਥਾਂ ਲਈ ਸਮੱਗਰੀ ਲੈ ਕੇ ਰਵਾਨਾ**



ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ 100 ਫੀਸਦੀ ਵੈਬ ਕਾਸਟਿੰਗ ਵੀ ਕਰਵਾਈ ਜਾਵੇਗੀ, ਜਿਸ ਦਾ ਸਿੱਧਾ ਪ੍ਰਸਾਰਣ ਮੁੱਖ ਚੋਣ ਅਫ਼ਸਰ ਪੰਜਾਬ, ਜ਼ਿਲ੍ਹਾ ਚੋਣ ਅਫ਼ਸਰ ਦੇ ਦਫ਼ਤਰ ਵਿਖੇ ਹੋਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਤਾਂ ਜੋ ਇਸ ਵਾਰ 70 ਪਾਰ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

# ਖਰਚਾ ਨਿਗਰਾਨ ਨੇ ਐੱਸ ਐੱਸ ਟੀ ਤੇ ਪੁਲਸ ਨਾਕਿਆਂ ਦਾ ਦੇਰ ਰਾਤ ਕੀਤਾ ਨਿਰੀਖਣ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਲੋਕ ਸਭਾ ਹਲਕਾ 12 ਸੰਗਰੂਰ ਲਈ ਨਿਯੁਕਤ ਕੀਤੇ ਗਏ ਖਰਚਾ ਨਿਗਰਾਨ ਸ੍ਰੀ ਅਮ੍ਰਿਤ ਸੰਜੇ ਗੌਰਵ ਆਈ.ਆਰ.ਐੱਸ. ਵੱਲੋਂ ਅਸੈਂਬਲੀ ਸੈਗਮੈਂਟ 105 ਮਾਲੇਰਕੋਟਲਾ ਅਧੀਨ ਪੈਂਦੇ ਹਲਕਿਆਂ ਵਿੱਚ ਹਲਕਿਆਂ ਵਿੱਚ ਸਟੈਟਿਕ ਸਰਵੇਲੈਂਸ ਟੀਮਾਂ (ਐਸ.ਐਸ.ਟੀ.) ਤੇ ਪੁਲਸ ਵੱਲੋਂ ਲਗਾਏ ਨਾਕਿਆਂ ਦਾ ਦੇਰ ਰਾਤ ਨਿਰੀਖਣ ਕੀਤਾ ਗਿਆ। ਗਰੇਵਾਲ ਚੌਕ, ਦਿੱਲੀ ਗੇਟ, ਸ਼ੇਰਵਾਨੀ ਕੋਟ, ਖੰਨਾ ਰੋਡ, ਕਲਿਅਣ ਪੁਲ ਵਿਖੇ ਲਗਾਏ ਨਾਕਿਆਂ ਦੀ ਜਾਂਚ ਕਰਦਿਆਂ ਉਨ੍ਹਾਂ ਹਦਾਇਤ ਕੀਤੀ ਕਿ ਜ਼ਿਲ੍ਹੇ ਭਰ ਵਿੱਚ ਸਖ਼ਤ ਚੌਕਸੀ ਰੱਖਣ ਤੇ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਜ਼ਿਲ੍ਹੇ ਦੀਆਂ ਸਾਰੀਆਂ ਇਨਫੋਰਸਮੈਂਟ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਪੋਲਿੰਗ (1 ਜੂਨ) ਤੋਂ ਪਹਿਲਾਂ ਦੇ ਆਖਰੀ ਘੰਟੇ ਬਹੁਤ ਹੀ ਮਹੱਤਵਪੂਰਨ ਹਨ। ਅਖੀਰਲੇ ਘੰਟਿਆਂ ਦੌਰਾਨ ਲਾਈਟ ਵਾਹਨਾਂ/ਲਾਰੀਆਂ ਸਮੇਤ ਹਰੇਕ ਵਾਹਨ ਨੂੰ ਰੋਕ ਕੇ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇ। ਖਰਚਾ ਨਿਗਰਾਨ ਗੌਰਵ ਨੇ ਕਿਹਾ ਕਿ ਸਟੈਟਿਕ ਸਰਵੇਲੈਂਸ ਟੀਮਾਂ ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕਰਨ ਵਿੱਚ ਭਾਰਤੀ ਚੋਣ ਕਮਿਸ਼ਨ ਦੀ ਸਹਾਇਤਾ ਲਈ ਜ਼ਿੰਮੇਵਾਰ ਹਨ ਤੇ ਇਹ ਚੋਣਾਂ ਦੇ ਮੁਕੰਮਲ ਹੋਣ ਤੱਕ ਕਾਰਜਸ਼ੀਲ ਰਹਿਣਗੀਆਂ। ਉਨ੍ਹਾਂ ਹਦਾਇਤ ਕਿ ਸਾਰੇ ਛੋਟੇ-ਵੱਡੇ ਵਾਹਨਾਂ ਦੀ ਚੈਕਿੰਗ ਕਰਨ ਨੂੰ ਯਕੀਨੀ ਬਣਾਇਆ ਜਾਵੇ। ਨਾਕਿਆਂ 'ਤੇ ਤੈਨਾਤ ਮੈਂਬਰਾਂ ਨੂੰ ਚੋਣਾਂ ਨੂੰ ਸੁਤੰਤਰ ਤੇ ਨਿਰਪੱਖ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

# ਵਿਸ਼ਵ ਸਨਾਤਨ ਧਰਮ ਸਭਾ ਵੱਲੋਂ ਸ੍ਰੀ ਸ਼ਿਆਮ ਪ੍ਰਭੂ ਖਾਟੂ ਵਾਲੇ ਦਾ ਸੰਕੀਰਤਨ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ 'ਚ ਹਜ਼ਾਰਾਂ ਸ਼ਰਧਾਲੂ ਸ੍ਰੀ ਸ਼ਿਆਮ ਪ੍ਰਭੂ ਦੇ ਰੰਗ 'ਚ ਰੰਗੇ ਭਜਨਾਂ ਦੀਆਂ ਗੰਗਾਂ ਚ ਡੁਬਕੀਆਂ ਲਾਉਂਦੇ ਦਿਸ ਰਹੇ ਸਨ। ਮੌਕਾ ਸੀ ਵਿਸ਼ਵ ਸਨਾਤਨ ਧਰਮ ਸਭਾ ਵੱਲੋਂ ਪੁਰਾਣੀ ਦਾਨਾ ਮੰਡੀ ਵਿਖੇ ਵੀਰਵਾਰ ਦੀ ਦੇਰ ਰਾਤ ਕਰੀਬ ਸਾਢੇ ਸੱਤ ਤੋਂ ਗਿਆਰਾਂ ਵਜੇ ਤੱਕ ਹੋਏ ਸ੍ਰੀ ਸ਼ਿਆਮ ਪ੍ਰਭੂ ਖਾਟੂ ਵਾਲੇ ਦੇ ਸੰਕੀਰਤਨ ਦਾ, ਜਿਸ 'ਚ ਮਸ਼ਹੂਰ ਭਜਨ ਸਮਰਾਟ ਕਨ੍ਹੱਈਆ ਮਿੱਤਲ ਨੇ ਸ਼ਰਧਾਲੂਆਂ ਨੂੰ ਭਜਨਾਂ ਦੀ ਗੰਗਾਂ 'ਚ ਡੁਬਕੀਆਂ ਲਵਾਈਆਂ। ਸ੍ਰੀ ਸ਼ਿਆਮ ਪ੍ਰਭੂ ਦਾ ਅਸ਼ੀਰਵਾਦ ਪ੍ਰਾਪਤ ਕਰਨ 'ਤੇ ਭਜਨ ਸਮਰਾਟ ਕਨ੍ਹੱਈਆ ਮਿੱਤਲ ਨੂੰ ਸੁਣਨ ਲਈ ਪੂਰਾ ਸ਼ਹਿਰ ਹੀ ਦਾਨਾ ਮੰਡੀ 'ਚ ਉਮੜਿਆ ਨਜ਼ਰ ਆ ਰਿਹਾ ਸੀ। ਉਤਸਵ 'ਚ ਠਾਠਾ ਮਾਰਦੇ ਸ੍ਰੀ ਰਾਮ ਤੇ ਸ੍ਰੀ ਸ਼ਿਆਮ ਭਗਤਾਂ ਦੇ ਇਕੱਠ ਨੇ ਇਸ ਦਿਨ ਨੂੰ ਯਾਦਗਾਰ ਬਣਾ ਦਿੱਤਾ। ਇਸ ਮੌਕੇ ਕਰਨੇ ਵਾਲਾ ਸ਼ਿਆਮ ਪਰਿਵਾਰ ਦੇ ਚੇਅਰਮੈਨ ਤੇ ਸ੍ਰੀ ਹਨੂੰਮਾਨ ਚਾਲੀਸਾ ਮੰਡਲ ਸ੍ਰੀ ਰਾਮ ਭਵਨ ਦੇ ਪ੍ਰਧਾਨ ਅਨਿਲ ਵਾਟਸ, ਸਰਪਰਸਤ ਗੋਲਡੀ ਸਿੰਗਲਾ, ਪ੍ਰਧਾਨ ਅਰੁਣ ਗੁਪਤਾ, ਕੈਸ਼ੀਅਰ ਰਾਕੇਸ਼ ਸਿੰਗਲਾ ਨੇ ਕਨ੍ਹੱਈਆ ਮਿੱਤਲ ਨੂੰ ਸਨਮਾਨਤ ਕੀਤਾ। ਉੱਥੇ ਹੀ ਅਰੋੜ ਵੰਸ਼ ਸਭਾ ਵੱਲੋਂ ਪ੍ਰਧਾਨ ਰਾਜ ਕੁਮਾਰ ਭਟੇਜਾ ਮੇਲੂ ਨੇ ਕਨ੍ਹੱਈਆ ਮਿੱਤਲ ਨੂੰ ਸ੍ਰੀ ਅਰੂਟ ਜੀ ਮਹਾਰਾਜ ਦੀ ਤਸਵੀਰ ਭੇਟ ਕਰਦਿਆਂ ਸਨਮਾਨਤ ਕੀਤਾ। ਉਤਸਵ ਦੇ ਆਯੋਜਕ ਰਾਈਸ ਮਿਲ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਲੋਕ ਸਭਾ ਫਿਰੋਜ਼ਪੁਰ ਤੋਂ ਭਾਜਪਾ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਦੇ ਭਾਣਜੇ ਜਸਇੰਦਰ ਸਿੰਘ ਭੰਡਾਰੀ, ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ, ਮੰਡਲ ਚੜ੍ਹਦੀ ਕਲਾ ਦੇ ਪ੍ਰਧਾਨ ਰਾਜ ਕੁਮਾਰ ਭਟੇਜਾ ਮੇਲੂ, ਮੰਡਲ ਦੋ ਦੇ ਪ੍ਰਧਾਨ ਹਰੀਸ਼ ਵਾਟਸ, ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ, ਭਾਈ ਰਾਹੁਲ ਸਿੰਘ ਸਿੱਧੂ, ਸਮਾਜਸੇਵੀ ਅਸ਼ੋਕ ਚੁੱਘ, ਪੁਸ਼ਪਿੰਦਰ ਸਿੰਘ ਭੰਡਾਰੀ, ਸੇਵਾਮੁਕਤ ਇੰਸਪੈਕਟਰ ਜਗਸੀਰ ਸਿੰਘ, ਸਤੀਸ਼ ਗਿਰਧਰ ਕਾਲਾ ਸਮੇਤ ਵੱਖ-ਵੱਖ ਸਮਾਜਸੇਵੀ, ਧਾਰਮਿਕ ਸੰਸਥਾਵਾਂ ਦੇ ਆਗੂ ਤੇ ਅਹੁਦੇਦਾਰ ਮੌਜੂਦ ਸਨ।

# ਆਯੂਸ਼ਮਾਨ ਕਾਰਡਾਂ ਨੂੰ ਲੈ ਕੇ ਨਿੱਜੀ ਹਸਪਤਾਲ ਚਰਚਾ 'ਚ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਇੱਕ ਪਾਸੇ ਸਰਕਾਰ ਵੱਲੋਂ ਗਰੀਬ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਮੁਫਤ ਇਲਾਜ ਲਈ ਆਯੂਸ਼ਮਾਨ ਕਾਰਡ ਬਣਾਏ ਜਾ ਰਹੇ ਹਨ, ਦੂਜੇ ਪਾਸੇ ਨਿੱਜੀ ਹਸਪਤਾਲ ਇਨ੍ਹਾਂ ਕਾਰਡਾਂ ਦੀ ਆੜ ਹੇਠ ਜਿੱਥੇ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ, ਉੱਥੇ ਹੀ ਸਰਕਾਰ ਨੂੰ ਮੋਟਾ ਚੂਨਾ ਵੀ ਲਗਾ ਰਹੇ ਹਨ। ਨਾਂਅ ਨਾ ਛਾਪਣ ਦੀ ਸੂਰਤ ਵਿੱਚ ਇੱਕ ਬਜ਼ੁਰਗ ਨੇ ਦੱਸਿਆ ਕਿ ਸਥਾਨਕ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵੱਲੋਂ ਉਸ ਨੂੰ ਬੁਲਾ ਕੇ ਉਸ ਦੀ ਬਾਂਹ 'ਤੇ ਇੱਕ ਸਰਿੰਜ ਰੱਖ ਕੇ ਫੋਟੋ ਖਿੱਚ ਲਈ ਗਈ ਤੇ 500 ਰੁਪਏ ਦੇ ਹਿਸਾਬ ਨਾਲ ਉਸ ਨੂੰ ਕਰੀਬ ਪੰਜ ਦਿਨਾਂ ਦਾ 2500 ਰੁਪਏ ਦੇ ਦਿੱਤਾ ਗਿਆ। ਇਸ ਦੇ ਬਦਲੇ ਉਸ ਪਾਸੋਂ ਉਸ ਦਾ ਆਯੂਸ਼ਮਾਨ ਕਾਰਡ ਲੈ ਲਿਆ। ਬਜ਼ੁਰਗ ਨੇ ਦੱਸਿਆ ਕਿ ਇਸ ਕੰਮ ਵਿੱਚ ਹਸਪਤਾਲ ਦੇ ਕਰਿੰਦੇ ਵੀ ਸ਼ਾਮਲ ਹਨ। ਇਸ ਮਸਲੇ ਨੂੰ ਲੈ ਕੇ ਜਦੋਂ ਸੰਬੰਧਤ ਹਸਪਤਾਲ ਦੇ ਸੰਚਾਲਕ ਡਾਕਟਰ ਨਾਲ ਗੱਲਬਾਤ ਕੀਤੀ ਗਈ ਤਾਂ ਪਹਿਲਾਂ ਤਾਂ ਉਨ੍ਹਾਂ ਵੱਲੋਂ ਹਸਪਤਾਲ ਆ ਕੇ ਮਿਲਣ ਦੀ ਪੇਸ਼ਕਸ਼ ਕੀਤੀ ਗਈ ਪਰ ਅਸਫਲ ਰਹਿਣ 'ਤੇ ਅਖੀਰ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਗਿਆ। ਇਸ ਮਸਲੇ ਨੂੰ ਲੈ ਕੇ ਜਦੋਂ ਸਿਵਲ ਸਰਜਨ ਬਠਿੰਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਜਾਂਚ ਕਰਵਾ ਕੇ ਕਾਰਵਾਈ ਦੀ ਗੱਲ ਆਖੀ ਗਈ।

ਇਸ ਮਸਲੇ ਨੂੰ ਲੈ ਕੇ ਜਦੋਂ ਮਹਿਕਮੇ ਦੇ ਚੰਡੀਗੜ੍ਹ ਦਫਤਰ ਪ੍ਰਿੰਸੀਪਲ ਸੈਕਟਰੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਜਾਂਚ ਕਰਵਾ ਕੇ ਬਨਦੀ ਕਾਰਵਾਈ ਦਾ ਭਰੋਸਾ ਦਿੱਤਾ ਗਿਆ। ਜੇਕਰ ਸੂਬੇ ਦੇ ਮੁੱਖ ਮੰਤਰੀ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਕੇਸ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਤਾਂ ਬਹੁਤ ਵੱਡਾ ਘਪਲਾ ਸਾਹਮਣੇ ਆਉਣ ਦੀ ਸੰਭਾਵਨਾ ਹੈ।

# ਆਮ ਲੋਕਾਂ ਦੀ ਹਿਤੈਸ਼ੀ ਸਰਕਾਰ ਦੀ ਚੋਣ ਕਰਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਦੀ ਅਪੀਲ

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤ ਦੇ ਲੋਕਤੰਤਰ ਅੰਦਰ ਬੀਤੇ 10 ਸਾਲਾਂ ਤੋਂ ਰਾਜ ਕਰ ਰਹੀ ਭਾਜਪਾ ਸਰਕਾਰ ਤੇ ਪੰਜਾਬ ਅੰਦਰ ਬਦਲਾ ਲਊ ਬਦਲਾਅ ਕਾਰਨ ਤੀਸਰੇ ਬਦਲ ਵਜੋਂ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਲੇਖਾ-ਜੋਖਾ ਕਰਦੇ ਹੋਏ ਪੰਜਾਬ ਦੇ ਜੁਝਾਰੂ ਸਮਝਦਾਰ ਲੋਕ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਵਾਅਦਿਆਂ ਨੂੰ ਘੋਖ ਕੇ, ਪਿਛਲੇ ਚੋਣ ਮਨੋਰਥ ਪੱਤਰਾਂ ਵਿੱਚ ਦਿੱਤੀਆਂ ਤਸੱਲੀਆਂ ਨੂੰ ਵੇਖਦੇ ਹੋਏ, ਉਨ੍ਹਾਂ ਵਿੱਚੋਂ ਕਿੰਨੀਆਂ ਪੂਰੀਆਂ ਹੋਈਆਂ ਤੇ ਕਿੰਨੀਆਂ 'ਤੇ ਝੂਠੇ ਪ੍ਰਚਾਰ ਕਰਕੇ ਲੋਕਾਂ ਦੇ ਵਿਸ਼ਵਾਸ ਨਾਲ ਠੱਗੀ ਮਾਰੀ ਗਈ। ਨਵੇਂ ਚੁਣੇ ਜਾ ਰਹੇ ਲੋਕਤੰਤਰ ਅੰਦਰ ਭਾਵੇਂ ਸਾਰੀਆਂ ਖੇਤਰੀ ਤੇ ਦੇਸ਼ ਪੱਧਰੀ ਪਾਰਟੀਆਂ ਆਪਣੇ ਆਪਣੇ ਦਮਗਜ਼ੇ ਮਾਰ ਕੇ ਸੱਤਾ ਹਥਿਆਉਣ ਦੇ ਘੋਲ ਵਿੱਚ ਕੁੱਦੀਆਂ ਹੋਈਆਂ ਹਨ, ਪਰ ਪੰਜਾਬ ਦੇ ਲੋਕ ਪੜ੍ਹੀ ਲਿਖੀ ਨੌਜੁਆਨੀ ਦਾ ਵਿਦੇਸ਼ਾਂ ਵੱਲ ਵਹੀਰਾਂ ਘੱਤਣਾਂ, ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਕੇ ਆਰਥਿਕ ਲੋੜਾਂ ਦਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋਣਾ, ਦਿਨੋਂ ਦਿਨ ਵਧਦੀ ਮਹਿੰਗਾਈ ਕਾਰਨ ਆਮ ਆਦਮੀ ਦਾ ਜੀਣਾ ਮੁਹਾਲ ਹੋਣਾ ਪਬਲਿਕ ਸੈਕਟਰ ਦੇ ਅਦਾਰਿਆਂ ਦਾ ਸੁੰਗੜ ਕੇ ਸਿਮਟ ਜਾਣਾ, ਸਿਹਤ ਸਹੂਲਤਾਂ ਦਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋਣਾ, ਸਿੱਖਿਆ ਦਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋਣਾ, ਪੰਜਾਬ ਦੇ ਮਜ਼ਦੂਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਰੋਸਿਆਂ ਸਮੇਤ ਕਿਸਾਨੀ ਦੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਵੇਗਾ। ਇਸੇ ਤਰ੍ਹਾਂ ਪੰਜਾਬ ਦੀ ਸਰਕਾਰ ਨੇ ਵੀ ਤੀਜੇ ਬਦਲ ਅੰਦਰ ਬੇਰੁਜ਼ਗਾਰੀ, ਮਹਿੰਗਾਈ ਤੇ ਹੋਰ ਨਸ਼ਿਆਂ ਸਮੇਤ ਨਿੱਤ ਦਿਨ ਦੀਆਂ ਮੁਸ਼ਕਲਾਂ ਨੂੰ ਪਹਿਲੇ ਝਟਕੇ ਚੁਟਕੀਆਂ 'ਚ ਹੱਲ ਕਰਨ ਦੇ ਵਾਅਦੇ ਕੀਤੇ ਸੀ, ਪਰ ਢਾਈ ਸਾਲ ਬੀਤ ਜਾਣ 'ਤੇ ਵੀ ਨਾ ਤਾਂ ਕੱਚੇ ਕਾਮੇ ਪੱਕੇ ਕੀਤੇ, ਨਾ ਹਰ ਘਰ ਪਰਿਵਾਰ ਵਿੱਚ ਘੱਟ ਘੱਟ ਇੱਕ ਮੈਂਬਰ ਨੂੰ ਪੱਕੀ ਨੌਕਰੀ ਦਾ ਕੋਈ ਪ੍ਰਬੰਧ ਕੀਤਾ, ਪਹਿਲਾਂ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਪੱਕੇ ਪ੍ਰਬੰਧ ਨਾ ਕਰਕੇ, ਬਨਦੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਨਾ ਦੇਣਾ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਕਾਇਆ 'ਤੇ ਕੱਟ ਮਾਰ ਕੇ ਗੱਲਬਾਤ ਲਈ ਕੱਟੀਆਂ ਮਾਰਨੀਆਂ, ਪੰਜਾਬ ਦੇ ਲੋਕਾਂ, ਬਜ਼ੁਰਗਾਂ ਮਹਿਲਾਵਾਂ ਨਾਲ ਝੂਠੇ ਵਾਅਦੇ ਕਰਕੇ ਵੋਟਾਂ ਵਟੋਰ ਕੇ ਬਾਤ ਨਾ ਪੁੱਛਣੀ, ਇਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵਿਚਾਰਦੇ ਹੋਏ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਬਰਮੀਂ, ਸਰਕਲ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ, ਵਿੱਤ ਸਕੱਤਰ ਦਰਸ਼ਨ ਸਿੰਘ ਦਾਖਾ, ਮੀਤ ਪ੍ਰਧਾਨ ਜਸਮੇਲ ਸਿੰਘ ਮੋਹੀ, ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਹਰਦਿਆਲ ਸਿੰਘ ਘੁਮਾਣ, ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ, ਵਿੱਤ ਸਕੱਤਰ ਅਮਰੀਕ ਸਿੰਘ ਤਲਵੰਡੀ, ਹੰਸ ਰਾਜ ਜੇ ਈ, ਚਰਨਜੀਤ ਸਿੰਘ ਘਮਨੇਵਾਲ, ਸੁਖਦੇਵ ਸਿੰਘ ਅੱਬੂਵਾਲ, ਜਗਮੇਲ ਸਿੰਘ ਸੁਧਾਰ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਚਾਰਦੇ ਹੋਏ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਸਮਝ ਦਾ ਸਬੂਤ ਦਿੰਦੇ ਹੋਏ 1 ਜੂਨ ਨੂੰ ਨਵੇਂ ਚੁਣੇ ਜਾ ਰਹੇ ਲੋਕ ਸਭਾ ਚੋਣਾਂ ਦੇ ਲੋਕਤੰਤਰ ਵਿੱਚ ਆਪਣੀ ਸਮਝ ਤੇ ਸਿਆਣਪ ਤੋਂ ਕੰਮ ਲੈ ਕੇ ਆਮ ਲੋਕਾਂ ਦੀ ਹਿਤੈਸ਼ੀ ਸਰਕਾਰ ਦੀ ਚੋਣ ਕਰਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਦੀ ਅਪੀਲ ਕੀਤੀ।

# ਮਾਤਾ ਬਲਵੀਰ ਕੌਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਲਗਾਇਆ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹਾ ਮਾਨਸਾ ਵਿੱਚ ਪੈਂਦੇ ਪਿੰਡ ਨੰਗਲ ਵਿੱਚ ਸਰਬੰਸਦਾਨੀ ਸੇਵਾ ਵੈੱਲਫੇਅਰ ਕਲੱਬ ਮਾਨਸਾ ਵੱਲੋਂ ਕਲੱਬ ਦੇ ਸਲਾਹਕਾਰ ਹਰਦੀਪ ਸਿੰਘ ਪੰਨੂ ਫੌਜੀ ਦੀ ਮਾਤਾ ਬਲਵੀਰ ਕੌਰ ਦੇ ਅੰਤਿਮ ਅਰਦਾਸ ਮੌਕੇ ਪਿੰਡ ਨੰਗਲ ਦੇ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਗਏ। ਬਾਬਾ ਰਾਜਵੀਰ ਸਿੰਘ ਘਰਾਂਗਣੇ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਕਰਕੇ ਤੇ ਕਥਾ ਕਰਕੇ ਗੁਰੂ ਸ਼ਬਦ ਨਾਲ ਜੋੜਿਆ। ਭੋਗ ਉਪਰੰਤ ਕਲੱਬ ਦੇ ਸੈਕਟਰੀ ਤਜਿੰਦਰ ਸਿੰਘ ਤਾਮਕੋਟ ਨੇ ਮਾਤਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਸਾਰੇ ਖ਼ੂਨਦਾਨੀ ਵੀਰਾਂ ਤੇ ਭੋਗ 'ਤੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾਤਾ ਜੀ ਨੂੰ ਸਮਰਪਤ ਕਲੱਬ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕਲੱਬ ਦੇ ਸਰਪ੍ਰਸਤ ਬਾਬਾ ਹਰਪ੍ਰੀਤ ਨੰਗਲ ਵਾਲੇ, ਬਾਬਾ ਪੰਮਾ ਜੀ ਨੰਗਲ ਵਾਲੇ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ। ਬਲੱਡ ਇਕੱਤਰ ਕਰਨ ਲਈ ਸਰਾਂ ਹਸਪਤਾਲ ਮਾਨਸਾ ਦੀ ਟੀਮ ਪਹੁੰਚੀ 15 ਯੂਨਿਟ ਬਲੱਡ ਦੀਆਂ ਇਕੱਤਰ ਹੋਈਆਂ। ਇਸ ਮੌਕੇ ਕਲੱਬ ਪ੍ਰਧਾਨ ਨਛੱਤਰ ਸਿੰਘ ਸੱਤਾ, ਬਿਕਰ ਸਿੰਘ ਭਲੇਰੀਆ, ਕੁਲਦੀਪ ਸਿੰਘ ਮਢਾਲੀ, ਹਰਦੀਪ ਸਿੰਘ ਕੜਿਆਲ ਵਾਲਾ, ਹਰਜੀਤ ਸਿੰਘ ਸੱਗੂ, ਗੁਰਪ੍ਰੀਤ ਸਿੰਘ ਭੰਮਾ, ਦਰਸ਼ੀ ਮਾਨਸਾ, ਦਰਸ਼ਨ ਸਿੰਘ ਖਾਰਾ, ਬਿੰਦਰ ਸਿੰਘ ਮਾਨਸਾ, ਮਨਪ੍ਰੀਤ ਸਿੰਘ ਚੱਠਾ, ਗੋਗੀ ਮਸਾਣਾ ਬਠਿੰਡਾ, ਚੇਅਰਮੈਨ ਜੀਤ ਕੌਰ ਦਈਆ, ਗੁਲਾਬ ਸਿੰਘ ਮੋਫ਼ਰ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ ਨੂੰ ਲੈ ਕੇ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਵੱਖ-ਵੱਖ ਪਾਬੰਦੀਆਂ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਜ਼ਿਲ੍ਹਾ ਮੈਜਿਸਟਰੇਟ ਡਾ. ਪੱਲਵੀ ਨੇ ਜਾਬਤਾ ਫੌਜਦਾਰੀ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸਟੈਂਡਰਡ ਉਪਰੇਟਿੰਗ ਪਰਸੀਜਰ ਤਹਿਤ ਚੋਣ ਪ੍ਰਕਿਰਿਆ ਨੂੰ ਸ਼ਾਂਤਮਈ ਤਰੀਕੇ ਨਾਲ, ਨਿਰਵਿਘਨ ਕਰਵਾਉਣ ਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕੀਤੇ ਹੁਕਮਾਂ ਮੁਤਾਬਕ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਕਿਸੇ ਵੀ ਉਮੀਦਵਾਰ ਜਾਂ ਉਸ ਦੇ ਸਮਰਥਕਾਂ ਵੱਲੋਂ ਪ੍ਰਚਾਰ ਨਹੀਂ ਕੀਤਾ ਜਾਵੇਗਾ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕ ਸ਼ੋਰ ਸ਼ਰਾਬਾ, ਹੁੱਲੜਬਾਜ਼ੀ ਨਹੀਂ ਕੀਤੀ ਜਾਵੇਗੀ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਲਾਊਡ ਸਪੀਕਰ/ ਮੈਗਾਫੋਨ ਅਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਪ੍ਰਚਾਰ ਨਾਲ ਸਬੰਧਤ ਕਿਸੇ ਵੀ ਕਿਸਮ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ। ਕੋਈ ਵੀ ਰਾਜਨੀਤਕ ਪਾਰਟੀ, ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀਂ ਲਗਾਏਗਾ। ਭਾਰਤ ਚੋਣ ਕਮਿਸ਼ਨ, ਮੁੱਖ ਚੋਣ ਅਫਸਰ, ਪੰਜਾਬ ਜ਼ਿਲ੍ਹਾ ਚੋਣ ਅਫਸਰ, ਜ਼ਿਲ੍ਹਾ ਜਾਂ ਲੋਕ ਸਭਾ ਹਲਕੇ ਦੇ ਰਿਟਰਨਿੰਗ ਅਫਸਰ ਵੱਲੋਂ ਅਧਿਕਾਰਤ ਵਿਅਕਤੀ ਕਿਸੇ ਵੀ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਨਹੀਂ ਲਿਜਾਏਗਾ ਅਤੇ ਨਾ ਹੀ ਪੋਲਿੰਗ ਟੈਂਟ ਲਗਾ ਸਕਦਾ। ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਮੀਦਵਾਰ ਦੇ ਚੋਣ ਬੂਥ 'ਤੇ ਰਿਟਰਨਿੰਗ ਅਫ਼ਸਰ ਦੀ ਅਗੇਤੀ ਪ੍ਰਵਾਨਗੀ ਲੈ ਕੇ ਪੋਲਿੰਗ ਸਟੇਸ਼ਨ ਦੇ 200 ਮੀਟਰ ਘੇਰੇ ਤੋਂ ਬਾਹਰ ਇੱਕ ਟੇਬਲ, ਦੋ ਕੁਰਸੀਆਂ, ਇੱਕ ਛੱਤਰੀ ਜਾਂ 10×10 ਦਾ ਛੋਟਾ ਟੈਂਟ ਲਗਾ ਸਕਦਾ ਹੈ, ਜਿਸ ਨਾਲ ਵੋਟਰਾਂ ਨੂੰ ਪੋਲਿੰਗ ਸਟੇਸ਼ਨ 'ਤੇ ਜਾਣ ਦੇ ਰਾਹ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਆਵੇ। ਇਸ ਤੋਂ ਇਲਾਵਾ, ਪੋਲਿੰਗ ਸਟੇਸ਼ਨ 'ਤੇ ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰਤ ਸੁਰੱਖਿਆ ਕਰਮਚਾਰੀਆਂ ਨੂੰ ਛੱਡ ਕੇ ਕੋਈ ਵੀ ਹਥਿਆਰਬੰਦ ਵਿਅਕਤੀ ਜਾਂ ਸੁਰੱਖਿਆ ਕਿਸੇ ਵੀ ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਘੇਰੇ ਅੰਦਰ ਨਹੀਂ ਆ ਸਕਦੀ। ਉਮੀਦਵਾਰਾਂ ਸਮੇਤ ਕਿਸੇ ਵੀ ਵਿਅਕਤੀ ਨਾਲ ਜੁੜੇ ਸੁਰੱਖਿਆ ਕਰਮਚਾਰੀਆਂ ਨੂੰ ਪੋਲਿੰਗ ਬੂਥ ਦੇ ਅੰਦਰ ਜਾਣ ਦੀ ਆਗਿਆ ਨਹੀਂ ਹੋਵੇਗੀ।

ਨੇਬਰਹੁੱਡ (ਸੈਕਸ਼ਨ 130 ਲੋਕ ਪ੍ਰਤੀਨਿਧਤਾ ਐਕਟ, 1951) ਤਹਿਤ ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਦੇ ਘੇਰੇ ਤੇ ਪੋਲਿੰਗ ਸਟੇਸ਼ਨ ਵਿੱਚ ਮੋਬਾਈਲ ਫੋਨ, ਵਾਇਰਲੈੱਸ ਸੈੱਟ ਆਦਿ ਨੂੰ ਲੈ ਕੇ ਜਾਣ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੋਵੇਗੀ। ਕੇਵਲ ਕਮਿਸ਼ਨ ਦੁਆਰਾ ਨਿਯੁਕਤ ਅਬਜ਼ਰਵਰਾਂ ਤੇ ਅਧਿਕਾਰਤ ਚੋਣ/ਪੁਲਿਸ ਅਧਿਕਾਰੀ ਹੀ ਇਨ੍ਹਾਂ ਦੀ ਵਰਤੋਂ ਕਰ ਸਕਦੇ ਹਨ।

# ਸਿਵਲ ਹਸਪਤਾਲ 'ਚ ਮਨਾਇਆ ਵਿਸ਼ਵ ਤੰਬਾਕੂ ਵਿਰੋਧੀ ਦਿਵਸ



**ਨਾਭਾ (ਵਰਿੰਦਰ ਵਰਮਾ)**-ਸਿਵਲ ਸਰਜਨ ਪਟਿਆਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸਿਵਲ ਹਸਪਤਾਲ ਨਾਭਾ ਦੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਰਾਜੀਵ ਭੱਲਾ ਦੀ ਰਹਿਨੁਮਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਰਾਜੀਵ ਭੱਲਾ ਨੇ ਕਿਹਾ ਕਿ ਹਰ ਸਾਲ 31 ਮਈ ਨੂੰ ਸਾਰੇ ਸੰਸਾਰ ਵਿੱਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾਂਦਾ ਹੈ। ਤੰਬਾਕੂ ਦੇ ਸੇਵਨ ਨਾਲ ਭਾਰਤ ਵਿੱਚ ਹਰ ਸਾਲ ਕਰੀਬ 10 ਲੱਖ ਮੌਤਾਂ ਹੋ ਜਾਂਦੀਆਂ ਹਨ। ਭਾਰਤ ਵਿੱਚ ਕੈਂਸਰ ਨਾਲ ਮਰਨ ਵਾਲੇ 100 ਰੋਗੀਆਂ ਵਿੱਚ 40 ਤੰਬਾਕੂ ਦੀ ਵਰਤੋਂ ਨਾਲ ਮਰਦੇ ਹਨ। ਦੰਦ ਰੋਗਾਂ ਦੇ ਮਾਹਰ ਡਾ. ਜਪਨੀਤ ਕੌਰ ਨੇ ਕਿਹਾ ਕਿ ਤੰਬਾਕੂ ਦੀ ਵਰਤੋਂ ਸਿਹਤ ਲਈ ਹਾਨੀਕਾਰਕ ਹੈ। 95% ਮੂੰਹ ਦੇ ਕੈਂਸਰ ਤੰਬਾਕੂ ਦੀ ਵਰਤੋਂ ਨਾਲ ਹੁੰਦੇ ਹਨ। ਤੰਬਾਕੂ ਖਾਣ ਵਾਲੇ ਵਿਅਕਤੀ ਦੀ ਉਮਰ 10 ਸਾਲ ਘੱਟ ਜਾਂਦੀ ਹੈ। ਇਸ ਨਾਲ ਸੁਣਨ ਸ਼ਕਤੀ ਤੇ ਅੱਖਾਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਟੀ.ਬੀ. ਤੇ ਛਾਤੀ ਰੋਗਾਂ ਦੇ ਮਾਹਰ ਡਾ. ਹਰਕੀਰਤ ਕੌਰ ਨੇ ਦੱਸਿਆ ਕਿ ਤੰਬਾਕੂ ਦੀ ਵਰਤੋਂ ਨਾਲ ਮੂੰਹ, ਗਲਾ, ਸਾਹ ਨਾਲੀ, ਫੇਫੜੇ ਤੇ ਪੇਟ ਦੇ ਕੈਂਸਰ ਤੋਂ ਇਲਾਵਾ ਸਾਹ ਦੀਆਂ ਬਿਮਾਰੀਆਂ, ਟੀ.ਬੀ., ਦਮਾ, ਨਪੁੰਸਕਤਾ, ਦਿਲ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ ਸਾਨੂੰ ਤੰਬਾਕੂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਸ੍ਰੀ ਦਵਿੰਦਰ ਸਿੰਘ ਤੇ ਸਤਪਾਲ ਸਿੰਘ ਹੈਲਥ ਸੁਪਰਵਾਈਜ਼ਰ ਨੇ ਕਿਹਾ ਕਿ ਤੰਬਾਕੂ, ਸ਼ਰਾਬ ਦੀ ਵਰਤੋਂ ਕੁੱਝ ਪਲ ਦਾ ਮਜ਼ਾ ਤੇ ਜੀਵਨ ਭਰ ਦੀ ਸਜ਼ਾ ਹੈ। ਤੰਬਾਕੂ ਦੀ ਵਰਤੋਂ ਕਰਨ ਵਾਲੇ ਕੋਲ ਬੈਠਣਾ ਵੀ ਹਾਨੀਕਾਰਕ ਹੈ। ਇਸ ਸਮੇਂ ਆਮ ਪਬਲਿਕ ਤੋਂ ਇਲਾਵਾ ਸ੍ਰੀ ਸ਼ਨੀ ਦੇਵ ਮੰਦਿਰ ਦੀ ਲੰਗਰ ਕਮੇਟੀ ਦੇ ਮੈਂਬਰ ਤੇ ਅਹੁਦੇਦਾਰ ਹਾਜ਼ਰ ਸਨ।

# ਧੀਆਂ ਦੀਆਂ ਇੱਜ਼ਤਾਂ ਬਜ਼ਾਰੀ ਰੋਲਣ ਵਾਲੇ ਭਾਈਚਾਰਕ ਸਾਂਝ 'ਚ ਜ਼ਹਿਰ ਘੋਲਣ ਦੀਆਂ ਰਚ ਰਹੇ ਨੇ ਸਾਜ਼ਿਸ਼ਾਂ : ਬੋਹੜ ਸਿੰਘ ਰੁਪਈਆਂਵਾਲਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੂੰ ਸਵਾਲ ਪੁੱਛਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਫ਼ਰੀਦਕੋਟ ਬੋਹੜ ਸਿੰਘ ਰੁਪੱਈਆ ਵਾਲਾ ਦੀ ਅਗਵਾਈ ਵਿੱਚ ਜੇ ਪੀ ਨੱਢਾ ਦਾ ਫ਼ਰੀਦਕੋਟ ਪਹੁੰਚਣ 'ਤੇ ਵਿਰੋਧ ਕੀਤਾ ਗਿਆ। ਬੋਹੜ ਸਿੰਘ ਰੁਪੱਈਆਂ ਵਾਲਾ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਤੋੜਨ ਲਈ ਭੜਕਾਊ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਜਿਸ ਤੋਂ ਪੰਜਾਬ ਵਾਸੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਭਾਜਪਾ ਦਾ ਇਤਿਹਾਸ ਧੀਆਂ ਭੈਣਾਂ ਦੀਆਂ ਇੱਜ਼ਤਾਂ ਨੂੰ ਬਜਾਰੀ ਰੋਲਣ ਵਾਲਿਆਂ ਨੂੰ ਬਚਾਉਣ ਦਾ ਤੇ ਆਪਣੇ ਹੱਕ ਮੰਗਦੇ ਕਿਸਾਨਾਂ-ਮਜ਼ਦੂਰਾਂ ਤੇ ਖਿਡਾਰੀਆਂ ਉੱਪਰ ਜ਼ੁਲਮ ਕਰਨ ਦਾ ਹੈ। ਬੋਹੜ ਸਿੰਘ ਰੁਪੱਈਆ ਵਾਲਾ ਨੇ ਕਿਹਾ ਕਿ ਸਾਰੇ ਦੇਸ ਨੂੰ ਭਲੀਭਾਂਤ ਪਤਾ ਹੀ ਹੈ ਕਿ ਜਦੋਂ ਦਿੱਲੀ ਦੇ ਜੰਤਰ-ਮੰਤਰ ਉੱਪਰ ਦੁਨੀਆ ਵਿੱਚ ਭਾਰਤ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਸਾਡੀਆਂ ਧੀਆਂ ਜਿਨਸੀ ਸੋਸ਼ਣ ਕਰਨ ਵਾਲੇ ਭਾਰਤੀ ਕੁਸ਼ਤੀ ਮਹਾਂਸੰਘ ਦੇ ਪ੍ਰਧਾਨ ਤੋਂ ਆਪਣੀ ਰੱਖਿਆ ਲਈ ਸੰਘਰਸ਼ ਕਰ ਰਹੀਆਂ ਸਨ ਤਾਂ ਉਸ ਸਮੇਂ ਬੀਜੇਪੀ ਵੱਲੋਂ ਉਨ੍ਹਾਂ ਉੱਪਰ ਕਿ ਕੁੱਝ ਅੱਤਿਆਚਾਰ ਕੀਤਾ ਗਿਆ ਸੀ ਅਤੇ ਹੁਣ ਉਸੇ ਬ੍ਰਿਜ ਭੂਸ਼ਣ ਸ਼ਰਨ ਦੇ ਲੜਕੇ ਵੱਲੋਂ ਯੂਪੀ ਵਿੱਚ ਦੂਜਾ ਲਖੀਪੁਰ ਖੀਰੀ ਨੂੰ ਦੁਹਰਾਉਂਦੇ ਹੋਏ ਆਪਣੀ ਗੱਡੀ ਥੱਲੇ ਤਿੰਨ ਬੱਚਿਆਂ ਦਰੜ ਕੇ ਦੋ ਬੱਚਿਆਂ ਦੀ ਹੱਤਿਆ ਕਰ ਦਿੱਤੀ ਗਈ ਤੇ ਇਸ ਤੋਂ ਪਹਿਲਾਂ ਪੰਜਾਬ ਵਿੱਚ ਪਟਿਆਲੇ ਤੋਂ ਭਾਜਪਾ ਦੀ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਦੇ ਸਾਥੀ ਗੁੰਡਿਆਂ ਵੱਲੋਂ ਸੁਰਿੰਦਰਪਾਲ ਸਿੰਘ ਆਕੜੀ ਦਾ ਕਤਲ ਕਰ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਦਿੱਲੀ ਦੇ ਬਾਰਡਰਾਂ ਉੱਪਰ 13 ਮਹੀਨੇ 13 ਦਿਨ ਚੱਲੇ ਅੰਦੋਲਨ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਲਿਖਤ ਵਿੱਚ ਕਿਸਾਨਾਂ ਨਾਲ ਮੰਗਾਂ ਮੰਨਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਉਸ ਵਾਅਦੇ ਨੂੰ ਲਾਗੂ ਕਰਨ ਦੀ ਬਜਾਏ ਜਦੋਂ ਕਿਸਾਨ ਦਿੱਲੀ ਨੂੰ ਜਾ ਰਹੇ ਸਨ ਤਾਂ 13, 14 ਤੇ 21 ਫਰਵਰੀ ਨੂੰ ਕਿਸਾਨਾਂ ਉੱਪਰ ਅੰਨ੍ਹਾ ਤਸ਼ੱਦਦ ਕਰਦੇ ਹੋਏ ਸ਼ੁਭਕਰਨ ਸਿੰਘ ਦੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਤੇ ਪ੍ਰੀਤਪਾਲ ਸਿੰਘ ਉੱਪਰ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਤੇ ਅਨੇਕਾਂ ਹੀ ਨੌਜਵਾਨਾਂ ਦੇ ਗੰਭੀਰ ਸੱਟਾਂ ਮਾਰੀਆਂ ਗਈਆਂ ਤੇ ਸੜਕਾਂ ਉੱਪਰ ਇਸ ਤਰ੍ਹਾਂ ਸੀਮੈਂਟ ਦੀਆਂ ਕੰਧਾਂ ਉਸਾਰ ਕੇ ਅਤੇ ਕਿੱਲਾਂ ਲਾ ਦਿੱਤੀਆਂ ਗਈਆਂ, ਜਿਸ ਤਰ੍ਹਾਂ ਕੋਈ ਹੋਰ ਦੇਸ ਦੇ ਲੋਕ ਦਿੱਲੀ ਨੂੰ ਜਾ ਰਹੇ ਹੋਣ ਅਤੇ ਹੁਣ ਉਹੀ ਭਾਜਪਾ ਦੇ ਆਗੂ ਪੰਜਾਬ ਅੰਦਰ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਲਈ ਅਤੇ ਸਮਾਜ ਵਿੱਚ ਵੰਡ ਪਾਊ ਨੀਤੀ ਤਹਿਤ ਭੜਕਾਊ ਬਿਆਨਬਾਜ਼ੀ ਕਰ ਰਹੇ ਹਨ ਅਤੇ ਕਿਸਾਨਾਂ ਮਜ਼ਦੂਰਾਂ ਨੂੰ ਧਮਕੀਆਂ ਦੇ ਰਹੇ ਹਨ। ਇੰਦਰਜੀਤ ਸਿੰਘ ਘਣੀਆਂ ਜ਼ਿਲ੍ਹਾ ਜਨਰਲ ਸਕੱਤਰ ਫ਼ਰੀਦਕੋਟ ਨੇ ਕਿਹਾ ਕਿ ਬੀਜੇਪੀ ਦੇ ਆਗੂ ਕਿਸਾਨਾਂ ਮਜ਼ਦੂਰਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਭੱਜ ਰਹੇ ਹਨ ਅਤੇ ਲੋਕਾਂ ਦੇ ਹੱਕਾਂ ਹਕੂਕਾਂ ਦੀ ਗੱਲ ਸੁਣਨ ਦੀ ਬਜਾਏ ਇਹ ਭਾਜਪਾ ਵਾਲੇ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਰਜ ਰਹੇ ਹਨ ਅਤੇ ਭਾਜਪਾ ਦੇ ਹੱਥ 800 ਤੋਂ ਉੱਪਰ ਕਿਸਾਨਾਂ ਦੇ ਖ਼ੂਨ ਵਿੱਚ ਰੰਗੇ ਹੋਏ ਹਨ।

# ਵਿਕਾਸ ਗਾਬਾ ਨੇ ਹਲਕੇ ਦੇ ਵਿਕਾਸ ਲਈ ਹੰਸ ਰਾਜ ਹੰਸ ਨੂੰ ਵੋਟ ਪਾਉਣ ਦੀ ਕੀਤੀ ਅਪੀਲ



**ਕੋਟ ਈਸੇ ਖਾਂ (ਅਰੋੜਾ)**-ਸੂਬੇ ਵਿੱਚ ਅੱਜ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਜੋ ਹਲਕੇ ਦਾ ਸਰਵਪੱਖੀ ਵਿਕਾਸ ਹੋ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਜੇਪੀ ਆਗੂ ਵਿਕਾਸ ਗਾਬਾ ਨੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹਰੇਕ ਵਰਗ ਦਾ ਧਿਆਨ ਰੱਖਿਆ ਜਾਂਦਾ ਹੈ ਤੇ ਵੱਧ ਤੋਂ ਵੱਧ ਲੋਕ ਭਲਾਈ ਸਕੀਮਾਂ ਚਾਲੂ ਕੀਤੀਆਂ ਜਾਂਦੀਆ ਹਨ, ਜਿਸ ਨਾਲ ਲੱਖਾਂ ਲੋਕਾਂ ਨੂੰ ਲਾਭ ਮਿਲਿਆ ਹੈ। ਉਨ੍ਹਾ ਕਿਹਾ ਕਿ ਜਿਹੜੇ ਸੂਬਿਆਂ ਵਿੱਚ ਭਾਜਪਾ ਦੀ ਸਰਕਾਰ ਹੈ, ਉਹ ਸੂਬਾ ਖੁਸ਼ਹਾਲੀ ਦੀਆਂ ਰਾਹਾਂ 'ਤੇ ਹੈ, ਪਰ ਪੰਜਾਬ ਅੰਦਰ ਗੁੰਡਾਗਰਦੀ, ਰਿਸ਼ਵਤਖੋਰੀ, ਧੱਕੇਸ਼ਾਹੀਆਂ, ਨਸ਼ਾ ਤੇ ਲੁੱਟਾਂ-ਖੋਹਾਂ ਦਿਨੋਂ ਦਿਨ ਵਧ ਰਹੀਆਂ ਹਨ, ਜਿਸ ਨਾਲ ਲੋਕਾਂ ਦਾ ਜੀਣਾ ਮੁਸ਼ਕਲ ਹੋਇਆ ਹੈ। ਉਨ੍ਹਾ ਕਿਹਾ ਕਿ ਲੋਕਾਂ ਨੇ ਬਾਕੀ ਪਾਰਟੀਆਂ ਨੂੰ ਅਜਮਾ ਕੇ ਦੇਖ ਲਿਆ ਹੈ, ਪਰ ਲੋਕਾਂ ਨੂੰ ਝੂਠੇ ਵਾਅਦਿਆਂ ਤੇ ਲਾਰਿਆਂ ਤੋਂ ਬਿਨਾਂ ਕੁੱਝ ਨਹੀਂ ਮਿਲਿਆ। ਗਾਬਾ ਨੇ ਸ਼ਹਿਰ ਤੇ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਅੱਜ ਦੇ ਦਿਨ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਤਾਂ ਜੋ ਹਲਕੇ ਦੀ ਤਰੱਕੀ ਹੋ ਸਕੇ ਤੇ ਲੋਕ ਨੂੰ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਕਿਸਾਨੀ, ਜਵਾਨੀ ਤੇ ਵਪਾਰੀ ਵਰਗ ਖੁਸ਼ਹਾਲ ਹੋ ਸਕੇ।

# ਨਸ਼ਿਆਂ ਦਾ ਖਾਤਮਾ ਸਮੇਂ ਦੀ ਅਹਿਮ ਜ਼ਰੂਰਤ : ਅੰਕੁਸ਼ ਭੰਡਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਸ਼ਵ ਤੰਬਾਕੂ ਰਹਿਤ ਦਿਵਸ 'ਤੇ ਕਮਿਊਨਿਟੀ ਹੈੱਲਥ ਸੈਂਟਰ ਮਮਦੋਟ ਵਿਖੇ ਇਕ ਸੈਮੀਨਾਰ ਲਗਾ ਕੇ ਤੰਬਾਕੂ ਨਾਲ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਸਬੰਧੀ ਵਿਸਥਾਰਤ ਜਾਣਕਾਰੀ ਦਿੱਤੀ ਗਈ। ਇਸ ਸੈਮੀਨਾਰ ਦੀ ਅਗਵਾਈ ਡਾ. ਰਮਨ ਗੁਪਤਾ ਐੱਸ ਐੱਮ ਓ ਮਮਦੋਟ ਦੇ ਦਿਸ਼ਾ ਨਿਰਦੇਸ਼ਾਂ 'ਤੇ ਬੀਈਈ ਅੰਕੁਸ਼ ਭੰਡਾਰੀ ਵੱਲੋਂ ਕੀਤੀ ਗਈ। ਸਮਾਗਮ ਵਿੱਚ ਬੋਲਦਿਆਂ ਅੰਕੁਸ਼ ਭੰਡਾਰੀ ਬੀਈਈ ਨੇ ਕਿਹਾ ਕਿ ਖੁਸ਼ਹਾਲੀ ਵਜੋਂ ਜਾਣੇ ਜਾਂਦੇ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਨਸ਼ਿਆਂ ਨੇ ਐਸਾ ਪੈਰ ਪਸਾਰਿਆ ਕਿ ਲੋਕਾਂ ਨੂੰ ਨਸ਼ਿਆਂ ਨੇ ਆਪਣੀ ਚਪੇਟ ਵਿੱਚ ਲੈ ਰੱਖਿਆ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਨਸ਼ਿਆਂ ਦੇ ਰਸਤੇ ਨੂੰ ਜਾਣ ਵਾਲਾ ਪਹਿਲਾ ਨਸ਼ਾ ਹੈ, ਜਿਸ ਨੂੰ ਸ਼ੌਂਕ ਵਜੋਂ ਵਰਤਣ ਵਾਲੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਦੋਂ ਨਸ਼ਿਆਂ ਦੇ ਭੈੜੇ ਜੰਜਾਲ ਵਿਚ ਫਸ ਗਿਆ। ਉਨ੍ਹਾਂ ਕਿਹਾ ਕਿ ਮਨੁੱਖ ਵਿੱਚ ਮੂੰਹ ਦੇ ਕੈਂਸਰ ਦਾ ਵੱਡਾ ਕਾਰਨ ਤੰਬਾਕੂ ਦਾ ਸੇਵਨ ਕਰਨਾ ਹੈ। ਬੀਈਈ ਅੰਕੁਸ਼ ਭੰਡਾਰੀ ਤੇ ਪਰਮਿੰਦਰ ਸੀਐੱਚਓ ਨੇ ਕਿਹਾ ਕਿ ਜਿੰਨਾ ਜ਼ਰੂਰੀ ਨਸ਼ਿਆਂ ਦਾ ਖਾਤਮਾ ਹੈ, ਉਨਾ ਜ਼ਰੂਰੀ ਤੰਬਾਕੂ ਨੋਸ਼ੀ ਨੂੰ ਰੋਕਣਾ ਹੈ, ਕਿਉਂਕਿ ਤੰਬਾਕੂ ਦੀ ਵਰਤੋਂ ਵਿਅਕਤੀ ਸਾਰੇ ਦਿਨ ਵਿੱਚ ਅਨੇਕਾਂ ਵਾਰ ਕਰ ਜਾਂਦੇ ਹਨ ਅਤੇ ਇਸ ਦੀ ਵਰਤੋਂ ਸ਼ਰੇਆਮ ਜਨਤਕ ਥਾਵਾਂ 'ਤੇ ਵੀ ਅਕਸਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਦਾ ਨਸ਼ਾ ਕਰਨਾ ਭਾਵੇਂ ਬਹੁਤ ਆਸਾਨ ਲੱਗਦਾ ਹੈ, ਪਰ ਇਸ ਨਾਲ ਫੈਲਣ ਵਾਲੀਆਂ ਭੈੜੀਆਂ ਬਿਮਾਰੀਆਂ ਜਿਵੇਂ ਮੂੰਹ ਦਾ ਕੈਂਸਰ, ਫੇਫੜਿਆਂ ਦਾ ਕੈਂਸਰ, ਗੈਰ-ਸੰਚਾਰੀ ਰੋਗਾਂ ਆਦਿ ਬਿਮਾਰੀਆਂ ਦੀ ਗ੍ਰਿਫਤ ਵਿਚ ਆਉਣ ਬਾਅਦ ਮਨੁੱਖ ਦਾ ਜਿਉਣਾ ਦੁੱਭਰ ਹੋ ਜਾਂਦਾ ਹੈ। ਭੰਡਾਰੀ, ਮੋਹਿੰਦਰ ਪਾਲ ਨੇ ਕਿਹਾ ਕਿ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਕੁਝ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਨਸ਼ਿਆਂ ਦੇ ਖਾਤਮੇ ਲਈ ਹਰ ਮਨੁੱਖ ਤੱਤਪਰ ਹੋ ਕੇ ਆਪਣੇ ਤੋਂ ਛੋਟੇ ਤੇ ਵੱਡੇ ਨੂੰ ਨਸ਼ੇ ਦੇ ਕੋਹੜ ਤੋਂ ਮੁਕਤ ਕਰਵਾਉਣ ਲਈ ਯੋਗ ਉਪਰਾਲੇ ਕਰੇ। ਇਸ ਮੌਕੇ ਨਰਿੰਦਰ ਫਾਰਮੇਸੀ ਅਫਸਰ, ਮੋਹਿੰਦਰ ਪਾਲ, ਦਵਿੰਦਰ, ਵਿੱਕੀ, ਗੁਰਜੰਟ ਸਮੇਤ ਪੈਰਾ ਮੈਡੀਕਲ ਸਟਾਫ ਮੌਜੂਦ ਸੀ।

■ **ਮਨੁੱਖ 'ਚ ਮੂੰਹ ਦੇ ਕੈਂਸਰ ਦਾ ਵੱਡਾ ਕਾਰਨ ਤੰਬਾਕੂ ਦਾ ਸੇਵਨ**



# ਮਾਨਸਿਕ ਸਿਹਤ ਸੰਬੰਧੀ ਜਾਗਰੂਕਤਾ ਸਮਾਗਮ ਦਾ ਲੋਕਾਂ ਨੇ ਉਠਾਇਆ ਲਾਭ



**ਕੁਰਾਲੀ, (ਮੋਹਨ ਅਗਰਵਾਲ)** ਸੰਸਾਰ ਭਰ ਵਿੱਚ ਮਾਨਸਿਕ ਸਿਹਤ ਜਾਗਰੂਕਤਾ ਮਹੀਨੇ ਵਜੋਂ ਮਨਾਏ ਜਾਂਦੇ ਮਈ ਮਹੀਨੇ ਨੂੰ ਮੁੱਖ ਰੱਖਦਿਆਂ ਪ੍ਰਭ ਆਸਰਾ ਪਡਿਆਲਾ ਵਿਖੇ ਜਾਗਰੂਕਤਾ ਸਮਾਗਮ ਕਰਵਾਇਆ ਗਿਆ।ਜਿਸ ਬਾਰੇ ਸੰਸਥਾ ਮੁਖੀ ਸ਼ਮਸ਼ੇਰ ਸਿੰਘ ਅਤੇ ਰਜਿੰਦਰ ਕੌਰ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਜੀ ਆਇਆਂ ਨੂੰ ਕਹਿਣ ਅਤੇ ਪੰਜਾਬ ਨੈਸ਼ਨਲ ਕਾਲਜ ਆਫ਼ ਨਰਸਿੰਗ ਡੇਰਾ ਬਸੀ ਦੀ ਵਿਦਿਆਰਥਣ ਵੱਲੋਂ ਪੇਸ਼ ਕੀਤੇ ਧਾਰਮਿਕ ਗੀਤ ਬੰਦਗੀ ਦੀ ਦਾਤ ਨਾਲ਼ ਹੋਈ।ਰਿਆਤ ਐਂਡ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪਰਵਿੰਦਰ ਸਿੰਘ ਦੀ ਅਗਵਾਈ ਵਿੱਚ ਆਏ ਵਿਦਿਆਰਥੀਆਂ ਨੇ ਮਾਨਸਿਕ ਸਿਹਤ ਸਬੰਧੀ ਸਕਿੱਟ ਅਤੇ ਸਰਸਵਤੀ ਨਰਸਿੰਗ ਕਾਲਜ ਧਿਆਨਪੁਰਾ ਤੇ ਚਿਤਕਾਰਾ ਯੂਨੀਵਰਸਿਟੀ ਪੰਜਾਬ ਵੱਲੋਂ ਨਾਟਕ ਪੇਸ਼ ਕੀਤੇ ਗਏ। ਰਵਾਇਤੀ ਪਹਿਰਾਵਿਆਂ ਵਿੱਚ ਸਜੀਆਂ ਸਰਕਾਰੀ ਨਰਸਿੰਗ ਕਾਲਜ ਰੋਪੜ ਦੀਆਂ ਵਿਦਿਆਰਥਣਾਂ ਅਤੇ ਪ੍ਰਭ ਆਸਰਾ ਦੀਆਂ ਸ਼ਪੈਸ਼ਲ ਤੇ ਨਾਰਮਲ ਬੱਚੀਆਂ ਵੱਲੋਂ ਪੇਸ਼ ਕੀਤੀਆਂ ਗਿੱਧੇ ਦੀਆਂ ਪੇਸ਼ਕਾਰੀਆਂ ਨੇ ਖ਼ੂਬ ਰੰਗ ਬੰਨ੍ਹਿਆ।

ਪ੍ਰਭ ਆਸਰਾ ਵਿਖੇ ਹੀ ਮੁੜ ਪੁਨਰਵਾਸ ਵਿੱਚ ਆਏ ਨੌਜਵਾਨ ਸ਼ੇਰ ਸਿੰਘ ਨੇ ਸੁਰ, ਤਾਲ ਤੇ ਲੈਅ-ਬੱਧਤਾ ਵਿੱਚ 'ਤੇਰੇ ਰੰਗ ਨਿਆਰੇ ਦਾਤਿਆ' ਗੀਤ ਗਾ ਕੇ, ਇੱਥੋਂ ਦੇ ਹੀ ਛੋਟੇ ਬੱਚਿਆਂ ਨੇ ਭੰਗੜੇ ਅਤੇ ਨੰਨ੍ਹੀਆਂ ਬੱਚੀਆਂ ਨੇ ਨਾਚ ਦੀਆਂ ਦਿਲ ਟੁੰਬਵੀਆਂ ਪੇਸ਼ਕਾਰੀਆਂ ਨਾਲ਼ ਖ਼ੂਬ ਵਾਹ ਵਾਹ ਖੱਟੀ।ਮਨੋਰੋਗਾਂ ਦੇ ਮਾਹਿਰ ਡਾ. ਨਿਤਿਨ ਸੇਠੀ ਨੇ ਮਾਨਸਿਕ ਸਿਹਤ ਬਾਰੇ ਸੰਖੇਪ ਭਾਸ਼ਣ ਵਿੱਚ ਵੱਡਮੁੱਲੀਆਂ ਜਾਣਕਾਰੀਆਂ ਦਿੱਤੀਆਂ ਅਤੇ ਡੀ.ਐਸ ਪੀ ਹਰਸਿਮਰਨ ਸਿੰਘ ਬੱਲ ਨੇ ਮਾਨਸਿਕ ਰੋਗੀਆਂ ਪ੍ਰਤੀ ਆਪਣੀਆਂ ਭਾਵਨਾਵਾਂ ਤੇ ਤਜਰਬੇ ਸਾਂਝੇ ਕੀਤੇ।ਮੰਚ ਸੰਚਾਲਨ ਦੀ ਜ਼ੁੰਮੇਵਾਰੀ ਅਰਵਿੰਦਰ ਕੌਰ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸਮਾਜ ਦਰਦੀ ਜਥੇਬੰਦੀਆਂ/ਸੰਸਥਾਵਾਂ, ਉੱਚ ਅਹੁਦਿਆਂ ਤੋਂ ਸੇਵਾਮੁਕਤ ਅਧਿਕਾਰੀ, ਇਲਾਕਾ ਨਿਵਾਸੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਗੁਰਤਾ ਗੱਦੀ ਦਿਵਸ ਮਨਾਇਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ)**- ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਵਿਖੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਸ਼ਰਧਾ,ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਦੇ ਮੌਜੂਦਾ ਮੁਖੀ ਜਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸੇਵਾਦਾਰ ਬਾਬਾ ਕੁਲਦੀਪ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਦੀ ਦੇਖ-ਰੇਖ ਹੇਠ ਮਨਾਏ ਗਏ ਗੁਰਤਾਗੱਦੀ ਦਿਵਸ ਦੌਰਾਨ ਅੰਮ੍ਰਿਤ ਵੇਲੇ ਨਿਤਨੇਮ ਦੇ ਪਾਠ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

ਇਸ ਮੌਕੇ ਬਾਬਾ ਕੁਲਦੀਪ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ 'ਤੇ ਮੁਬਾਰਕਬਾਦ ਦਿੰਦੇ ਹੋਏ ਜਿੱਥੇ ਗੁਰੂ ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਉੱਥੇ ਹੀ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਗਏ ਸੇਵਾ,ਸਿਮਰਨ ਤੇ ਮਾਰਗ 'ਤੇ ਚੱਲ ਕੇ ਆਪਣਾ ਮਨੁੱਖਾ ਜੀਵਨ ਸਫਲਾ ਕਰਨ ਲਈ ਪ੍ਰੇਰਿਤ ਕੀਤਾ।ਇਸੇ ਤਰ੍ਹਾਂ ਹੀ ਪਿੰਡ ਉਹੜਪੁਰ ਦੀ ਸੰਗਤ ਵੱਲੋਂ ਇਕੱਤਰ ਹੋ ਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਿਆਈ ਦਿਵਸ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਪ੍ਰਬੰਧਕ ਸੇਵਾਦਾਰ ਗਿਆਨੀ ਕੇਵਲ ਸਿੰਘ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਦੇ ਮੁਬਾਰਕਬਾਦ ਦਿੱਤੀ।ਇਸ ਮੌਕੇ ਭਾਈ ਬਖਸ਼ੀਸ਼ ਸਿੰਘ, ਭਾਈ ਅਮਰੀਕ ਸਿੰਘ, ਭਾਈ ਸਤਨਾਮ ਸਿੰਘ, ਬਲਦੇਵ ਸਿੰਘ ਮਲਕੀਅਤ ਸਿੰਘ, ਅਮਰਜੀਤ ਕੌਰ, ਦਲੀਪ ਕੌਰ, ਸਰਬਜੀਤ ਕੌਰ ਬਿੰਦਰ ਕੌਰ, ਮਨਜੀਤ ਕੌਰ ਬਲਦੇਵ ਸਿੰਘ, ਕਮਲਜੀਤ ਕੌਰ, ਬਲਜੀਤ ਕੌਰ, ਗੁਰਮੀਤ ਕੌਰ ਨਿਰਮਲ ਕੌਰ, ਪਲਵਿੰਦਰ ਕੌਰ ਭਵਲੀਨ ਕੌਰ, ਬਲਵਿੰਦਰ ਕੌਰ, ਪ੍ਰੀਆ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# ਏ ਜੀ ਆਈ ਗੋਲਡਨ ਫੁਟਸਲ ਲੀਗ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਮੁਕੰਮਲ



**ਜਲੰਧਰ ( ਰਾਜੇਸ਼ ਥਾਪਾ)** ਏ ਜੀ ਆਈ ਗੋਲਡਨ ਫੁਟਸਲ ਲੀਗ ਚੈਂਪੀਅਨਸ਼ਿਪ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਜਿਸ ਦਾ ਆਯੋਜਨ ਜਲੰਧਰ ਹਾਈਟਸ 1, 66 ਫੁੱਟ ਰੋਡ ਜਲੰਧਰ ਦੇ ਟੀ ਬਲਾਕ ਫੁੱਟਬਾਲ ਗਰਾਊਂਡ ਵਿਖੇ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਏਜੀਆਈ ਸਪੋਰਟਸ ਇੰਸਟੀਚਿਊਟ ਆਫ਼ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਨੇ ਦੱਸਿਆ ਕਿ ਇਸ ਛੇ ਦਿਨਾਂ ਚੈਂਪੀਅਨਸ਼ਿਪ ਵਿੱਚ ਕੁੱਲ 18 ਮੈਚ ਖੇਡੇ ਜਾਣਗੇ। ਮੈਚ ਰਾਊਂਡ ਰੌਬਿਨ ਲੀਗ ਫਾਰਮੈਟ 'ਤੇ ਆਯੋਜਿਤ ਕੀਤੇ ਜਾਣਗੇ।ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ਼ ਇੰਡੀਆ ਨੇ ਭਾਗ ਲੈਣ ਵਾਲੀਆਂ ਟੀਮਾਂ ਦੇ ਸਾਰੇ ਖਿਡਾਰੀਆਂ ਨੂੰ ਪਲੇਇੰਗ ਕਿੱਟਾਂ ਪ੍ਰਦਾਨ ਕੀਤੀਆਂ। ਮੈਚ ਦਿਨ ਅਤੇ ਫਲੱਡ ਲਾਈਟਾਂ ਵਿੱਚ ਆਯੋਜਿਤ ਕੀਤੇ ਜਾਣਗੇ ਅਤੇ ਹਰ ਰੋਜ਼ ਸ਼ਾਮ 6:00 ਵਜੇ ਤੋਂ ਸ਼ੁਰੂ ਹੋਣਗੇ।ਹਰ ਟੀਮ 15 ਮਿੰਟ ਦੇ ਦੋ ਹਾਲਫ ਦੀ ਮਿਆਦ ਦੇ ਨਾਲ 10 ਮਿੰਟ ਦੇ ਅੰਤਰਾਲ ਦੇ ਨਾਲ ਮੈਚ ਖੇਡੇਗੀ।ਮੈਚਾਂ ਦੇ ਸੰਚਾਲਨ ਲਈ ਦੋ ਫੁੱਟਬਾਲ ਰੈਫਰੀ ਨਿਯੁਕਤ ਕੀਤੇ ਗਏ ਹਨ।

# ਗਰਮੀ ਤੋਂ ਬਚਾਅ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ : ਡਾ. ਸੁਭਾਸ਼ ਕੁਮਾਰ

**ਮੋਹਾਲੀ, (ਗੁਰਜੀਤ ਬਿੱਲਾ)**— ਗਰਮ ਹਵਾਵਾਂ ਦੇ ਚਾਲੂ ਮੌਸਮ 'ਚ ਜ਼ਿਲ੍ਹਾ ਸਿਹਤ ਵਿਭਾਗ ਨੇ ਇਕ ਵਾਰ ਫਿਰ ਲੋਕਾਂ ਨੂੰ ਤਿੱਖੀ ਗਰਮੀ ਤੋਂ ਬਚਣ ਦੀ ਸਲਾਹ ਦਿੱਤੀ ਹੈ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਭਾਸ਼ ਕੁਮਾਰ ਨੇ ਆਖਿਆ ਕਿ ਗਰਮੀ ਤੋਂ ਬਚਾਅ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ, ਜਿਨ੍ਹਾਂ 'ਚ ਸਾਦਾ ਪਾਣੀ, ਲੱਸੀ, ਨਿੰਬੂ ਪਾਣੀ, ਜੂਸ, ਨਾਰੀਅਲ ਦਾ ਪਾਣੀ, ਓ.ਆਰ.ਐਸ. ਦਾ ਘੋਲ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰੀਰ ਦਾ ਤਾਪਮਾਨ ਸਹੀ ਰੱਖਣ ਲਈ ਤਰਲ ਪਦਾਰਥਾਂ ਦਾ ਸੇਵਨ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਗਰਮੀ ਕਾਰਨ ਤਾਪਮਾਨ ਵੱਧ ਜਾਂਦਾ ਹੈ ਜਿਸ ਕਾਰਨ ਸਰੀਰ ਅੰਦਰ ਪਾਣੀ ਦੀ ਘਾਟ ਪੈਦਾ ਹੋ ਸਕਦੀ ਹੈ, ਵਿਅਕਤੀ ਨੂੰ ਚੱਕਰ ਆ ਸਕਦੇ ਹਨ, ਬੇਹੋਸ਼ ਹੋ ਕੇ ਡਿੱਗ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਸਵੇਰੇ 12 ਵਜੇ ਤੋਂ 3 ਵਜੇ ਤਕ ਬਾਹਰ ਨਿਕਲਣ ਤੋਂ ਪ੍ਰਹੇਜ਼ ਕੀਤਾ ਜਾਵੇ ਕਿਉਂਕਿ ਇਸ ਸਮੇਂ ਦੌਰਾਨ ਸੂਰਜੀ ਤਪਸ਼ ਬਹੁਤ ਜ਼ਿਆਦਾ ਹੁੰਦੀ ਹੈ। ਇਸ ਤੋਂ ਇਲਾਵਾ, ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਗਰਮੀ ਅਤੇ ਲੂ ਦਾ ਅਸਰ ਨਵਜਨਮੇ ਬੱਚਿਆਂ, ਗਰਭਵਤੀ ਔਰਤਾਂ, ਖੁੱਲ੍ਹੇ ਆਸਮਾਨ ਹੇਠ ਕੰਮ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ, ਬੇਘਰੇ ਲੋਕਾਂ, ਸੜਕਾਂ-ਫੁੱਟਪਾਥ ਕੰਢਾਂ ਰਹਿਣ ਵਾਲੇ ਲੋਕਾਂ, ਮਾਨਸਿਕ ਜਾਂ ਸਰੀਰਕ ਬੀਮਾਰੀਆਂ ਤੋਂ ਪੀੜਤ ਲੋਕਾਂ ਖ਼ਾਸਕਰ ਦਿਲ ਦੀ ਬੀਮਾਰੀ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ, ਮੋਟਾਪੇ ਤੋਂ ਪੀੜਤ ਲੋਕਾਂ, ਖੁਲ੍ਹੇ ਵਿਚ ਸਖ਼ਤ ਕਸਰਤ ਕਰਨ ਵਾਲੇ ਖਿਡਾਰੀਆਂ ਆਦਿ 'ਤੇ ਜ਼ਿਆਦਾ ਹੋ ਸਕਦਾ ਹੈ।

ਇਸ ਲਈ ਇਨ੍ਹਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਜੇ ਗਰਮੀ ਕਾਰਨ ਕੋਈ ਸਿਹਤ ਸਮੱਸਿਆ ਹੁੰਦੀ ਹੈ ਤਾਂ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਗਰਮੀ ਤੋਂ ਬਚਾਅ ਲਈ ਇਹ ਕਰੋ ਅਪਣੇ ਘਰ ਨੂੰ ਠੰਢਾ ਰੱਖੋ, ਦਿਨ ਵੇਲੇ ਤਾਕੀਆਂ ਅਤੇ ਦਰਵਾਜ਼ੇ ਬੰਦ ਰੱਖੋ, ਸਰੀਰ ਨੂੰ ਠੰਢਾ ਰੱਖੋ, ਹਲਕੇ ਰੰਗ ਦੇ ਕਪੜੇ ਪਾਉ ਬਾਹਰ ਜਾਣ 'ਤੇ ਐਨਕ ਲਾਉ ਤੇ ਸਿਰ ਢੱਕ ਕੇ ਰੱਖੋ। ਜੇਕਰ ਬਾਹਰ ਹੋ ਤਾਂ ਬੈਠਣ ਲਈ ਠੰਢੀ ਥਾਂ ਲੱਭੋ ਜਿਵੇਂ ਰੁੱਖ ਜਾਂ ਹੋਰ ਛਾਂਦਾਰ ਥਾਂ। ਮੌਸਮੀ ਫੱਲ ਖਾਉ। ਨੰਗੇ ਪੈਰ ਬਾਹਰ ਨਾ ਜਾਉ।

ਹਰ ਅੱਧੇ ਘੰਟੇ ਬਾਅਦ ਪਾਣੀ ਪੀਉ। ਧੁੱਪ ਵਿਚ ਜਾਣ ਵੇਲੇ ਪਾਣੀ ਨਾਲ ਲੈ ਕੇ ਜਾਉ। ਗਰਮੀ ਦੇ ਸਿਖਰ ਦੇ ਸਮੇਂ ਖਾਣਾ ਬਣਾਉਣ ਤੋਂ ਬਚੋ। ਰਸੋਈ ਦੇ ਖੇਤਰ ਨੂੰ ਹਵਾਦਾਰ ਰੱਖੋ। ਬੱਚਿਆਂ ਤੇ ਜਾਨਵਰਾਂ ਨੂੰ ਪਾਰਕ ਕੀਤੇ ਵਾਹਨ ਵਿਚ ਨਾ ਛੱਡੋ। ਤਿੱਖੀ ਧੁੱਪ ਵਿਚ ਨਾ ਜਾਉ। ਸ਼ਰਾਬ, ਚਾਹ, ਕੌਫ਼ੀ ਆਦਿ ਤੋਂ ਪਰਹੇਜ਼ ਕਰੋ। ਬਾਸੀ ਖਾਣਾ ਨਾ ਖਾਉ। ਜਿੰਨਾ ਹੋ ਸਕੇ, ਸਖ਼ਤ ਸਰੀਰਕ ਸਰਗਰਮੀ ਤੋਂ ਬਚੋ।

# ਕਿਸੇ ਵੀ ਰਾਜਨੀਤਿਕ ਧਿਰ ਨੇ 'ਸੱਭਿਆਚਾਰਕ ਪ੍ਰਦੂਸ਼ਣ' ਨੂੰ ਚੋਣ ਮਨੋਰਥ ਪੱਤਰ 'ਚ ਨਹੀਂ ਕੀਤਾ ਸ਼ਾਮਲ-ਸੰਜੀਵਨ ਸਿੰਘ

ਚੰਡੀਗੜ੍ਹ—ਕਲਾ ਕਲਾ ਨਹੀਂ, ਲੋਕਾਂ ਲਈ' ਦੇ ਸਿਧਾਂਤ 'ਤੇ ਅਮਲ ਕਰਦੀ ਅੱਠ ਦਹਾਕੇ ਪਹਿਲਾਂ ਸਥਾਪਤ ਹੋਈ ਅਤੇ ਪਿੱਛਲੇ ਤਿੰਨ ਦਹਾਕਿਆਂ ਤੋਂ ਸਭਿਆਚਾਰਕ ਪ੍ਰਦੂਸ਼ਣ ਖਿਲਾਫ਼ ਅਵਾਜ਼ ਬੁਲੰਦ ਕਰਦੀ ਇਪਟਾ ਦੀ ਪੰਜਾਬ ਇਕਾਈ ਵੱਲੋਂ ਸ਼ੋਸ਼ਲ ਮੀਡੀਆ (ਈਮੇਲ, ਵਟਸਐਪ ਤੇ ਟਵੀਟਰ (ਯ)) ਰਾਹੀਂ ਵਾਰ ਵਾਰ ਪੱਤਰ ਭੇਜਣ ਦੇ ਬਾਵਜੂਦ ਕਿਸੇ ਵੀ ਰਾਜਨੀਤਿਕ ਧਿਰ ਨੇ 'ਸਭਿਆਚਾਰਕ ਪ੍ਰਦੂਸ਼ਣ' ਵਰਗੇ ਗੰਭੀਰ ਅਤੇ ਅਹਿਮ ਮਸਲੇ ਨੂੰ ਆਪਣੇ ਚੋਣ ਮਨੋਰਥ ਪੱਤਰ ਵਿਚ ਸ਼ਾਇਦ ਵੋਟਾਂ ਖੁਰਣ ਦੇ ਡਰੋਂ ਸ਼ਾਮਿਲ ਨਹੀਂ ਕੀਤਾ।ਤਮਾਮ ਰਾਜਨੀਤਿਕ ਧਿਰਾਂ ਦੇ ਰੱਵਈਏ 'ਤੇ ਖੇਦ ਪ੍ਰਗਟ ਕਰਦਿਆਂ ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਕਾਰ, ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਹੋਰਾਂ ਪ੍ਰਦੂਸ਼ਣਾਂ ਵਾਂਗ ਸਭਿਆਚਾਰਕ ਪ੍ਰਦੂਸ਼ਣ ਵੀ ਇਕ ਗੰਭੀਰ ਮਸਲਾ ਹੈ। ਸਭਿਆਚਾਰਕ ਪ੍ਰਦੂਸ਼ਣ ਵਿਚ ਗੀਤਕਾਰੀ ਅਤੇ ਗਾਇਕੀ ਦਾ ਪ੍ਰਦੂਸ਼ਣ ਵੱਧ ਪ੍ਰੇਸ਼ਾਨ ਕਰਦਾ ਹੈ।ਉਨ੍ਹਾਂ ਅੱਗੇ ਕਿਹਾ ਰਾਜਨੀਤਿਕ ਪਾਰਟੀਆਂ ਜਦ ਮੁੱਢਲੇ ਸਮਾਜਿਕ ਮੁੱਦਿਆਂ ਤੋਂ ਕਿਨਾਰਾ ਕਰ ਗਈਆਂ ਹਨ ਤਾਂ ਪ੍ਰਦੂਸ਼ਿਤ ਹੋ ਰਿਹਾ ਸਭਿਆਚਾਰ ਇਨ੍ਹਾਂ ਲਈ ਮਸਲਾ ਕਿਵੇਂ ਅਹਿਮ ਹੋ ਸਕਦਾ ਹੈ।ਜ਼ਿਕਰਯੋਗ ਹੈ ਕਿ ਇਪਟਾ, ਪੰਜਾਬ ਨੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ.), ਪੈਗ਼ਾਮ-ਏ-ਨਾਮਾ ਅਤੇ ਇਪਟਾ, ਚੰਡੀਗੜ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ, ਵਿਖੇ 'ਸੱਭਿਆਚਾਰਕ ਪ੍ਰਦੂਸ਼ਣ' ਨੂੰ ਚੋਣ ਮੁੱਦਾ ਬਣਾਉਣ ਅਤੇ ਚੋਣ ਮਨੋਰਥ ਪੱਤਰਾਂ ਵਿਚ ਸ਼ਾਮਿਲ ਕਰਨ ਬਾਰੇ ਰਾਜਨੀਤਿਕ ਧਿਰਾਂ ਤੋਂ ਕਾਰਨ ਉਨ੍ਹਾਂ ਦਾ ਪੱਖ ਅਤੇ ਨਜ਼ਰੀਆਂ ਜਾਨਣ ਲਈ ਕਰਵਾਈ ਗਈ ਵੀ ਕਨਵੈਨਸ਼ਨ ਵਿਚ ਹਾਕਿਮ ਧਿਰ ਸਮੇਤ ਤਮਾਮ ਰਾਜਨੀਤਿਕ ਪਾਰਟੀਆਂ ਨੂੰ ਸੱਦਾ ਦਿਤਾ ਗਿਆ ਸੀ।

# ਐਜੂਕੇਸ਼ਨ ਦਾ ਮਿਆਰ ਉੱਚਾ ਚੁੱਕਣ ਤੇ ਬੇਰੁਜ਼ਗਾਰੀ ਦਾ ਖ਼ਾਤਮਾ ਸਾਡਾ ਪਹਿਲਾ ਮੰਤਵ - ਮਾਸਟਰ ਰਾਜਪਾਲ



**ਭੁਲੱਥ,(ਮਨਪ੍ਰੀਤ ਸਿੰਘ)**-ਹਲਕਾ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣ ਲੜ ਰਹੇ ਬਹੁਜਨ ਮੁਕਤੀ ਪਾਰਟੀ ਤੇ ਪੰਜਾਬ ਸਮਾਜਿਕ ਗੱਠਜੋੜ ਦੇ ਸਾਂਝੇ ਉਮੀਦਵਾਰ ਮਾਸਟਰ ਰਾਜਪਾਲ ਵੱਲੋਂ ਘਰ-ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ ਗਿਆ।ਮਾਸਟਰ ਰਾਜਪਾਲ ਨੇ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਸੂਬਾ ਪੰਜਾਬ ਅੰਦਰ ਐਜੂਕੇਸ਼ਨ ਦਾ ਮਿਆਰ ਉੱਚਾ ਚੁੱਕਣ ਤੇ ਬੇਰੁਜ਼ਗਾਰੀ ਦਾ ਖ਼ਾਤਮਾ ਕਰਨਾ ਸਾਡਾ ਪਹਿਲਾ ਕੰਮ ਹੋਵੇਗਾ । ਉਹਨਾਂ ਕਿਹਾ ਕਿ ਅਮੀਰਾਂ ਤੇ ਗਰੀਬਾਂ ਦੇ ਵੱਖਰੇ-ਵੱਖਰੇ ਸਕੂਲਾਂ ਦੇ ਪਾੜੇ ਨੂੰ ਖਤਮ ਕਰਕੇ ਇੱਕ ਸਮਾਨ ਗੁਣਾਤਮਿਕ ਸਿੱਖਿਆ ਨੀਤੀ ਲਾਗੂ ਕੀਤੀ ਜਾਵੇਗੀ। ਇਲਾਜ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ ਤੇ ਸਿਹਤ ਸਹੂਲਤਾਂ ਵੱਲ ਵੱਧ ਧਿਆਨ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਨੂੰ ਲੁੱਟਿਆ ਤੇ ਜਨਤਾ ਦਾ ਸ਼ੋਸ਼ਣ ਕਰਨ ਤੋਂ ਸਿਵਾਏ ਕੁਝ ਨਹੀਂ ਕੀਤਾ । ਪਿਛਲੀਆਂ ਸਰਕਾਰਾਂ ਨੂੰ ਜਿੰਨੇ ਵੀ ਮਹਿਕਮੇ ਅਡਾਨੀਆਂ ਅਬਾਨੀਆਂ ਤੇ ਹੋਰ ਅਦਾਰਿਆਂ ਨੂੰ ਵੇਚੇ ਹਨ, ਸਾਡੀ ਸਰਕਾਰ ਬਣਨ 'ਤੇ ਸਾਰੇ ਮਹਿਕਮੇ ਸਰਕਾਰ ਆਪਣੇ ਹੱਥ ਵਿੱਚ ਲਵੇਗੀ। ਰੈਗੂਲਰ ਭਰਤੀ ਨੀਤੀ ਲਾਗੂ ਕਰਾਂਗੇ । ਉਹਨਾਂ ਕਿਹਾ ਕਿ ਖੇਤੀਬਾੜੀ ਸੈਕਟਰ ਦੇਸ਼ ਦੀ ਰੀੜ ਦੀ ਹੱਡੀ ਹੈ, ਇਸ ਨੂੰ ਹੋਰ ਵਿਕਸਿਤ ਕਰਨ ਲਈ ਸਾਰੀਆਂ ਫਸਲਾਂ,ਸਬਜ਼ੀਆਂ ਤੇ ਫਲਾਂ 'ਤੇ ਐਮ.ਐਸ.ਪੀ ਗਰੰਟੀ ਕਾਨੂੰਨ ਲਾਗੂ ਕਰਾਂਗੇ। ਉਹਨਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਦੀ ਦਿਹਾੜੀ 750 ਰੁਪਏ ਕਰਨ ਦਾ ਕਾਨੂੰਨ ਪਾਸ ਕਰਾਂਗੇ । ਇਸ ਮੌਕੇ ਇਕੱਤਰ ਹੋਏ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਚੋਣ ਨਿਸ਼ਾਨ ਮੰਜੇ ਨੂੰ ਵੋਟਾਂ ਪਾ ਕੇ ਸਾਨੂੰ ਜਿਤਾ ਕੇ ਸੰਸਦ ਵਿੱਚ ਭੇਜੋ ਤਾਂ ਕਿ ਲੋਕ ਹਿੱਤਾਂ ਲਈ ਅੱਗੇ ਵਧਿਆ ਜਾ ਸਕੇ ।

# ਲਾਇਲਪੁਰ ਖ਼ਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀ ਗੁਰਸ਼ਰਨ ਸਿੰਘ ਬੁੱਟਰ ਨੇ ਕੀਤਾ ਕਾਲਜ ਦਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)** – ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਤਤਪਰ ਰਹਿੰਦਾ ਹੈ।ਇਸੇ ਸਦਕਾ ਇਥੋਂ ਦੇ ਵਿਦਿਆਰਥੀ ਜਿੱਥੇ ਵੱਖ-ਵੱਖ ਖੇਤਰਾਂ 'ਚ ਆਪਣਾ ਯੋਗਦਾਨ ਪਾ ਕੇ ਸਮਾਜ ਦੀ ਸੇਵਾ ਕਰ ਰਹੇ ਹਨ, ਉੱਥੇ ਉਹ ਦੇਸ਼ਾ ਵਿਦੇਸ਼ਾਂ ਵਿਚ ਵੀ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਦੇ ਰਹੇ ਹਨ।ਅਜਿਹੀਆਂ ਪ੍ਰਾਪਤੀਆਂ ਕਰਕੇ ਉਹ ਜਦੋਂ ਕਾਲਜ ਵਿਖੇ ਫੇਰੀ ਪਾਉਣ ਆਉਂਦੇ ਹਨ ਤਾਂ ਕਾਲਜ ਨੂੰ ਵੀ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਹੁੰਦਾ ਹੈ।ਵਿਦਿਆਰਥੀ ਗੁਰਸ਼ਰਨ ਸਿੰਘ ਬੁੱਟਰ ਐਡਮਿਨਟਨ ਕਨੇਡਾ ਵਿਖੇ ਮਾਈ ਰੇਡੀਓ 580, ਵਿਚ ਬਤੌਰ ਜਨਰਲ ਮੈਨੇਜਰ ਕਾਰਜ ਕਰ ਰਹੇ ਹਨ।ਸ੍ਰੀ ਬੁੱਟਰ ਦੇ ਕਾਲਜ ਵਿਖੇ ਪਹੁੰਚਣ 'ਤੇ ਕਾਲਜ ਗਵਰਨਿੰਗ ਕੌਂਸਲ ਦੇ ਸਯੁੰਕਤ ਸਕੱਤਰ ਜਸਪਾਲ ਸਿੰਘ ਵੜੈਚ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਉਨ੍ਹਾਂ ਦਾ ਸੁਆਗਤ ਕੀਤਾ।ਉਨ੍ਹਾਂ ਕਿਹਾ ਕਿ ਸਾਨੂੰ ਸਾਡੇ ਵਿਦਿਆਰਥੀਆਂ 'ਤੇ ਹਮੇਸ਼ਾਂ ਮਾਣ ਹੁੰਦਾ ਹੈ, ਜਦੋਂ ਉਹ ਵਿਦੇਸ਼ਾਂ 'ਚ ਵੀ ਉੱਚ ਪ੍ਰਾਪਤੀਆਂ ਕਰਕੇ ਕਾਲਜ ਵਿਖੇ ਵਿਜ਼ਿਟ ਕਰਦੇ ਹਨ।ਉਨ੍ਹਾਂ ਦੱਸਿਆ ਕਿ ਸਾਲ 1978-79 ਦੌਰਾਨ ਬੁੱਟਰ ਕਾਲਜ ਦੇ ਵਿਦਿਆਰਥੀ ਸਨ।ਗੁਰਸ਼ਰਨ ਸਿੰਘ ਬੁੱਟਰ ਨੇ ਇਸ ਮੌਕੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਪਰਵਾਸ ਦੇ ਅਨੁਭਵ ਸਾਂਝੇ ਕਰਦਿਆਂ ਮਾਈ ਰੇਡੀਓ ਕਨੇਡਾ ਦੀ ਕਾਰਜਸ਼ੈਲੀ ਬਾਰੇ ਗੱਲਬਾਤ ਕੀਤੀ।ਇਸ ਮੌਕੇ ਉਨ੍ਹਾਂ ਕਾਲਜ ਮੈਨੇਜਮੈਂਟ ਅਤੇ ਪ੍ਰਿੰਸੀਪਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਸ਼ਰਧਾ ਭਾਵਨਾ ਨਾਲ ਹੀ ਸਤਿਗੁਰੂ ਪਾਇਆ ਜਾ ਸਕਦੈ : ਭਾਈ ਗੁਰਪ੍ਰਤਾਪ ਪਦਮ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਅਤੇ ਸਿੱਖ ਨੌਜਵਾਨ ਪੀੜੀ ਨੂੰ ਸਰਬੰਸਦਾਨੀ ਦਸਵੀਂ ਪਾਤਸ਼ਾਹੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦੇ ਰਹੇ ਸਿੱਖ ਕੌਮ ਦੇ ਫਿਲਾਸਫਰ ਭਾਈ ਗੁਰਪ੍ਰਤਾਪ ਸਿੰਘ ਪਦਮ ਅਤੇ ਉਨ੍ਹਾਂ ਦੇ ਢਾਡੀ ਜੱਥੇ ਦਾ ਪਿੰਡ ਜਲਾਲਪੁਰ ਪਹੁੰਚਣ 'ਤੇ ਸਮਾਜ ਸੇਵੀ ਜਸਵੰਤ ਸਿੰਘ ਬਿੱਟੂ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਰਵਾਂ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹਾਜ਼ਰ ਇੱਕਠ ਨੂੰ ਸੰਬੋਧਨ ਕਰਦੇ ਹੋਏ ਭਾਈ ਗੁਰਪ੍ਰਤਾਪ ਸਿੰਘ ਪਦਮ ਨੇ ਕਿਹਾ ਕਿ ਜੇਕਰ ਇਨਸਾਨ ਦੇ ਮਨ 'ਚ ਸਤਿਗੁਰੂ ਪ੍ਰਤੀ ਸ਼ਰਧਾ ਦੀ ਭਾਵਨਾ ਜਾਗ੍ਰਿਤ ਹੋ ਜਾਵੇ ਅਤੇ ਉਹ ਸਤਿਗੁਰੂ ਦਾ ਨਾਮ ਸਿਮਰਨ ਕਰਦਾ ਹੋਵੇ ਤਾਂ ਉਹ ਸਤਿਗੁਰੂ ਨੂੰ ਜ਼ਰੂਰ ਪਾ ਲੈਂਦਾ ਹੈ ਨਹੀਂ ਤਾਂ ਸਤਿਗੁਰੂ ਭਾਵੇਂ ਕੋਲ ਹੀ ਕਿਉਂ ਨਾ ਖੜੇ ਹੋਣ ਤਾਂ ਵੀ ਉਹ ਸਤਿਗੁਰੂ ਨੂੰ ਨਹੀਂ ਪਾ ਸਕਦਾ। ਉਨ੍ਹਾਂ ਕਿਹਾ ਕਿ ਸੱਚੇ ਸਿੱਖ ਨੂੰ ਆਪਣੇ ਗੁਰੂ ਦੇ ਦਰਸਾਏ ਮਾਰਗ 'ਤੇ ਚਲਣਾ ਚਾਹੀਦਾ ਹੈ। ਸਮਾਜ ਸੇਵੀ ਜਸਵੰਤ ਸਿੰਘ ਬਿੱਟੂ ਨੇ ਭਾਈ ਗੁਰਪ੍ਰਤਾਪ ਸਿੰਘ ਪਦਮ ਅਤੇ ਉਨ੍ਹਾਂ ਦੇ ਢਾਡੀ ਜੱਥੇ ਵੱਲੋਂ ਸਿੱਖ ਕੌਮ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜੋਕੇ ਯੁਗ 'ਚ ਉਹ ਇਨਸਾਨ ਹੀ ਸ੍ਰੀ ਅਕਾਲ ਪੁਰਖ ਦੀ ਚਰਨ ਛੋਹ ਪ੍ਰਾਪਤ ਕਰ ਸਕਦਾ ਹੈ ਜਿਹੜੇ ਇਨਸਾਨ ਸਤਿਸੰਗਾਂ ਵਿੱਚ ਜਾ ਕੇ ਸਤਿਗੁਰੂ ਦੇ ਦਰਸਾਏ ਮਾਰਗ ਨੂੰ ਆਪਣੇ ਜੀਵਨ ਵਿੱਚ ਧਾਰ ਲੈਂਦੇ ਹਨ।ਇਸ ਮੌਕੇ ਲਖਵਿੰਦਰ ਸਿੰਘ ਸੇਠੀ, ਚਰਨ ਸਿੰਘ, ਲਖਵਿੰਦਰ ਸਿੰਘ ਲੱਖਾ, ਐਨ.ਆਰ.ਆਈ ਜਸਵਿੰਦਰ ਸਿੰਘ ਰਾਜੂ, ਭਜਨ ਸਿੰਘ ਕਾਲਾ, ਜਸਵੰਤ ਸਿੰਘ ਅੰਬੀ, ਤਰਸੇਮ ਸਿੰਘ, ਐਨ.ਆਰ.ਆਈ ਕੁਲਦੀਪ ਸਿੰਘ, ਲਖਵਿੰਦਰ ਸਿੰਘ ਪੰਮਾ, ਅਮਨਦੀਪ ਸਿੰਘ ਅਰਸ਼, ਨੰਬਰਦਾਰ ਕੁਲਵੰਤ ਸਿੰਘ, ਮੈਂਬਰ ਪੰਚਾਇਤ ਗੁਰਨਾਮ ਸਿੰਘ ਅਤੇ ਹੋਰ ਹਾਜ਼ਰ ਸਨ।

# ਸੰਯੁਕਤ ਮੋਰਚੇ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ ਜ਼ੋਰਦਾਰ ਵਿਰੋਧ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਕਾਲੀਆਂ ਝੰਡੀਆਂ ਵਿਰੋਧ ਕਰਨ ਜਾ ਰਹੀਆਂ ਐਸਕੇਐਮ ਦੀਆ ਜੱਥੇਬੰਦੀਆਂ ਨੂੰ ਹੁਸ਼ਿਆਰਪੁਰ ਬਾਈਪਾਸ 'ਤੇ ਮਿੱਟੀ ਦੇ ਭਰੇ ਟਿੱਪਰ 'ਤੇ ਬੈਰੀਗੇਟ ਲਾ ਕੇ ਰੋਕ ਦਿੱਤਾ ਗਿਆ। ਦੋਆਬਾ ਬੈਲਟ ਦੀਆਂ ਜੱਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਦੁਆਬਾ ਕਿਸਾਨ ਕਮੇਟੀ ਪੰਜਾਬ, ਬੀਕੇਯੂ ਕਾਦੀਆਂ, ਬੀਕੇਯੂ ਰਾਜੇਵਾਲ, ਦੋਆਬਾ ਕਿਸਾਨ ਸੰਘਰਸ਼ ਕਮੇਟੀ ,ਬੀਕੇਯੂ ਏਕਤਾ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ ਤੇ ਹੋਰ ਜੱਥੇਬੰਦੀਆਂ ਨੇ ਪੰਜਾਬ ਪੁਲਸ ਨਾਲ ਜੋਰ ਅਜਮਾਇਸ਼ ਕੀਤੀ ਤਾਂ ਉਥੇ ਹੀ ਰੋਡ ਰੋਕ ਕੇ ਵਿਰੋਧ ਪ੍ਰਦਰਸ਼ਨ ਕੀਤਾ ਜਿਸ ਵਿੱਚ ਭਾਰੀ ਗਿਣਤੀ ਵਿੱਚ ਕਿਸਾਨ ਸ਼ਾਮਿਲ ਹੋਏ। ਉਹਨਾਂ ਕਿਹਾ ਕੇ ਅੱਜ ਸਮਾਜ ਦਾ ਹਰ ਕਿਸਾਨ, ਮਜ਼ਦੂਰ , ਦੁਕਾਨਦਾਰ ਬਹੁਤ ਦੁਖੀ ਹੈ। ਸਰਕਾਰ ਦੁਆਰਾ ਦਿੱਤਾ ਗਿਆ 2020 ਬਿਜਲੀ ਸੋਧ ਬਿੱਲ ਐਕਟ ਦਾ ਅਸੀਂ ਵਿਰੋਧ ਕਰਦੇ ਹਾਂ। ਉਹਨਾਂ ਕਿਹਾ ਕਿ ਕਿਸਾਨਾਂ , ਮਜ਼ਦੂਰਾ ਦੀ ਪੂਰਨ ਕਰਜਾ ਮੁਆਫੀ ਤੋਂ ਵੀ ਇਹ ਸਰਕਾਰ ਭੱਜ ਚੁੱਕੀ ਹੈ। ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾ ਨਹੀਂ ਮਿਲੀ ਹੈ। ਦਿੱਲੀ ਜਾਣ ਵਾਲੇ ਸ਼ਾਂਤਮਈ ਕਿਸਾਨ ਮਜ਼ਦੂਰਾਂ ਤੇ ਇਸ ਸਰਕਾਰ ਵੱਲੋਂ ਗੰਦੇ ਪਾਣੀ ਦੀਆਂ ਬੁਛਾੜਾਂ,ਕਿੱਲਾ ਨਾਲ ਬੈਰੀਗੇਟ ਲਗਾ ਕੇ ਰੋਕਾਂ ਲਗਾਈਆਂ ਜਾਂਦੀਆਂ ਹਨ ਜੋ ਕਿ ਲੋਕਤੰਤਰ ਦਾ ਘਾਣ ਹੈ। ਭਾਜਪਾ ਸਰਕਾਰ ਨੂੰ ਸੱਤਾ ਵਿੱਚ ਆਇਆਂ 10 ਸਾਲ ਹੋ ਗਏ ਹਨ ਪਰ ਲਗਾਤਾਰ ਬੇਰੁਜ਼ਗਾਰੀ ਗਰੀਬੀ ਅਤੇ ਭੁੱਖਮਰੀ ਵਿੱਚ ਵਾਧਾ ਹੋਇਆ ਹੈ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਨਿਤ ਦਿਨ ਧਰਨੇ ਲਾਉਣ ਨੂੰ ਇਹ ਸਰਕਾਰ ਨੇ ਮਜਬੂਰ ਕੀਤਾ ਹੈ। 23 ਫਸਲਾਂ ਤੇ ਐਮ ਐਸ ਪੀ ਦੇਣ ਦਾ ਇਸ ਸਰਕਾਰ ਨੇ ਵਾਅਦਾ ਕੀਤਾ ਸੀ। ਪਰ ਉਹ ਹੁਣ ਇਸ ਵਾਅਦੇ ਤੋਂ ਪੂਰੀ ਤਰ੍ਹਾਂ ਮੁੱਕਰ ਚੁੱਕੀ ਹੈ। ਇਸ ਮੌਕੇ ਦੋਆਬਾ ਕਿਸਾਨ ਕਮੇਟੀ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ,ਬੀਕੇਯੂ ਕਾਦੀਆ ਪਵਿੱਤਰ ਸਿੰਘ ਧੁੱਗਾ ਜ਼ਿਲ੍ਹਾ ਪ੍ਰਧਾਨ, ਪ੍ਰਿਤਪਾਲ ਸਿੰਘ ਗੁਰਾਇਆ , ਅਵਤਾਰ ਸਿੰਘ ਪਲਾਕੀ, ਸਤਪਾਲ ਡਡਿਆਣਾ ,ਦਲਜੀਤ ਮੰਝਪੁਰ,ਅਮਰਜੀਤ ਕੁਰਾਲਾ, ਹੈਪੀ ਧਾਲੀਵਾਲ , ਪਰਵਿੰਦਰ ਸੱਜਣ ,ਓਮ ਸਿੰਘ ਸਟਿਆਣਾ ,ਸਤਪਾਲ ਮਿਰਜ਼ਾਪੁਰ, ਹਰਪ੍ਰੀਤ ਸਿੰਘ ਲਾਲੀ ਲਾਚੋਵਾਲ , ਬਲਵੀਰ ਸੋਹੀਆਂ,ਜਸਵੀਰ ਸਿੰਘ , ਮਾਸਟਰ ਮੋਹਿੰਦਰ ਸਿੰਘ , ਕਸ਼ਮੀਰ ਸਿੰਘ , ਬਲਵਿੰਦਰ ਮੱਲ੍ਹਿਨੰਗਲ , ਮੁਕੇਸ਼ ਸ਼ਰਮਾ , ਭੁਪਿੰਦਰ ਭੁੰਗਾ , ਮਨਪ੍ਰੀਤ ਲਾਡਾ ਉੱਚੀ ਬੱਸੀ, ਬਾਬਾ ਬਲਵਿੰਦਰ ਭੋਗਪੁਰ, ਬਿੰਦਰ ਬੈਂਸ, ਰਾਜ ਵਿਰਕ , ਗੁਰਪ੍ਰੀਤ ਸੰਧੂ ਦਸੂਆ, ਜਗਮੋਹਨ ਮੀਰਪੁਰ,ਦੀਪਾ ਸਰਪੰਚ,ਬੱਬੂ ਤਾਜਪੁਰ, ਮੰਗਾ ਲਹਿਲ, ਸਰਪੰਚ ਭਵਨਦੀਪ ਸਿੰਘ ਹਾਜ਼ਰ ਸਨ। ਦੂਜੇ ਪਾਸੇ ਹੁਸ਼ਿਆਰਪੁਰ-ਦਸੂਹਾ ਮਾਰਗ 'ਤੇ ਕੱਕੋ ਨਜ਼ਦੀਕ ਕਿਸਾਨਾਂ ਵੱਲੋਂ ਭਾਜਪਾ ਦਾ ਵਿਰੋਧ ਕਰਨ 'ਤੇ ਪੁਲਸ ਨੇ 14 ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ, ਜਿਨ੍ਹਾਂ ਨੂੰ ਥਾਣਾ ਦਸੂਹਾ ਵਿਖੇ ਲਿਜਾਇਆ ਗਿਆ ਅਤੇ ਕਿਸਾਨਾਂ ਦੇ ਭਾਰੀ ਵਿਰੋਧ ਦਰਮਿਆਨ ਮਹਿਜ਼ 2 ਘੰਟਿਆਂ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ ।

# ਬੱਚਿਆਂ ਦੇ ਚੰਗੇ ਭਵਿੱਖ ਲਈ ਮਾਪਿਆਂ ਦੀ ਪਸੰਦ ਬਣੇ ਬਲਵਿੰਦਰ ਕੁਮਾਰ : ਮਲਕੀਤ ਚੁੰਬਰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਐਡੋਵਕੇਟ ਬਲਵਿੰਦਰ ਕੁਮਾਰ ਬੱਚਿਆਂ ਦੇ ਚੰਗੇ ਭਵਿੱਖ ਲਈ ਮਾਪਿਆਂ ਦੀ ਪਸੰਦ ਬਣ ਕੇ ਉਭਰਿਆ ਇਹ ਵਿਚਾਰ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਪ੍ਰਗਟ ਕੀਤੇ ਵੱਖ ਵੱਖ ਪਿੰਡਾਂ 'ਚ ਡੋਰ ਟੂ ਡੋਰ ਪ੍ਰਚਾਰ ਕਰਦੇ ਹੋਏ ਲੋਕਾਂ ਵੱਲੋਂ ਮਿਲ ਰਹੇ ਭਾਰੀ ਸਮਰਥਨ ਲੋਕਾਂ ਵੱਲੋਂ ਨਸ਼ਿਆਂ ਖਿਲਾਫ ਅਵਾਜ਼ ਬੁਲੰਦ ਕਰਨ ਲੋਕਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਖਿਲਾਫ ਅਵਾਜ਼ ਬੁਲੰਦ ਕਰਨ ਵਾਲੀ ਹਰ ਵੇਲੇ ਲੋਕਾਂ ਨਾਲ ਖੜਨ ਵਾਲੀ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਐਡੋਵਕੇਟ ਬਲਵਿੰਦਰ ਕੁਮਾਰ ਹੀ ਵੋਟਾਂ ਦਾ ਸਹੀ ਹੱਕਦਾਰ ਏ ਦਲ ਬਦਲੂ ਅਤੇ ਬਾਹਰੀ ਉਮੀਦਵਾਰਾਂ ਨੂੰ ਹਰਾ ਕੇ ਇਸ ਵਾਰ ਜਲੰਧਰ ਵਾਲੇ ਐਡਵੋਕੇਟ ਬਲਵਿੰਦਰ ਕੁਮਾਰ ਨੂੰ ਜਿਤਾ ਕੇ ਭੇਜਣ ਦਾ ਮਨ ਬਣਾ ਚੁੱਕੇ ਹਨ।

# ਗੋਲਡੀ ਨਾਹਰ ਨੇ ਪ੍ਰਧਾਨ ਮੰਤਰੀ ਦੇ ਐਲਾਨਾਂ ਦਾ ਕੀਤਾ ਸੁਆਗਤ

ਫਿਲੌਰ ( ਨਿਰਮਲ ) - ਇਕ ਵਿਸ਼ੇਸ਼ ਪ੍ਰੈਸ ਵਾਰਤਾ ਵਿਚ ਭਾਰਤੀ ਜਨਤਾ ਪਾਰਟੀ ਫਿਲੌਰ ਦੇ ਵਿਧਾਨ ਸਭਾ ਦੇ ਕਨਵੀਨਰ ਗੋਲਡੀ ਨਾਹਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਯਤਨਾਂ ਸਦਕਾ ਮਾਨਯੋਗ ਸੁਪਰੀਮ ਕੋਰਟ ਵਲੋਂ ਤੁਗਲਕਾਬਾਦ ਦਿੱਲੀ ਵਿੱਚ ਸ੍ਰੀ ਗੁਰੂ ਰਵੀਦਾਸ ਜੀ ਦਾ ਮੰਦਰ ਬਣਾਉਣ ਲਈ ਜਗ੍ਹਾ ਦੀ ਮੰਜ਼ੂਰੀ ਲੈ ਕੇ ਦੇਣ 'ਤੇ ਸੰਗਤਾਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ ਗਿਆ। ਉਹਨਾਂ ਵਲੋਂ ਜੋ ਹੁਸ਼ਿਆਰਪੁਰ ਫਤਿਹ ਰੈਲੀ ਵਿਚ ਤੁਗਲਕਾਬਾਦ ਦਿੱਲੀ ਵਿਖੇ ਸ੍ਰੀ ਗੁਰੂ ਰਵੀਦਾਸ ਜੀ ਦੇ ਮੰਦਰ ਨੂੰ ਜਲਦ ਨਿਰਮਾਣ ਦੀ ਘੋਸ਼ਣਾ ਦਾ ਵੀ ਸਵਾਗਤ ਕੀਤਾ ।

ਇਸ ਦੇ ਨਾਲ ਗੋਲਡੀ ਨਾਹਰ ਵਲੋਂ ਅਯੁੱਧਿਆ ਵਿਚ ਹਵਾਈ ਅੱਡੇ ਦਾ ਨਾਂਅ ਮਹਾਂ ਰਿਸ਼ੀ ਵਾਲਮੀਕ ਜੀ ਦੇ ਨਾਂਅ ਅਤੇ ਆਦਮਪੁਰ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵੀਦਾਸ ਦੀ ਘੋਸ਼ਣਾ ਦਾ ਵੀ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ । ਫਿਲੌਰ ਹਲਕੇ ਵਿਚ ਰੇਲਵੇ ਸਟੇਸ਼ਨ ਦੇ ਪੁਨਰ ਨਿਰਮਾਣ, ਨੂਰਮਹਿਲ ਫਾਟਕ ਉੱਤੇ ਫਲਾਈਓਵਰ ਬਣਾਉਣ ਦਾ ਟੈਂਡਰ ਪਾਸ ਕਰਨ ਅਤੇ ਜਲੰਧਰ ਕੈਂਟ ਵਿਚ ਰੇਲਵੇ ਸਟੇਸ਼ਨ ਦੇ ਪੁਨਰ ਨਿਰਮਾਣ ਅਤੇ ਗੁਰਾਇਆ ਵਿਖੇ ਅੰਡਰ ਬ੍ਰਿਜ ਦੀ ਮੰਜ਼ੂਰੀ ਦੇਣ 'ਤੇ ਵੀ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਇਨ੍ਹਾਂ ਵਿਕਾਸ ਕਾਰਜਾਂ ਕਰਕੇ ਜਲੰਧਰ ਲੋਕ ਸਭਾ ਦੇ ਲੋਕਾਂ ਨੇ ਇਕ ਜੂਨ ਨੂੰ ਕਮਲ ਦੇ ਨਿਸ਼ਾਨ 'ਤੇ ਵੋਟਾਂ ਪਾ ਕੇ ਮੋਦੀ ਨੂੰ ਤੀਸਰੀ ਵਾਰੀ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣਗੇ।

# ਬਾਬਾ ਜਗਤ ਸਿੰਘ, ਬਾਬਾ ਹੀਰਾ ਸਿੰਘ ਤੇ ਬਾਬਾ ਗੁਰਚਰਨ ਸਿੰਘ ਦੀ ਬਰਸੀ ਸ਼ਰਧਾ ਨਾਲ ਮਨਾਈ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸੱਚਖੰਡ ਵਾਸੀ ਸੰਤ ਬਾਬਾ ਜਗਤ ਸਿੰਘ ਦੀ 67ਵੀਂ, ਸੰਤ ਬਾਬਾ ਹੀਰਾ ਸਿੰਘ ਸਤਿਨਾਮ ਦੀ 37ਵੀਂ ਬਰਸੀ ਤੇ ਸੰਤ ਬਾਬਾ ਗੁਰਚਰਨ ਸਿੰਘ ਦੀ ਦੂਸਰੀ ਬਰਸੀ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਦੀ ਅਗਵਾਈ ਹੇਠ ਸੰਤਾਂ ਮਹਾਂਪੁਰਸ਼ਾਂ ਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸਤਿਕਾਰ ਸਹਿਤ ਸ਼ਰਧਾ ਭਾਵਨਾ ਨਾਲ ਮਨਾਈ ਗਈ।ਸੰਤ ਬਾਬਾ ਜਗਤ ਸਿੰਘ, ਸੰਤ ਬਾਬਾ ਹੀਰਾ ਸਿੰਘ ਤੇ ਸੰਤ ਬਾਬਾ ਗੁਰਚਰਨ ਸਿੰਘ ਦੀ ਸਾਲਾਨਾ ਬਰਸੀ ਸੰਬੰਧੀ 25 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਭਾਈ ਸਤਿੰਦਰਪਾਲ ਸਿੰਘ ਵੱਲੋਂ ਅਰਦਾਸ ਕੀਤੀ ਗਈ।ਉਪਰੰਤ ਦੀਵਾਨ ਹਾਲ ਵਿੱਚ ਧਾਰਮਿਕ ਸੁੰਦਰ ਦੀਵਾਨ ਸਜਾਏ ਜਿਸ ਵਿੱਚ ਸੰਤ ਬਾਬਾ ਲੀਡਰ ਸਿੰਘ ਸੈਫਲਾਬਾਦ ਗੁਰਸਰ ਸਾਹਿਬ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਗੱਗੋਬੂਹਾ ਵਾਲੇ ਤੇ ਹੋਰ ਸੰਤਾਂ ਮਹਾਂਪੁਰਸ਼ਾਂ ਸ਼ਿਰਕਤ ਕੀਤੀ।ਇਸ ਮੌਕੇ ਸੰਗਤ ਵੱਲੋਂ ਕੋਲਡ ਡਰਿੰਕ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

ਇਹਨਾਂ ਸਮਾਗਮਾਂ ਦੀ ਸਟੇਜ ਸਕੱਤਰ ਦੀ ਸੇਵਾ ਇੰਦਰਜੀਤ ਸਿੰਘ ਬਜਾਜ ਠੱਟਾ ਨਵਾਂ ਵੱਲੋਂ ਨਿਭਾਈ ਗਈ।ਬਰਸੀ ਸਮਾਗਮਾਂ ਸਮੇਂ ਮਹਾਨ ਆਤਮਾਵਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆਈਆਂ ਵੱਡੀ ਗਿਣਤੀ ਵਿੱਚ ਸੰਗਤਾਂ ਵੱਲੋਂ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰਦੇ ਹੋਏ ਨਿਸ਼ਕਾਮ ਸੇਵਾ ਕਰਦਿਆਂ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਦਰਬਾਰ ਬਾਬਾ ਪੁਰਾਣੀਆਂ ਬੇਰੀਆਂ ਵਾਲਾ ਦੇ ਅਸਥਾਨ 'ਤੇ ਸਾਲਾਨਾ ਮੇਲਾ 6 ਨੂੰ




**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਮਾਲੜੀ ਨੇੜੇ ਨਕੋਦਰ ਦੇ ਦਰਬਾਰ ਬਾਬਾ ਪੁਰਾਣੀਆਂ ਬੇਰੀਆਂ ਵਾਲਾ ਦੇ ਅਸਥਾਨ 'ਤੇ ਸਲਾਨਾ ਮੇਲਾ 6 ਜੂਨ ਦਰਬਾਰ ਬਾਬਾ ਪੁਰਾਣੀਆਂ ਬੇਰੀਆਂ ਪ੍ਰਬੰਧਕ ਕਮੇਟੀ, ਪਿੰਡ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ । ਪ੍ਰੈਸ ਨੂੰ ਜਾਣਕਾਰੀ ਮੁੱਖ ਮੇਲਾ ਪ੍ਰਬੰਧਕ ਪ੍ਰਸਿੱਧ ਗੀਤਕਾਰ, ਪ੍ਰਮੋਟਰ ਸ਼ਿਵ ਮਾਲੜੀ ਨੇ ਦਿੰਦੇ ਹੋਏ ਦੱਸਿਆ ਕਿ ਸਵੇਰੇ 10 ਵਜੇ ਝੰਡੇ ਦੀ ਰਸਮ, ਸਵੇਰੇ 1030 ਵਜੇ ਚਾਦਰ ਦੀ ਰਸਮ ਬਾਅਦ ਦੁਪਹਿਰ 12 ਵਜੇ ਪੰਜਾਬ ਦੇ ਨਾਮਵਰ ਗਾਇਕ ਗੁਰਮੁਖ ਦੁਆਬੀਆ, ਅਮਰਿੰਦਰ ਬੌਬੀ, ਰਾਏ ਜੁਝਾਰ, ਨਵਜੀਤ ਗਿੱਲ, ਖੁਸ਼ ਮਾਲੜੀ, ਪ੍ਰੀਤ ਮਾਲੜੀ, ਦਲੇਰ ਅਲੀ, ਦਰਸ਼ਨ ਜੀਤ, ਤਲਾਸ਼ ਮਾਹੀ, ਹਰਮਨ ਵਿਰਕ, ਪਵਨ ਧਾਰੀਵਾਲ ਤੋਂ ਇਲਾਵਾ ਪ੍ਰਸਿੱਧ ਗੀਤਕਾਰ ਮੰਚ ਸੰਚਾਲਕ ਸਿੱਧੂ ਸਿੱਧਵਾਂ ਵਾਲਾ ਦਰਬਾਰ ਤੇ ਆਪਣੀ ਹਾਜ਼ਰੀ ਭਰਨਗੇ। ਇਸ ਤੋਂ ਉਪਰੰਤ ਰਾਤ 9 ਵਜੇ ਮਹਿਫ਼ਲ ਏ ਕਵਾਲ ਤੇ ਰਾਤ 11 ਵਜੇ ਨਕਾਲ ਪਾਰਟੀ ਰੰਗਰੰਗ ਪ੍ਰੋਗਰਾਮ ਪੇਸ਼ ਕਰਨਗੇ।

ਇਸ ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਸੰਤ ਮਹਾਂਪੁਰਸ਼ ਹੈਪੀ ਬਾਬਾ ਛਪਾਰ ਵਾਲੇ, ਪੱਤਰਕਾਰ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ, ਮਨੋਹਰ ਬੈਂਸ ਸਾਬਕਾ ਸਰਪੰਚ ਹੇਰਾਂ, ਪੱਤਰਕਾਰ ਬਲਜੀਤ ਸਿੰਘ ਸੰਘਾ, ਪ੍ਰਸਿੱਧ ਗੀਤਕਾਰ ਦੀਪ ਅਲਾਚੋਰੀਆ ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ।

# ਹਜ਼ਰਤ ਪੂਰਨ ਸ਼ਾਹ ਕਾਦਰੀ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਨਵੀਂ ਆਬਾਦੀ ਪਿੰਡ ਜਾਂਗਲੀਆਣਾ ਹਜ਼ਰਤ ਪੂਰਨ ਸ਼ਾਹ ਕਾਦਰੀ ਦੀ ਮਜ਼ਾਰ ਤੇ ਸਮੂਹ ਨਗਰ ਨਿਵਾਸੀਆ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਜ਼ਰਤ ਪੀਰ ਬਾਬਾ ਪੂਰਨ ਸ਼ਾਹ ਕਾਦਰੀ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਕਰਵਾਇਆ ਗਿਆ।ਇਸ ਮੌਕੇ ਸਾਲਾਨਾ ਜੋੜ ਮੇਲੇ ਸਬੰਧੀ ਡਾਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਜੋੜ ਮੇਲੇ ਮੌਕੇ ਚਾਦਰ, ਚਿਰਾਗ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਹਰਮੇਸ਼ ਰੰਗੀਲਾ ਕਵਾਲ ਐਂਡ ਪਾਰਟੀ, ਸ਼ਿੰਗਾਰਾ ਸਿੰਘ ਗੁਲਸ਼ਨ ਐਂਡ ਪਾਰਟੀ ਪੀਰਾਂ ਦੇ ਗੁਣ ਗਾਇਨ ਕੀਤੇ।ਇਸ ਮੌਕੇ ਸਾਈ ਲਾਡੀ ਸ਼ਾਹ ਮਰੂਲਾ, ਸੰਤ ਬਖਸ਼ੀਸ਼ ਰਾਮ ਗਰਚਾ, ਸੰਤ ਜਸਵੰਤ ਸਿੰਘ ਖੇੜਾ, ਬਾਬਾ ਸੋਨੀ ਨੀਲ ਬਾਣਾ ਦਰਬਾਰ ਮਾਹਿਲਪੁਰ , ਬਾਬਾ ਸੰਜੀਵ ਕੁਮਾਰ ਜਲੰਧਰ, ਬਾਬਾ ਕੁਲਵੰਤ ਸਿੰਘ ਬੁੱਲੋਵਾਲ, ਡਾਕਟਰ ਕਰਨੈਲ ਸਿੰਘ ਲੱਲੀਆਂ ਆਦਿ ਫੱਕਰ ਫਕੀਰਾਂ ਨੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਸਾਲਾਨਾ ਜੋੜ ਮੇਲੇ ਦੌਰਾਨ ਸਟੇਜ ਸੈਕਟਰੀ ਦੀ ਸੇਵਾ ਮਾਸਟਰ ਬਲਜਿੰਦਰ ਮੰਝ ਵੱਲੋਂ ਬੇਖੂਬੀ ਨਿਭਾਈ ਗਈ। ਇਸ ਮੇਲੇ ਵਿੱਚ ਉਸਤਾਦ ਸੁਖਦੇਵ ਸਿੰਘ ਜੀ ਨਡਾਲੋ ਵਿਸ਼ੇਸ਼ ਤੌਰ ਤੇ ਪਹੁੰਚੇ।ਉਨ੍ਹਾਂ ਨੇ ਦੱਸਿਆ ਕਿ ਹਰਜੀਤ ਸਿੰਘ ਵੈਲਡਿੰਗ ਵਰਕਸ ਅਤੇ ਐਨ,ਆਰ,ਆਈ ਵੀਰਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

# ਵਧੀਕ ਮੁੱਖ ਚੋਣ ਅਧਿਕਾਰੀ ਵੱਲੋਂ ਗਿਣਤੀ ਕੇਂਦਰਾਂ ਦਾ ਦੌਰਾ

ਜਲੰਧਰ, (ਸ਼ੈਲੀ ਐਲਬਰਟ)ਵਧੀਕ ਮੁੱਖ ਚੋਣ ਅਧਿਕਾਰੀ ਹਰੀਸ ਨਈਅਰ ਨੇ ਸਥਾਨਕ ਦਫਤਰ, ਡਾਇਰੈਕਟਰ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਅਤੇ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ ਵਿਖੇ ਲੋਕ ਸਭਾ ਹਲਕਾ ਜਲੰਧਰ ਲਈ ਬਣਾਏ ਗਏ ਗਿਣਤੀ ਕੇਂਦਰਾਂ ਦਾ ਦੌਰਾ ਕੀਤਾ।ਉਨ੍ਹਾਂ ਨੇ ਅਧਿਕਾਰੀਆਂ ਨੂੰ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ 4 ਜੂਨ, 2024 ਨੂੰ ਨਿਰਵਿਘਨ ਅਤੇ ਤਰੁੱਟੀ ਰਹਿਤ ਗਿਣਤੀ ਪ੍ਰਕਿਰਿਆ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਆਪਣੀ ਫੇਰੀ ਦੌਰਾਨ ਨਈਅਰ ਨੇ ਗਿਣਤੀ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਅਤੇ ਸਟਰਾਂਗ ਰੂਮਾਂ ਵਿੱਚ ਸੁਰੱਖਿਆ ਉਪਾਵਾਂ ਦਾ ਜਾਇਜ਼ਾ ਲਿਆ।ਉਨ੍ਹਾਂ ਦੇ ਨਿਰੀਖਣ ਦਾ ਉਦੇਸ ਇਹ ਯਕੀਨੀ ਬਣਾਉਣਾ ਸੀ ਕਿ ਪਾਰਦਰਸ਼ੀ ਅਤੇ ਨਿਰਵਿਘਨ ਗਿਣਤੀ ਪ੍ਰਕਿਰਿਆ ਲਈ ਸਾਰੀਆਂ ਤਿਆਰੀਆਂ ਮੁਕੰਮਲ ਹਨ।

ਇਸ ਤੋਂ ਇਲਾਵਾ ਉਨ੍ਹਾਂ ਇਸ ਵਿਸ਼ਾਲ ਕਵਾਇਦ ਦੌਰਾਨ ਵੋਟਾਂ ਦੀ ਗਿਣਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਏ.ਆਰ.ਓ. ਦਰਬਾਰਾ ਸਿੰਘ, ਚੋਣ ਤਹਿਸੀਲਦਾਰ ਸੁਖਦੇਵ ਸਿੰਘ ਵੀ ਮੌਜੂਦ ਸਨ।

# ਪੰਜ ਦਿਨਾਂ ਤੋਂ ਰੇਲਵੇ ਫਾਟਕ ਬੰਦ




**ਫਿਲੌਰ, (ਨਿਰਮਲ)**- ਗੁਰਾਇਆ ਫਿਲੌਰ ਦੇ ਵਿਚਕਾਰ ਦੁਸਾਂਝਾਂ ਦੇ ਐੱਸ 85 ਰੇਲਵੇ ਫਾਟਕ ਨੂੰ 25 ਮਈ ਤੋਂ ਅਚਾਨਕ ਆਮ ਲੋਕਾਂ ਲਈ ਬੰਦ ਕਰ ਦਿੱਤਾ ਗਿਆ, ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਇਸ ਦੇ ਬੰਦ ਕਰਨ ਦੀ ਸੂਚਨਾ ਪਹਿਲਾਂ ਕਿਸੇ ਨੂੰ ਨਹੀਂ ਦਿੱਤੀ ਗਈ। ਗੇਟਮੈਨ ਨੇ ਪਹਿਲਾਂ ਇਹ ਦੱਸਿਆ ਸੀ ਕਿ ਫਾਟਕ ਬੁੱਧਵਾਰ ਸ਼ਾਮ ਤੱਕ ਬੰਦ ਰਹੇਗਾ। ਇਸ ਤੋਂ ਪਹਿਲਾਂ ਮੁਰੰਮਤ ਲਈ ਜਦੋਂ ਵੀ ਕਿਤੇ ਇਹ ਫਾਟਕ ਬੰਦ ਕੀਤਾ ਜਾਂਦਾ ਸੀ ਤਾਂ ਆਲੇ ਦੁਆਲੇ ਪਿੰਡਾਂ 'ਚ ਧਾਰਮਿਕ ਸੰਸਥਾਵਾਂ ਰਾਹੀਂ ਲੋਕਾਂ ਨੂੰ ਸੂਚਿਤ ਵੀ ਕੀਤਾ ਜਾਂਦਾ ਸੀ। ਇਸ ਤੋਂ ਬਿਨਾਂ ਫਾਟਕ ਉੱਪਰ ਵੀ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਸੀ। ਇਸ ਵਾਰ ਸੂਚਿਤ ਤਾਂ ਕੀ ਕਰਨਾ ਸੀ, ਫਾਟਕ ਉਪਰ ਲਿਖ ਕੇ ਸਿਰਫ਼ ਇਨਾ ਹੀ ਟੰਗਿਆ ਹੈ ਕਿ 'ਫਾਟਕ ਖ਼ਰਾਬ' ਹੈ। ਪਿੰਡ ਦੁਸਾਂਝ ਖ਼ੁਰਦ ਦੇ ਚਰਨਜੀਤ ਸਿੰਘ ਨੇ ਕਿਹਾ ਕਿ ਵਿਭਾਗ ਨੇ ਫਾਟਕ ਖਰਾਬ ਦਾ ਲਿਖ ਕੇ ਆਪਣਾ ਪੱਲਾ ਝਾੜ ਦਿੱਤਾ ਹੈ ਜਦੋਂ ਕਿ ਫਾਟਕ ਤਾਂ ਠੀਕ ਹੈ, ਰੇਲਵੇ ਲਾਈਨ ਦੀ ਮੁਰੰਮਤ ਚੱਲ ਰਹੀ ਹੈ। ਇਹ ਮੁਰੰਮਤ ਕਦੋਂ ਤੱਕ ਮੁਕੰਮਲ ਹੋਣੀ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਨੇੜੇ ਟਰੈਕਟਰਾਂ ਦੇ ਸਟਾਕਯਾਰਡ ਲਈ ਕੰਮ ਕਰਦੇ ਇੱਕ ਵਿਅਕਤੀ ਨੇ ਦੱਸਿਆ ਕਿ ਕੱਲ੍ਹ ਕੁਝ ਕਾਮੇ ਦੁਪਿਹਰ ਤੱਕ ਕੰਮ ਕਰਦੇ ਦੇਖੇ ਗਏ, ਮਗਰੋਂ ਕੁਝ ਨਹੀਂ ਕੀਤਾ ਗਿਆ। ਪਹਿਲੇ ਦਿਨ੍ਹਾਂ 'ਚ ਵੀ ਲਗਾਤਾਰ ਕੰਮ ਨਹੀਂ ਕੀਤਾ ਗਿਆ। ਪਹਿਲਾ ਦਿੱਤੇ ਪੰਜ ਵਜੇ ਦੇ ਲਿਹਾਜ਼ ਨਾਲ ਜਦੋਂ ਭੱਟੀਆਂ ਦੇ ਸਟੇਸ਼ਨ ਮਾਸਟਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਸੀਨੀਅਰ ਤੋਂ ਪੁੱਛ ਕੇ ਕੁਝ ਦਸ ਸਕਦੇ ਹਨ। ਇਸ ਦਾ ਅਰਥ ਕਿ ਸਟੇਸ਼ਨ 'ਤੇ ਕੋਈ ਜਾਣਕਾਰੀ ਹੀ ਉਪਲਬਧ ਨਹੀਂ ਹੈ।

# ਅੱਗ ਲੱਗਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਲਈ ਮਸੀਹਾ ਬਣੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੀ ਅਗਵਾਈ ਹੇਠ ਚਲਾਈ ਜਾ ਰਹੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਲੋੜਵੰਦਾਂ, ਅੰਗਹੀਣਾਂ, ਪੀੜਤਾਂ, ਰੋਗੀਆਂ, ਸਪੈਸ਼ਲ ਬੱਚਿਆਂ, ਔਰਤਾਂ ਅਤੇ ਬੱਚਿਆਂ ਲਈ ਮਸੀਹਾ ਬਣ ਚੁੱਕੀ ਹੈ। ਰੈੱਡ ਕਰਾਸ ਦੁਆਰਾ ਲੋਕ ਭਲਾਈ ਦੀ ਮੁਹਿੰਮ ਚਲਾਈ ਗਈ ਹੈ, ਜਿਸ ਵਿਚ ਰੈੱਡ ਕਰਾਸ ਸੁਸਾਇਟੀ ਮਨੁੱਖਤਾ ਦੀ ਸੇਵਾ ਵਿਚ ਵੱਧ ਤੋਂ ਵੱਧ ਯੋਗਦਾਨ ਦੇ ਰਹੀ ਹੈ।ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਨੇ ਦੱਸਿਆ ਕਿ ਮਨੁੱਖਤਾ ਦੀ ਭਲਾਈ ਦੀ ਇਸ ਮੁਹਿੰਮ ਨੂੰ ਜਾਰੀ ਰੱਖਦਿਆਂ ਇਸ ਤਪਦੀ ਗਰਮੀ ਦੇ ਮੌਸਮ ਵਿਚ ਅੱਗ ਲੱਗਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੇ ਜੀਵਨ ਨੂੰ ਮੁੜ ਲੀਹ 'ਤੇ ਲਿਆਉਣ ਲਈ ਅੱਗ ਪ੍ਰਭਾਵਿਤ ਪਰਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ। ਇਸ ਮਹੀਨੇ ਗਰਮੀ ਕਾਰਨ ਤਾਪਮਾਨ ਬਹੁਤ ਹੀ ਜਿਆਦਾ ਵੱਧ ਚੁੱਕਾ ਹੈ, ਇਸ ਤਪਦੀ ਗਰਮੀ ਵਿਚ ਬੀਤੀ 17 ਮਈ ਨੂੰ ਪਿੰਡ ਮਹਿਤਪੁਰ ਵਿਚ ਰਹਿਣ ਵਾਲੇ ਚਾਰ ਭਰਾਵਾਂ ਦੇ ਇਕ ਸਾਂਝੇ ਪਰਵਾਰ ਦੀਆਂ ਸਾਰੀਆਂ ਝੁੱਗੀਆਂ-ਝੌਪੜੀਆਂ ਵਿਚ ਅੱਗ ਲੱਗਣ ਦੀ ਖ਼ਬਰ ਦਫਤਰ ਨੂੰ ਮਿਲੀ, ਜਿਸ ਸਬੰਧੀ ਤੁਰੰਤ ਕਾਰਵਾਈ ਕਰਦੇ ਹੋਏ ਰੈੱਡ ਕਰਾਸ ਟੀਮ ਵੱਲੋਂ ਮੌਕੇ 'ਤੇ ਪਹੁੰਚ ਕੀਤੀ । ਜਿਥੇ ਜਾ ਕੇ ਪਤਾ ਲੱਗਾ ਕਿ ਇਨ੍ਹਾਂ ਪਰਵਾਰਾ ਦੀਆਂ ਸਾਰੀਆਂ ਹੀ ਝੌਂਪੜੀਆਂ, ਕੱਪੜੇ, ਘਰ ਦਾ ਸਾਰਾ ਸਾਮਾਨ, ਬੱਕਰੀਆਂ, ਮੱਝਾਂ, ਗਾਵਾਂ, ਪੈਸੇ, ਖਾਣ ਦਾ ਸਾਮਾਨ, ਸਾਰੇ ਹੀ ਦਸਤਾਵੇਜ ਸੜ ਚੁੱਕੇ ਸਨ। ਜਿਸ ਕਾਰਨ ਇਨ੍ਹਾਂ ਪਰਵਾਰਾਂ ਨੂੰ ਬਹੁਤ ਨੁਕਸਾਨ ਹੋਇਆ ਸੀ।ਇਸ ਤੋਂ ਇਲਾਵਾ 23 ਅਪ੍ਰੈਲ 2024 ਨੂੰ ਪਿੰਡ ਚੱਬੇਵਾਲ ਵਿਚ ਵੀ ਅਜਿਹੀ ਹੀ ਘਟਨਾ ਵਾਪਰੀ। ਜਿਥੇ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀਆਂ ਝੌਂਪੜੀਆਂ ਸੜ ਕੇ ਰਾਖ ਹੋ ਚੁੱਕੀਆ ਸਨ, ਜਿਸ ਕਾਰਨ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦਾ ਬਹੁਤ ਨੁਕਸਾਨ ਹੋਇਆ। ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਅਨੁਸਾਰ ਪਿੰਡ ਮਹਿਤਪੁਰ ਅਤੇ ਪਿਡ ਚੱਬੇਵਾਲ ਵਿਖੇ ਅੱਗ ਨਾਲ ਪ੍ਰਭਾਵਿਤ ਪਰਵਾਰਾਂ ਨੂੰ ਤੁਰੰਤ ਮੌਕੇ 'ਤੇ ਪਹੁੰਚ ਕੇ ਰਾਹਤ ਸਮੱਗਰੀ ਦਿੱਤੀ ਗਈ।

ਸਕੱਤਰ ਰੈੱਡ ਕਰਾਸ ਨੇ ਦੱਸਿਆ ਕਿ ਰੈੱਡ ਕਰਾਸ ਟੀਮ ਵੱਲੋਂ ਉਪਰੋਕਤ ਮੌਕਿਆਂ 'ਤੇ ਪਹੁੰਚ ਕੇ ਅੱਗ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਰਾਹਤ ਸਮੱਗਰੀ ਪ੍ਰਦਾਨ ਕੀਤੀ ਗਈ । ਇਨ੍ਹਾਂ ਅੱਗ ਪੀੜਤ ਪਰਵਾਰਾਂ ਨੂੰ ਤੁਰੰਤ ਹੀ ਹਾਈਜੀਨ ਕਿੱਟਾਂ, ਗੱਦੇ, ਚਾਦਰਾਂ, ਸਾਬਣ, ਸਰਫ ਦੇ ਪੈਕੇਟ, ਚਾਹ ਦੇ ਪੈਕੇਟ, ਤਰਪਾਲਾਂ, ਮੱਛਰਦਾਨੀਆਂ, ਪਹਿਨਣ ਵਾਲੇ ਕੱਪੜੇ, ਰਾਸ਼ਨ ਦਾ ਸਾਮਾਨ, ਪਾਣੀ ਦੀਆ ਬੋਤਲਾਂ ਅਤੇ ਕਾਫੀ ਮਾਤਰਾ ਵਿਚ ਹੋਰ ਸਾਮਾਨ ਦਿੱਤਾ ਗਿਆ।

AXIS BANK LTD.

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਐਸ ਸੀ ਓ 367-368, ਸੈਕਟਰ-34ਏ, ਚੰਡੀਗੜ੍ਹ, 160022
ਕਾਰਪੋਰੇਟ ਦਫਤਰ "ਐਕਸਿਸ ਹਾਊਸ" ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੁਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025,
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਿਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 1. ਸ੍ਰੀ ਚੇਤਨ ਪੁੱਤਰ ਸ੍ਰੀ ਰੋਸ਼ਨ ਲਾਲ ਮਕਾਨ ਨੰ. 2907 ਛੱਜੂ ਮਾਜਰਾ ਕਲੋਨੀ, ਰਕਬਾ ਛੱਜੂ ਮਾਜਰਾ ਐਸ ਏ ਐਸ ਨਗਰ ਮੁਹਾਲੀ, ਖਰੜ ਪੰਜਾਬ-140301, ਨਾਲ ਹੀ : ਸ੍ਰੀ ਚੇਤਨ ਪੁੱਤਰ ਸ੍ਰੀ ਰੋਸ਼ਨ ਲਾਲ, ਮਕਾਨ ਨੰ. 460, ਐਸ ਏ ਐਸ ਨਗਰ ਮੁਹਾਲੀ, ਪੰਜਾਬ-160055, ਨਾਲ ਹੀ: ਸ੍ਰੀ ਚੇਤਨ ਪੁੱਤਰ ਰੋਸ਼ਨ ਲਾਲ 123/8, ਡਾਕ. ਭੋਜਪੁਰ, ਤਹਿਸੀਲ ਸੁੰਦਰ ਨਗਰ, ਖਰਸੀ, ਮੰਡੀ ਹਿਮਾਚਲ ਪ੍ਰਦੇਸ਼ 175002, (2) ਸ੍ਰੀਮਤੀ ਵੰਦਨਾ ਪਤਨੀ ਸ੍ਰੀ ਚੇਤਨ ਮਕਾਨ ਨੰ. 2907, ਛੱਜੂ ਮਾਜਰਾ ਕਲੋਨੀ, ਖਰੜ, ਪੰਜਾਬ-140301, ਨਾਲ ਹੀ : ਸ੍ਰੀਮਤੀ ਵੰਦਨਾ ਪਤਨੀ ਚੇਤਨ, ਮਕਾਨ ਨੰ. 861, ਫੇਜ਼ 4, ਐਸ ਏ ਐਸ ਨਗਰ, ਮੁਹਾਲੀ, ਚੰਡੀਗੜ੍ਹ, ਸੈਕਟਰ 59, ਪੰਜਾਬ-160059 | 24 ਜਨਵਰੀ 2024 / 30 ਮਈ 2024 ਛੱਜੂ ਮਾਜਰਾ ਵਿਖੇ | ਰੁਪਏ 23,43,937.17/- (ਤੇਈ ਲੱਖ ਤਿਰਤਾਲੀ ਹਜ਼ਾਰ ਨੌਂ ਸੌ ਸੈਂਤੀ ਰੁਪਏ ਸਤਾਰਾਂ ਪੈਸੇ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਜਾਇਦਾਦ/ਮਕਾਨ/ਪਲਾਟ ਨੰ. ਬੀ 022/02907, ਰਕਬਾ 0 ਕਨਾਲ 3-2/3 ਜੋ ਕਿ 21 ਫੁੱਟ X 47 ਫੁੱਟ (109.66 ਵਰਗ ਗਜ਼) ਖੇਵਟ/ਖਤੌਨੀ ਨੰ. 247/296, ਖਸਰਾ ਨੰ. 9//26(8-9) 11/507 ਹੱਦ ਦਾ ਹਿੱਸਾ ਜੋ ਕਿ 0 ਕਨਾਲ 3-2/3, ਕੁੱਲ ਜ਼ਮੀਨ ਵਾਕਿਆ ਰਕਬਾ ਛੱਜੂ ਮਾਜਰਾ, ਹੱਦ ਬਸਤ ਨੰ. 33, ਤਹਿਸੀਲ ਖਰੜ, ਜ਼ਿਲ੍ਹਾ ਐਸ ਏ ਐਸ ਨਗਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਭਾਟੀਆ 21, ਪੱਛਮ : ਸੜਕ 24 ਫੁੱਟ ਚੌੜੀ (ਬਾਹੀ 21 ਫੁੱਟ), ਉਤਰ : ਜਸਪਾਲ ਸਿੰਘ (ਬਾਹੀ 47 ਫੁੱਟ), ਦੱਖਣ : ਹੇਮਰਾਜ (ਬਾਹੀ 47 ਫੁੱਟ)

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 01-06-2024 , ਸਥਾਨ : ਚੰਡੀਗੜ੍ਹ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਵੋਟ ਪਾਉਣਾ ਸਾਡਾ ਅਧਿਕਾਰ ਹੀ ਨਹੀਂ ਫਰਜ਼ ਵੀ : ਨਰੇਸ਼ ਕੋਹਲੀ





**ਫਗਵਾੜਾ ( ਜਸਵਿੰਦਰ ਢੱਡਾ )** ਲੋਕ ਸਭਾ ਚੋਣਾਂ ਲਈ ਪੰਜਾਬ ਵਿੱਚ ਸ਼ਨੀਵਾਰ ਨੂੰ ਪੈਣ ਵਾਲੀਆਂ ਵੋਟਾਂ ਸਬੰਧੀ ਸਰਬ ਨੌਜਵਾਨ ਸਭਾ ਵੱਲੋਂ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ’ਚ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਅਤੇ ਨਹਿਰੂ ਯੁਵਾ ਕੇਂਦਰ ਦੇ ਸਾਂਝੇ ਉਪਰਾਲੇ ਸਦਕਾ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਬੁਲਾਰੇ ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ ਨੇ ਸ਼ਿਰਕਤ ਕੀਤੀ। ਸੈਂਟਰ ਵਿਖੇ ਸਿਖਲਾਈ ਲੈ ਰਹੀਆਂ ਲੜਕੀਆਂ ਸਮੇਤ ਹਾਜ਼ਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵੋਟ ਦੇ ਮਹੱਤਵ ’ਤੇ ਚਾਨਣਾ ਪਾਇਆ ਅਤੇ ਕਿਹਾ ਕਿ ਵੋਟ ਪਾਉਣਾ ਸਾਡਾ ਅਧਿਕਾਰ ਹੀ ਨਹੀਂ ਬਲਕਿ ਫਰਜ਼ ਵੀ ਹੈ। ਇਸ ਲਈ ਆਪਣੇ ਵੋਟ ਪਾਉਣ ਦੇ ਫਰਜ਼ ਨੂੰ ਸ਼ਨੀਵਾਰ 1 ਜੂਨ ਨੂੰ ਵੋਟ ਪਾ ਕੇ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵੋਟ ਦੇ ਅਧਿਕਾਰ ’ਤੇ ਹਰ ਭਾਰਤੀ ਨੂੰ ਮਾਣ ਹੋਣਾ ਚਾਹੀਦਾ ਹੈ ਕਿਉਂਕਿ ਸਿਰਫ਼ ਵੋਟਰ ਹੀ ਭਾਰਤ ਦੇ ਭਵਿੱਖ ਦਾ ਫੈਸਲਾ ਕਰ ਸਕਦਾ ਹੈ। ਇਸ ਲਈ ਸਾਰੇ ਵੋਟਰਾਂ ਦਾ ਫਰਜ਼ ਬਣਦਾ ਹੈ ਕਿ ਉਹ ਵੋਟ ਪਾ ਕੇ ਯੋਗ ਉਮੀਦਵਾਰ ਦੀ ਚੋਣ ਕਰਨ। ਉਨ੍ਹਾਂ ਕਿਹਾ ਕਿ ਇੱਕ ਜ਼ਿੰਮੇਵਾਰ ਵੋਟਰ ਹੀ ਅਜਿਹੀ ਸਰਕਾਰ ਚੁਣ ਸਕਦਾ ਹੈ ਜੋ ਦੇਸ਼ ਨੂੰ ਵਿਕਾਸ ਵੱਲ ਲੈ ਕੇ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਹਰ ਨਾਗਰਿਕ ਜਿਸ ਦੀ ਉਮਰ ਅਠਾਰਾਂ ਸਾਲ ਤੋਂ ਵੱਧ ਹੈ, ਨੂੰ ਵੋਟ ਪਾਉਣ ਦਾ ਅਧਿਕਾਰ ਹੈ।

ਮਾਸਟਰ ਕੋਹਲੀ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਬਜ਼ੁਰਗਾਂ, ਅੰਗਹੀਣਾਂ ਅਤੇ ਮਰੀਜ਼ਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਵੋਟ ਪਾਉਣ ਵਿੱਚ ਕੋਈ ਦਿੱਕਤ ਨਾ ਆਵੇ। ਕੇਂਦਰ ਦੀਆਂ ਸਮੂਹ ਸਿੱਖਿਆਰਥਣਾਂ ਅਤੇ ਸਟਾਫ ਨੇ ਭਰੋਸਾ ਦੁਵਾਇਆ ਕਿ ਉਹ ਸ਼ਨੀਵਾਰ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਬਿਨਾਂ ਕਿਸੇ ਡਰ, ਭੈਅ, ਲਾਲਚ ਦੇ ਉਸੇ ਉਮੀਦਵਾਰ ਨੂੰ ਹੀ ਵੋਟ ਪਾਉਣਗੀਆਂ ਜੋ ਉਨ੍ਹਾਂ ਦੀ ਸੋਚ ਮੁਤਾਬਿਕ ਪੰਜਾਬ ਅਤੇ ਭਾਰਤ ਦੇ ਵਿਕਾਸ ਵਿੱਚ ਵਧੀਆ ਯੋਗਦਾਨ ਪਾ ਸਕਦਾ ਹੈ। ਅਖ਼ੀਰ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਮਾਸਟਰ ਨਰੇਸ਼ ਕੋਹਲੀ ਦਾ ਧੰਨਵਾਦ ਕੀਤਾ। ਇਸ ਮੌਕੇ ਸੈਂਟਰ ਮੈਨੇਜਰ ਜਗਜੀਤ ਸੇਠ, ਮੈਡਮ ਤਨੂ, ਮੈਡਮ ਰਮਨਦੀਪ ਕੌਰ, ਮੈਡਮ ਆਸ਼ੂ ਬੱਗਾ, ਮੈਡਮ ਸਪਨਾ ਸ਼ਾਰਦਾ, ਗੁਰਸ਼ਰਨ ਸਿੰਘ ਬਾਸੀ, ਮਨਦੀਪ ਕੌਰ, ਕਾਜਲ, ਅੰਜਲੀ, ਅਕਵਿੰਦਰ ਕੌਰ, ਤਾਨੀਆ, ਕੋਮਲ, ਹਰਮਨਪ੍ਰੀਤ ਕੌਰ, ਮੁਸਕਾਨ, ਪ੍ਰਿਆ, ਸਿਮਰਨ, ਅੰਜਲੀ ਹੀਰ, ਕੁਲਦੀਪ ਕੌਰ, ਜੈਸਮੀਨ, ਮੁਸਕਾਨ, ਈਸ਼ਾ, ਦਿਵਿਆ, ਕੋਮਲ ਕੌਰ, ਪਿੰਕੀ ਪਲਕ, ਸੰਜਨਾ, ਵਿਸ਼ਾਖਾ, ਮਨਪ੍ਰੀਤ ਕੌਰ, ਸਵਿਤਾ, ਗੀਤਾ, ਦਲਜੀਤ, ਸਿਮਰਨ, ਹਿਮਾਂਸ਼ੀ, ਜੋਤੀ, ਨੇਹਾ, ਕਾਜਲ ਸ਼ਰਮਾ, ਰੋਸ਼ਨੀ ਆਦਿ ਹਾਜ਼ਰ ਸਨ।

# ਵਿਜੇਇੰਦਰ ਸਿੰਗਲਾ ਦੇ ਹੱਕ ’ਚ ਵੋਟ ਪਾਉਣ ਦੀ ਅਪੀਲ



**ਭਲਾਣ, (ਢਿੱਲੋਂ)**- ਕਾਂਗਰਸੀ ਉਮੀਦਵਾਰ ਵਿਜੇਇੰਦਰ ਸਿੰਗਲਾ ਦੇ ਹੱਕ ਵਿੱਚ ਉਨ੍ਹਾਂ ਦੇ ਭਰਜਾਈ ਸਰੁਚੀ ਸਿੰਗਲਾ ਅਤੇ ਮੈਡਮ ਦਿਵਿਆ ਰਾਣਾ ਵੱਲੋਂ ਦਰਜਨਾਂ ਪਿੰਡਾਂ ਵਿੱਚ ਭਰਵੀਆਂ ਚੋਣ ਮੀਟਿੰਗਾਂ ਕਰਕੇ ਵਿਜੇਇੰਦਰ ਸਿੰਗਲਾ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਹਰ ਫਰੰਟ ਤੋਂ ਫੇਲ੍ਹ ਝਾੜੂ ਸਰਕਾਰ ਨੇ ਝੂਠ ਬੋਲ ਕੇ ਪੰਜਾਬ ਵਿੱਚ ਸਰਕਾਰ ਬਣਾਉਣ ਉਪਰੰਤ ਲੋਕਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਕਰਨ ਤੋਂ ਇਲਾਵਾ ਕੁੱਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਆ ਕੇ ਰੋਜ਼ ਆਪਣੇ ਹੱਕੀ ਮੰਗਾਂ ਲਈ ਲੋਕ ਧਰਨੇ ਪਦ੍ਰਸ਼ਨ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਡਾਕਟਰ ਚਮਨ ਲਾਲ, ਰਾਜ ਕੁਮਾਰ ਰਾਜੂ, ਪਵਨ ਕੁਮਾਰ ਧੀਮਾਨ, ਦੀਪਕ ਕੁਮਾਰ ਹੈਪੀ, ਬਲਰਾਮ ਗੋਗੀ ਸਾਬਕਾ ਸਰਪੰਚ, ਅਸ਼ਵਨੀ ਕੁਮਾਰ ਬਾਰਡਾ, ਸੂਜੇ ਬਾਰਡਾ, ਮਹਿੰਦਰ ਸਿੰਘ ਮਿਸਤਰੀ, ਨੰ. ਬਖਸ਼ੀਸ਼ ਸਿੰਘ, ਲਾਲਾ ਸੁਭਾਸ਼ ਚੀਟੂ, ਸੋਹਣ ਮੈਹਰ, ਭਵੀਸ਼ਨ ਗੋਸਵਾਮੀ, ਸੁਰੇਸ਼ ਕੁਮਾਰ ਰਿੰਕਾ, ਪੰਨਾ ਲਾਲ ਭਨਾਮ, ਗੁਰਚਰਣ ਸਿੰਘ ਸੋਢੀ, ਨੰ. ਨਾਜ਼ਰ ਸਿੰਘ, ਸਰਬਣ ਸਿੰਘ ਭੱਠਲ, ਕਮਲਜੀਤ ਭੱਲੜੀ, ਓਂਕਾਰ ਸਿੰਘ ਭੋਡਾ, ਸੂਰਜ ਸ਼ਰਮਾ, ਰੋਹਿਤ ਸ਼ਰਮਾ ਦਿਆਪੁਰ, ਓਂਕਾਰ ਨਾਥ ਆਦਿ ਸਮੇਤ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਨੇ ਵੋਟਰ ਜਾਗਰੂਕਤਾ ਕੈਂਪ ਲਗਾਇਆ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫ਼ਾਰ ਵੂਮੈਨ ਦੀ ਐਨਸੀਸੀ ਯੂਨਿਟ ਨੇ ਰਾਜਨੀਤੀ ਸ਼ਾਸਤਰ ਵਿਭਾਗ ਅਤੇ ਇੱਕ ਗੈਰ-ਸਰਕਾਰੀ ਸੰਸਥਾ ਅਲਫ਼ਾ ਮਹਿੰਦਰੂ ਫਾਊਂਡੇਸ਼ਨ ਦੇ ਸਹਿਯੋਗ ਨਾਲ ਵੋਟਰ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦੇਸ਼ ਭਾਈਚਾਰੇ ਨੂੰ ਵੋਟ ਦੀ ਮਹੱਤਤਾ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਬਾਰੇ ਜਾਗਰੂਕ ਕਰਨਾ ਅਤੇ ਉਤਸ਼ਾਹਿਤ ਕਰਨਾ ਸੀ। ਮੁਹਿੰਮ ਨੂੰ ਕਮਿਊਨਿਟੀ ਨੂੰ ਸ਼ਾਮਲ ਕਰਨ ਅਤੇ ਵੋਟਿੰਗ ਦੀ ਮਹੱਤਤਾ, ਚੋਣ ਪ੍ਰਕਿਰਿਆ, ਅਤੇ ਪ੍ਰਸ਼ਾਸਨ ਤੇ ਸੂਚਿਤ ਵੋਟਿੰਗ ਦੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾਉਣ ਲਈ ਤਿਆਰ ਕੀਤਾ ਗਿਆ ਸੀ। ਵਿਦਿਆਰਥੀਆਂ ਨੇ ਬਾਜ਼ਾਰਾਂ ਤੋਂ ਲੈ ਕੇ ਰਿਹਾਇਸ਼ੀ ਇਲਾਕਿਆਂ ਵਿੱਚ ਜਾ ਕੇ ਲੋਕਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਕਾਲਜ ਰੋਡ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਰੈਲੀ ਕੱਢੀ ਗਈ। ਭਾਗੀਦਾਰਾਂ ਨੇ ਵੋਟਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਨਾਅਰਿਆਂ ਵਾਲੇ ਬੈਨਰ ਅਤੇ ਪਲੇਕਾਰਡ ਚੁੱਕੇ ਹੋਏ ਸਨ, ਜਿਸਦਾ ਉਦੇਸ਼ ਵਿਸ਼ਾਲ ਸਰੋਤਿਆਂ ਤੱਕ ਪਹੁੰਚਣਾ ਅਤੇ ਸਥਾਨਕ ਭਾਈਚਾਰੇ ਨੂੰ ਵੋਟ ਦੀ ਮਹੱਤਤਾ ’ਤੇ ਜ਼ੋਰ ਦੇਣਾ ਸੀ। ਅਲਫਾ ਮਹਿੰਦਰੂ ਫਾਊਂਡੇਸ਼ਨ ਦੇ ਪ੍ਰਧਾਨ ਰਮੇਸ਼ ਮਹਿੰਦਰੂ, ਜਨਰਲ ਸਕੱਤਰ ਜਸਵਿੰਦਰ ਸਿੰਘ ਧੀਰਜ, ਵਿੱਤ ਸਕੱਤਰ ਭੁਪਿੰਦਰ ਕਾਲੀਆ, ਐਡਵੋਕੇਟ ਅਤੇ ਕਾਨੂੰਨੀ ਸਲਾਹਕਾਰ ਜੈ ਪਾਲ ਸ਼ਰਮਾ ਅਤੇ ਮੈਂਬਰ ਸੰਜੀਵ ਕੁਮਾਰ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ, ਜਿਨ੍ਹਾਂ ਨੇ ਇਸ ਮੁਹਿੰਮ ਦਾ ਸਮਰਥਨ ਕੀਤਾ। ਇਸ ਸੈਸ਼ਨ ਨੇ ਵੋਟਿੰਗ ਪ੍ਰਕਿਰਿਆ ਬਾਰੇ ਆਮ ਸਵਾਲਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ। ਇਸ ਮੌਕੇ ’ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਐਸੋਸੀਏਟ ਐਨ.ਸੀ.ਸੀ. ਅਫਸਰ ਕੈਪਟਨ ਪ੍ਰਿਆ ਮਹਾਜਨ, ਉਸਦੀ ਸਮੁੱਚੀ ਯੂਨਿਟ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ । ਆਮ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਰਹਿਣ ਦੀ ਲੋੜ: ਡਾ. ਸਤਵਿੰਦਰਪਾਲ ਸਿੰਘ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਤੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ‘ਹੀਟਵੇਵ ਮੈਨੇਜਮੈਂਟ’ ਸਬੰਧੀ ਏ.ਐੱਨ.ਐੱਮਜ ਤੇ ਆਸ਼ਾ ਵਰਕਰਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸੇ ਦੌਰਾਨ ਉਨ੍ਹਾਂ ਨੂੰ ਓ.ਆਰ.ਐੱਸ. ਘੋਲ ਤਿਆਰ ਕਰਨ ਦੀ ਵਿਧੀ ਵੀ ਸਿਖਾਈ ਗਈ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ 1 ਜੂਨ, 2024 ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹੀਟਵੇਵ ਪ੍ਰਬੰਧਨ ਤਹਿਤ ਸਿਖਲਾਈ ਦਿੰਦੇ ਹੋਏ ਕਿਹਾ ਕਿ ਸਾਰੇ ਸਿਹਤ ਕੇਂਦਰਾਂ ’ਤੇ ਓ.ਆਰ.ਐੱਸ. ਕਾਰਨਰ ਸਥਾਪਤ ਕੀਤੇ ਜਾਣ ਤਾ ਜੋ ਲੋੜ ਪੈਣ ’ਤੇ ਪੀੜਤ ਨੂੰ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਰੋਜ਼ਾਨਾ ਵਧ ਰਹੇ ਤਾਪਮਾਨ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੂਅ ਭਾਵ ਹੀਟਵੇਵ ਤੋਂ ਬਚਾਉਣ ਲਈ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤਾਪਮਾਨ ਹੋਣ ਦੀ ਸੂਰਤ ਵਿੱਚ ਲੂਅ ਦੀ ਸਥਿਤੀ ਬਣ ਜਾਂਦੀ ਹੈ ਜੋ ਕਿ ਸਰੀਰ ਦੇ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦੀ ਹੈ ਤੇ ਲੂਅ ਲੱਗਣ ਦਾ ਸੰਭਾਵਿਤ ਖ਼ਤਰਾ ਬਣ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੂਅ ਤੋਂ ਬਚਾਅ ਲਈ ਬਜ਼ੁਰਗਾਂ, ਬੱਚਿਆਂ ਤੇ ਗਰਭਵਤੀ ਔਰਤਾਂ ਸਮੇਤ ਬਿਮਾਰ ਵਿਅਕਤੀਆਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਇਸਦਾ ਅਸਰ ਬਜ਼ੁਰਗਾਂ, ਬੱਚਿਆਂ ਤੇ ਗਰਭਵਤੀ ਔਰਤਾਂ, ਮਾਨਸਿਕ ਜਾਂ ਸਰੀਰਿਕ ਬਿਮਾਰੀ ਤੋਂ ਪੀੜਤ ਲੋਕਾਂ ਖ਼ਾਸਕਰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ, ਮੋਟਾਪੇ ਤੋਂ ਪੀੜਤ ਲੋਕਾਂ ’ਤੇ ਜ਼ਿਆਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪਿੱਤ ਹੋਣਾ ਜਾਂ ਚੱਕਰ ਆਉਣੇ, ਥਕਾਣ ਹੋਣਾ, ਸਿਰ ਦਰਦ, ਗਰਮੀ ਦੇ ਬਾਵਜੂਦ ਘੱਟ ਪਸੀਨਾ ਆਉਣਾ, ਖ਼ੁਸ਼ਕ ਚਮੜੀ, ਮਾਸਪੇਸ਼ੀਆਂ ਵਿਚ ਕਮਜ਼ੋਰੀ, ਬੇਚੈਨੀ ਅਤੇ ਘਬਰਾਹਟ ਹੋਣਾ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ ਆਦਿ ਇਸ ਦੇ ਲੱਛਣ ਹੋ ਸਕਦੇ ਹਨ।ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਵਿੱਚ ਉਕਤ ਲੱਛਣ ਵਿਖਾਈ ਦੇਣ ਤਾਂ ਉਸ ਨੂੰ ਮੁੱਢਲੀ ਸਹਾਇਤਾ ਦਿੱਤੀ ਜਾਵੇ।

ਅਜਿਹੇ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਕੱਪੜੇ ਢਿੱਲੇ ਕਰ ਦਿੱਤੇ ਜਾਣ, ਪੀਣ ਲਈ ਓ.ਆਰ.ਐੱਸ. ਘੋਲ ਜਾਂ ਹੋਰ ਘਰੇਲੂ ਤਰਲ ਪਦਾਰਥ ਦਿੱਤਾ ਜਾਵੇ ਤੇ ਜੇ ਸੰਭਵ ਹੋਵੇ ਤਾਂ ਸਰੀਰ ਦੇ ਤਾਪਮਾਨ ਨੂੰ ਘੱਟ ਕਰਨ ਲਈ ਠੰਢੇ ਪਾਣੀ ਦੀਆਂ ਪੱਟੀਆਂ ਰੱਖੀਆਂ ਜਾਣ। ਇਸ ਤੋਂ ਇਲਾਵਾ ਠੰਡੇ ਪਾਣੀ ਨਾਲ ਭਰੇ ਟੱਬ ’ਚ ਵਿਅਕਤੀ ਨੂੰ ਗਲ਼ੇ ਤੱਕ ਲਿਟਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਲੂਅ ਲੱਗਣ ਦੇ ਖ਼ਦਸ਼ਿਆਂ ਦੇ ਚੱਲਦਿਆਂ ਵਿਅਕਤੀ ਕੋਈ ਆਮ ਦਵਾਈ ਨਾ ਦਿੱਤੀ ਜਾਵੇ ਅਤੇ ਉਸ ਨੂੰ ਜਿੰਨੀ ਜਲਦੀ ਹੋ ਸਕੇ, ਐਂਬੂਲੈਂਸ ਨੂੰ ਕਾਲ ਕਰਕੇ ਨੇੜਲੇ ਸਿਹਤ ਕੇਂਦਰ ਲਿਜਾ ਕੇ ਮਾਹਰ ਡਾਕਟਰਾਂ ਕੋਲੋਂ ਇਲਾਜ ਕਰਵਾਇਆ ਜਾਵੇ।

# ਬੇਲਾ ਕਾਲਜ ’ਚ ਬ੍ਰਿਜ ਕੋਰਸਾਂ ਦੀ ਸਮਾਪਤੀ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਚੱਲ ਰਹੇ ਬ੍ਰਿਜ ਕੋਰਸ ਸਫ਼ਲਤਾਪੂਰਵਕ ਸਮਾਪਤ ਹੋਏ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਇਸ ਵਰ੍ਹੇ ਬਾਰ੍ਹਵੀਂ ਪਾਸ ਵਿਦਿਆਰਥੀਆਂ ਲਈ ਪੰਜ ਬ੍ਰਿਜ ਕੋਰਸ ਸ਼ੁਰੂ ਕੀਤੇ ਗਏ ਸਨ ਅਤੇ ਇਹ ਮੁਫ਼ਤ ਰੂਪ ਵਿੱਚ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਏ ਗਏ। ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਵਿਸ਼ੇਸ਼ ਸ਼ਿਰਕਤ ਕੀਤੀ ਕਰਦਿਆਂ ਉਕਤ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ। ਉਨ੍ਹਾਂ ਸਮੁੱਚੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਹਰ ਸਾਲ ਕਾਲਜ ਵਿੱਚ ਸਰਟੀਫਿਕੇਟ ਬ੍ਰਿਜ ਕੋਰਸ ਕਰਵਾਏ ਜਾਂਦੇ ਹਨ ਅਤੇ ਇਸ ਵਾਰ ਕਾਲਜ ਦੇ ਵੱਖੋ-ਵੱਖਰੇ ਵਿਭਾਗਾਂ ਵੱਲੋਂ ਵਿਦਿਆਰਥੀਆਂ ਲਈ ਬੇਸਿਕਸ ਆਫ ਕੰਪਿਊਟਰ ਐਂਡ ਇੰਟਰਨੈੱਟ ਐਪਲੀਕੇਸ਼ਨਜ, ਸਪੋਕਨ ਇੰਗਲਿਸ਼ ਐਂਡ ਪਰਸਨੈਲਿਟੀ ਡਿਵੈੱਲਪਮੈਂਟ, ਲੀਡਰਸ਼ਿਪ ਡਿਵੈੱਲਪਮੈਂਟ ਪ੍ਰੋਗਰਾਮ, ਬੇਸਿਕਸ ਆਫ ਫੂਡ ਪ੍ਰੋਸੈਸਿੰਗ ਤੇ ਬਿਊਟੀਸ਼ੀਅਨ ਕੋਰਸ ਕਰਵਾਏ ਗਏ। ਇਨ੍ਹਾਂ ਕੋਰਸਾਂ ਵਿੱਚ 350 ਦੇ ਕਰੀਬ ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਅਤੇ ਬਹੁਤਾਤ ਵਿੱਚ ਵਿਦਿਆਰਥੀਆਂ ਨੇ ਇਹ ਕੋਰਸ ਪੂਰਨ ਕੀਤੇ। ਇਹ ਕੋਰਸ ਡੇਢ ਮਹੀਨਾ ਤੱਕ ਚੱਲੇ, ਜਿਸ ਵਿੱਚ ਵਿਦਿਆਰਥੀਆਂ ਲਈ ਕਈ ਸਹਿ ਵਿੱਦਿਅਕ ਗਤੀਵਿਧੀਆਂ ਦਾ ਵੀ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰੋ. ਸੁਨੀਤਾ ਰਾਣੀ, ਪ੍ਰੋ. ਰਾਕੇਸ਼ ਜੋਸ਼ੀ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਅਮਰਜੀਤ ਸਿੰਘ, ਪ੍ਰੋ. ਪ੍ਰਿਤਪਾਲ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਇਸ਼ੂ ਬਾਲਾ ਅਤੇ ਪ੍ਰੋ. ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਵੋਟਿੰਗ ਜਾਗਰੂਕਤਾ ਰੈਲੀ ਕੱਢੀ



**ਜਲੰਧਰ: (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਸ਼ਾਖਾਵਾਂ ਵੱਲੋਂ ਸਮਾਜ ਨੂੰ ਵੋਟ ਬਣਾਉਣ ਸਬੰਧੀ ਜਾਗਰੂਕ ਕਰਨ ਲਈ ਵੋਟਿੰਗ ਜਾਗਰੂਕਤਾ ਰੈਲੀ ਕੱਢੀ ਗਈ। ਇਹ ਰੈਲੀ ਸਕੂਲਾਂ ਅਤੇ ਕਾਲਜਾਂ ਦੇ ਡਾਇਰੈਕਟਰਾਂ/ਪ੍ਰਿੰਸੀਪਲਾਂ ਅਤੇ ਹੋਰ ਸਮੂਹ ਸਟਾਫ਼ ਮੈਂਬਰਾਂ ਦੀ ਦੇਖ-ਰੇਖ ਹੇਠ ਕੱਢੀ ਗਈ। ਇਹ ਵਿਚਾਰ ਗਰੁੱਪ ਦੀ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਦਿੱਤੇ। ਖਾਸ ਗੱਲ ਇਹ ਸੀ ਕਿ ਸਾਰੀਆਂ ਬ੍ਰਾਂਚਾਂ ਨੇ ਗਰੁੱਪ ਡਿਸਕਸ਼ਨ ਦਾ ਆਯੋਜਨ ਕੀਤਾ ਅਤੇ ਵੋਟਿੰਗ ’ਤੇ ਕੁਝ ਨਾਅਰੇ ਵੀ ਲਿਖੇ, ਇਸ ਰੈਲੀ ਦੇ ਨਾਅਰੇ ਸਨ: ਬਦਲਾਅ ਲਈ ਵੋਟ ਕਰੋ, ਇੱਕ ਸੱਚੇ ਨਾਗਰਿਕ ਬਣੋ ਅਤੇ ਆਪਣੀ ਵੋਟ ਦਿਓ, ਭਾਰਤ ਲਈ ਵੋਟ ਕਰੋ ਆਦਿ। ਇਸ ਵਿਚਾਰ-ਚਰਚਾ ਵਿੱਚ ਉਨ੍ਹਾਂ ਉਮੀਦਵਾਰਾਂ ਬਾਰੇ ਚਰਚਾ ਕੀਤੀ ਜਿਨ੍ਹਾਂ ਨੂੰ ਉਹ ਆਪਣੇ ਭਵਿੱਖ ਦੇ ਆਗੂ ਵਜੋਂ ਦੇਖਦੇ ਹਨ ਅਤੇ ਤਾਂ ਜੋ ਦੇਸ਼ ਵੀ ਤਰੱਕੀ ਦੇ ਰਾਹ ’ਤੇ ਚੱਲ ਸਕੇ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਨੇ ਸਮੂਹ ਸਕੂਲਾਂ ਅਤੇ ਕਾਲਜਾਂ ਦੇ ਇਸ ਉਪਰਾਲੇ ਲਈ ਸਮੂਹ ਸਟਾਫ਼ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ 1 ਜੂਨ ਨੂੰ ਵੋਟ ਪਾਉਣ ਲਈ ਕਿਹਾ।

# ਵਿਧਵਾ ਔਰਤ ਤੇ ਉਸ ਦੀ ਬੇਟੀ ਦੀ ਕੁੱਟਮਾਰ



**ਭੁਲੱਥ, (ਮਨਪ੍ਰੀਤ ਸਿੰਘ)** ਸਬ ਡਵੀਜ਼ਨ ਕਸਬਾ ਭੁਲੱਥ ਦੇ ਸਿਵਲ ਹਸਪਤਾਲ ’ਚ ਜੇਰੇ ਇਲਾਜ ਵਿਧਵਾ ਸੁਨੀਤਾ ਪਤਨੀ ਲੇਟ ਗੁਰਹਰਪ੍ਰੀਤ ਤੇ ਉਸਦੀ ਬੇਟੀ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਉਹਨਾਂ ਦੀ ਕੁੱਟਮਾਰ ਮਮੂਲੀ ਤਕਰਾਰ ਕਰਕੇ ਹੋਈ ਹੈ। ਸੁਨੀਤਾ ਨੇ ਦੱਸਿਆ ਕਿ ਉਸਦੇ ਦਿਓਰ ਵੱਲੋਂ ਉਹਨਾਂ ਦੇ ਘਰ ਆ ਕੇ ਮਮੂਲੀ ਤਕਰਾਰ ਹੋਣ ਉਪਰੰਤ ਗਾਲੀ ਗਲੋਚ ਕਰਦਿਆਂ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਉਸ ਦੀ ਬੇਟੀ ਰਮਨਪ੍ਰੀਤ ਕੌਰ ਨੇ ਆਪਣੇ ਚਾਚੇ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸਨੇ ਉਸਨੂੰ ਵੀ ਧੱਕਾ ਮਾਰ ਕੇ ਜਖਮੀ ਕਰ ਦਿੱਤਾ ਅਤੇ ਉਸਦੇ ਗੋਡੇ ’ਤੇ ਸੱਟ ਲੱਗੀ। ਸੁਨੀਤਾ ਨੇ ਦੱਸਿਆ ਕਿ ਉਸਦੇ ਅੰਦਰੂਨੀ ਸੱਟਾਂ ਲੱਗੀਆਂ ਹਨ ਤੇ ਇਸ ਵਾਕਿਆ ਸਬੰਧੀ ਬੇਗੋਵਾਲ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ ਗਈ ਹੈ। ਲੇਕਿਨ ਸਾਡੀ ਕੋਈ ਸੁਣਵਾਈ ਨਹੀਂ ਹੋਈ। ਸੁਨੀਤਾ ਤੇ ਉਸਦੀ ਬੇਟੀ ਰਮਨਪ੍ਰੀਤ ਨੇ ਪ੍ਰਸ਼ਾਸਨ ਪਾਸੋਂ ਇਨਸਾਫ ਦੀ ਮੰਗ ਕਰਦਿਆਂ ਦੋਸ਼ੀ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# ਵਿਕਾਸ ਲਈ ਪੰਜ ਸਾਲਾਂ ’ਚ 80 ਸਾਲ ਦੀ ਕਮੀ ਪੂਰੀ ਕਰਾਂਗਾ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ (ਓ ਪੀ ਰਾਣਾ )** ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਤੋਂ ਜਿੱਤ ਪ੍ਰਾਪਤ ਕਰੇਗੀ ਅਤੇ ਪਿਛਲੇ 80 ਸਾਲਾਂ ਦੇ ਰੁਕੇ ਵਿਕਾਸ ਨੂੰ ਪੰਜ ਸਾਲਾਂ ਵਿਚ ਪੂਰਾ ਕਰੇਗੀ। ਐਡਵੋਕੇਟ ਰਣਜੀਤ ਕੁਮਾਰ ਬਸਪਾ ਉਮੀਦਵਾਰ ਨੇ ਕਿਹਾ ਕਿ ਬਸਪਾ ਬਾਨੀ ਕਾਂਸ਼ੀ ਰਾਮ ਨੂੰ ਛੱਡ ਕੇ ਕਾਂਗਰਸ, ਭਾਜਪਾ ਦੇ ਜਿੰਨੇ ਵੀ ਲੋਕ ਸਭਾ ਮੈਂਬਰ ਅੱਜ ਤਕ ਇਥੋਂ ਚੁਣ ਕੇ ਗਏ ਉਨਾਂ ਸਾਰਿਆਂ ਨੇ ਨਿੱਜੀ ਸਵਾਰਥਾਂ ਲਈ ਕੰਮ ਕੀਤਾ ਅਤੇ ਆਪਣੇ ਪਰਵਾਰਾਂ ਨੂੰ ਹੀ ਪਾਲਿਆ। ਕਿਸੇ ਨੇ ਵੀ ਹੁਸ਼ਿਆਰਪੁਰ ਦੇ ਲੋਕਾਂ ਲਈ ਸਿੱਖਿਆ, ਇਲਾਜ,ਦਵਾਈਆਂ, ਚੰਗੇ ਸਕੂਲ,ਟੈਕਨੀਕਲ ਕਾਲਿਜ,ਯੂਨੀਵਰਸਿਟੀ,ਪਿੰਡਾਂ ਵਿਚ 24 ਘੰਟੇ ਬਿਜਲੀ,ਪੀਣ ਵਾਲਾ ਸ਼ਾਫ ਪਾਣੀ,ਪੋਸਟ ਮੈਟ੍ਰਿਕ ਸਕਾਲਰਸ਼ਿਪ, ਬੱਚਿਆਂ ਲਈ ਕਿਤਾਬਾਂ ਆਦਿ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਜੇਕਰ ਹੁਸ਼ਿਆਰਪੁਰ ਦੇ ਲੋਕ ਮੈਨੂੰ ਸੇਵਾ ਦਾ ਮੌਕਾ ਦਿੰਦੇ ਹਨ ਤਾਂ ਮੈਂ ਇਥੇ ਵਿਕਾਸ ਦੇ 80 ਸਾਲ ਦੇ ਸੋਕੇ ਨੂੰ ਖਤਮ ਕਰਾਂਗਾ। ਐਡਵੋਕੇਟ ਨੇ ਕਿਹਾ ਕਿ ਕਾਂਗਰਸ, ਭਾਜਪਾ, ਆਪ ਨੇ ਆਪਣੀ ਹਾਰ ਨੂੰ ਦੇਖਦਿਆਂ ਸਾਰੀ ਤਾਕਤ,ਮਸ਼ੀਨਰੀ ਝੋਕ ਦਿੱਤੀ ਹੈ ,ਪੂੰਜੀਪਤੀਆਂ ਤੋਂ ਲਿਆ ਅਰਬਾਂ ਰੁਪਏ ਫੰਡ ਪਾਣੀ ਵਾਂਗ ਵਹਾ ਰਹੇ ਹਨ। ਹਾਰੀ ਹੋਈ ਸੀਟ ਮੁੜ ਹਾਸਲ ਕਰਨ ਲਈ ਮੋਦੀ ਦੀ ਰੈਲੀ ਫਲਾਪ ਸਾਬਿਤ ਹੋਈ ਹੈ।

ਉਨਾਂ ਕਿਹਾ ਸੰਵਿਧਾਨ ਅਤੇ ਦੇਸ਼ ਨੂੰ ਬਚਾਉਣ ਲਈ ਭਾਜਪਾ, ਕਾਂਗਰਸ ਤੇ ਆਪ ਵਰਗੀਆਂ ਮਜ਼ਦੂਰ, ਕਿਸਾਨ ,ਛੋਟਾ ਵਪਾਰੀ ਵਿਰੋਧੀ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਰੱਖਣਾ ਸਮੇਂ ਤੇ ਦੇਸ਼ ਵਾਸੀਆਂ ਲਈ ਜਰੂਰੀ ਹੈ। ਉਨਾਂ ਕਿਹਾ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ, ਮਜ਼ਦੂਰੀ ਦਾ ਸਮਾਂ 8 ਘੰਟੇ ਕਰਨ , ਸਿਹਤ ਸਹੂਲਤਾਂ ਯਕੀਨੀ ਅਤੇ ਮੁਫਤ ਕਰਨ,ਕਿਸਾਨਾਂ ਮਜ਼ਦੂਰਾਂ ਦੇ ਕਰਜੇ ਮੁਆਫ ਕਰਨ, ਕਿਸਾਨਾਂ ਦੀਆਂ ਫਸਲਾਂ ਦੀ ਐਮ ਐਸ ਪੀ ਦੀ ਗਰੰਟੀ ਲਾਜ਼ਮੀ, ਨੌਕਰੀਆਂ ਦਾ ਰਾਖਵਾਂਕਰਨ ਬੇਕਲਾਗ ਪੂਰਾ ਕਰਨ, ਨੌਜਵਾਨ ਨੂੰ ਰੁਜ਼ਗਾਰ ਉਪਲੱਬਧ ਕਰਾਉਣ, ਗਰੀਬ ਬੱਚਿਆਂ ਨੂੰ ਮੁਫਤ ਸਿੱਖਿਆ ਆਦਿ ਹਰ ਵਿਸ਼ੇ ’ਤੇ ਜੀਅ ਜਾਨ ਨਾਲ ਕੰਮ ਕਰਾਂਗੇ। ਉਨ੍ਹਾਂ ਹੁਸ਼ਿਆਰਪੁਰ ਦੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ ਇਕ ਵਾਰ ਹਾਥੀ ਦਾ ਬਟਨ ਦਬਾ ਕੇ ਸੇਵਾ ਦਾ ਮੌਕਾ ਦਿਓ ਮੈਂ ਤੁਹਾਨੂੰ ਨਿਰਾਸ਼ ਨਹੀਂ ਹੋਣ ਦੇਵਾਂਗਾ।

# ਫਾਲਕਨ ਇੰਟਰਨੈਸ਼ਨਲ ਸਕੂਲ ’ਚ ਵਾਤਾਵਰਨ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ ( ਹਨੀ )** ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਵਰਲਡ ਵਾਤਾਵਰਨ ਦਿਵਸ ਮਨਾਇਆ ਗਿਆ। ਗਰਮੀਆਂ ਦੀਆਂ ਛੁੱਟੀਆਂ ਦੇ ਦੌਰਾਨ ਵੀ ਇਸ ਦਿਨ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਸਕੂਲ ਦੇ ਸਮੂਹ ਸਟਾਫ ਅਤੇ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਜੋਸਨ ਨੇ ਸਕੂਲ ਵਿੱਚ ਬੂਟੇ ਲਗਾ ਕੇ ਸਾਰਿਆਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ ਗਿਆ। ਛੁੱਟੀਆਂ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਘਰ ਬੈਠੇ ਹੀ ਇਸ ਦਿਨ ਨੂੰ ਬਾਖੂਬੀ ਮਨਾਇਆ ਅਤੇ ਘਰਾਂ ਵਿੱਚ ਵੱਖ ਵੱਖ ਪ੍ਰਕਾਰ ਦੇ ਪੌਦੇ ਲਗਾਏ। ਨਰਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਡਰਾਇੰਗ ਸ਼ੀਟ ਉੱਪਰ ਵਾਤਾਵਰਨ ਸੰਬੰਧਿਤ ਤਸਵੀਰਾਂ ਬਣਾ ਕੇ ਸਕੂਲ ਅਧਿਆਪਕਾਂ ਨੂੰ ਸ਼ੇਅਰ ਕੀਤੀਆਂ। ਇਸੇ ਤਰ੍ਹਾਂ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੇਂਟਿੰਗ ਰੰਗਾਂ ਦੀ ਸਹਾਇਤਾ ਨਾਲ ਵਾਤਾਵਰਨ ਨੂੰ ਬਚਾਉਣ ਸੰਬੰਧਿਤ ਤਸਵੀਰਾਂ ਬਣਾ ਕੇ ਸਕੂਲ ਅਧਿਆਪਕਾਂ ਨੂੰ ਭੇਜੀਆਂ। ਇਸ ਦੌਰਾਨ ਸਕੂਲ ਦੇ ਚੇਅਰਮੈਨ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਬਚਾਉਣ ਲਈ ਪ੍ਰੇਰਿਤ ਕੀਤਾ ਅਤੇ ਇਨ੍ਹੀਂ ਦਿਨੀਂ ਪੈ ਰਹੀ ਅੱਤ ਦੀ ਗਰਮੀ ਵਿੱਚ ਘਰਾਂ ਵਿਚ ਰਹਿਣ ਦਾ ਸੁਨੇਹਾ ਦਿੱਤਾ।

# ਸਾਲਾਨਾ ਜੋੜ ਮੇਲਾ 20-21 ਨੂੰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਦਰਬਾਰ ਬਾਬਾ ਚੁੱਪ ਸ਼ਾਹ ਪ੍ਰਬੰਧਕ ਕਮੇਟੀ,ਗ੍ਰਾਮ ਪੰਚਾਇਤ, ਐਨ,ਆਰ ਆਈ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ 20, 21 ਜੂਨ ਨੂੰ ਬਹੁਤ ਹੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ।

ਲਖਵਿੰਦਰ ਚੁੰਬਰ ਅਤੇ ਰਾਜੂ ਭੰਡਾਲ ਨੇ ਦੱਸਿਆ ਕਿ 20 ਜੂਨ ਨੂੰ ਚਾਦਰ ਦੀ ਰਸਮ ,ਝੰਡੇ ਦੀ ਰਸਮ ਅਤੇ ਕਵਾਲੀਆਂ ਦਾ ਪ੍ਰੋਗਰਾਮ ਹੋਵੇਗਾ ਅਤੇ ਸ਼ਾਮ ਨੂੰ ਚਿਰਾਗ ਦੀ ਰਸਮ ਹੋਵੇਗੀ , 21 ਜੂਨ ਨੂੰ ਸੱਭਿਆਚਾਰ ਪ੍ਰੋਗਰਾਮ ਹੋਵੇਗਾ। ਮੇਲੇ ਦੌਰਾਨ ਵੱਖ-ਵੱਖ ਡੇਰਿਆਂ ਤੋਂ ਫੱਕਰ ਫਕੀਰ ਸ਼ਿਰਕਤ ਕਰਨਗੇ।

ਸਾਰੇ ਮੇਲੇ ਦਾ ਲਾਈਵ ਪ੍ਰਸਾਰਣ ਕੀਤਾ ਜਾਵੇਗਾ। ਲੰਗਰ ਅਤੇ ਠੰਡੇ ਮਿੱਠਾ ਜਲ ਅਟੁੱਟ ਵਰਤਾਇਆ ਜਾਵੇਗਾ। ਇਸ ਮੌਕੇ ਮੁੱਖ ਸੇਵਾਦਾਰ ਗੁਰਸ਼ਰਨ ਰਾਏ, ਪ੍ਰਬੰਧਕ ਕਮੇਟੀ ਪ੍ਰਧਾਨ ਕੇਵਲ ਸਿੰਘ ਰੰਧਾਵਾ, ਲਖਵਿੰਦਰ ਚੁੰਬਰ ਕੈਸ਼ੀਅਰ ,ਹਰਬੰਸ ਲਾਲ ਚੁੰਬਰ,ਕੁਲਵਿੰਦਰ ਕੁਮਾਰ ਸੁਮਨ, ਗੁਰਨਾਮ ਲਾਲ ਹੀਰ, ਰਘਬੀਰ ਸਿੰਘ ਭੰਡਾਲ ਹਾਜਰ ਸਨ।

# ਸੀ ਸੀ ਟੀ ਵੀ ਐਸੋਸੀਏਸ਼ਨ ਦੀ ਚੋਣ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਐਸੋਸੀਏਸ਼ਨ ਆਫ ਸੀ.ਸੀ.ਟੀ.ਵੀ. ਪ੍ਰੋਫੈਸ਼ਨਲ ਹੁਸ਼ਿਆਰਪੁਰ ਦੀ ਇੱਕ ਮੀਟਿੰਗ ਹੋਈ। ਜਿਸ ਵਿੱਚ ਇਸ ਜਥੇਬੰਦੀ ਦੀ ਨਵੀਂ ਚੋਣ ਸਰਬਸੰਮਤੀ ਨਾਲ ਕੀਤੀ ਗਈ। ਪ੍ਰਧਾਨ ਬਲਜਿੰਦਰ ਸਿੰਘ, ਚੇਅਰਮੈਨ ਮਨਜੀਤ ਸਿੰਘ, ਜਨਰਲ ਸਕੱਤਰ ਅਮਿਤ ਸਾਜਨ, ਕੈਸ਼ੀਅਰ ਹਰਦਿਆਲ ਸਿੰਘ, ਵਾਈਸ ਪ੍ਰਧਾਨ ਸੰਦੀਪ ਕੁਮਾਰ, ਜੁਆਂਇਟ ਸੈਕਟਰੀ ਪੁਨੀਤ ਸ਼ਰਮਾ, ਜੁਇੰਟ ਕੈਸ਼ੀਅਰ ਸਰਬਦੀਪ ਸਿੰਘ, ਮੀਡੀਆ ਸਲਾਹਕਾਰ ਸਤਵਿੰਦਰ ਸਿੰਘ ਆਹਲੂਵਾਲੀਆ, ਟੀਮ ਕੋਆਰਡੀਨੇਟਰ ਹਿਮਾਂਸ਼ੂ ਅਨੰਦ, ਐਗਜੀਕਿਊਟਿਵ ਮੈਂਬਰ ਜਗਜੀਤ ਸਿੰਘ, ਨਵੀਨ ਕੁਮਾਰ ਕੌਸ਼ਲ, ਗੌਰਵ ਕੁਮਾਰ, ਅਰਜਨ ਸਿੰਘ, ਪਰਮਿੰਦਰ ਸਿੰਘ, ਅਨੂਪ ਸੈਣੀ, ਰਕੇਸ਼ ਕੁਮਾਰ, ਸੰਦੀਪ ਭਾਰਦਵਾਜ ਆਦਿ ਸਰਬਸੰਮਤੀ ਨਾਲ ਚੁਣੇ ਗਏ।

# ਬਦਲਾਅ ਵਾਲੀ ਪਾਰਟੀ ਦੀ ਬਦਲਾਖੋਰੀ ਤੋਂ ਲੋਕ ਤੰਗ ਆ ਚੁੱਕੇ : ਜਥੇਦਾਰ ਵਡਾਲਾ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**—ਰਿਸ਼ੀ ਨਗਰ ਮੁਹੱਲਾ ਨਕੋਦਰ ਸ਼ਹਿਰ ਵਿਖੇ ਲੋਕ ਸਭਾ ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਨਕੋਦਰ ਤੋਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿਹਾਤੀ ਦੀ ਅਗਵਾਈ ਵਿੱਚ ਸ਼ਹਿਰਾਂ ਵਿੱਚ ਭਰਮੀ ਲੋਕ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਵਡਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਲੋਕਾਂ ਕੋਲੋਂ ਵਿਕਾਸ ਦੇ ਨਾਂਅ ’ਤੇ ਵੋਟਾਂ ਮੰਗਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਤਕਰੀਬਨ ਤਿੰਨ ਸਾਲ ਕਾਰਜ ਕਾਲ ਦੌਰਾਨ ਹੋਇਆ ਕੋਈ ਇੱਕ ਵੀ ਵਿਕਾਸ ਕਾਰਜ ਦਿਖਾਵੇ। ਆਮ ਆਦਮੀ ਪਾਰਟੀ ਦੇ ਐਮਐਲਏ ਖਾਸ ਤੌਰ ’ਤੇ ਨਕੋਦਰ ਦੀ ਐਮਐਲਏ ਇੰਨੇ ਹੰਕਾਰ ਵਿੱਚ ਹਨ ਕਿ ਕਿਸੇ ਦੀ ਵੀ ਗੱਲ ਬਰਦਾਸ਼ਤ ਨਹੀਂ ਕਰਦੇ, ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਤੋਂ ਬਾਅਦ ਕਿਸੇ ਸਰਕਾਰ ਨੇ ਸੂਬੇ ਵਿੱਚ ਵਿਕਾਸ ਲਈ ਕੱਖ ਭੰਨ ਕੇ ਵੀ ਦੂਹਰਾ ਨਹੀਂ ਕੀਤਾ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕਿਸਾਨ ਵਿਰੋਧੀ ਹੋਣ ਕਾਰਨ ਪਿੰਡਾਂ ਵਿੱਚ ਵੜਨ ਦੀ ਹਿੰਮਤ ਨਹੀਂ ਕਰ ਰਹੇ। ਜਥੇਦਾਰ ਵਡਾਲਾ ਨੇ ਕਿਹਾ ਕਿ ਅਕਾਲੀ ਦਲ ਦੇ ਕਿਸਾਨੀ ਮਸਲਿਆਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਸਿੱਖ ਧਰਮ ਵਿੱਚ ਕੇਂਦਰ ਸਰਕਾਰ ਦੀ ਦਖਲ ਅੰਦਾਜੀ ਕਾਰਨ ਭਾਜਪਾ ਨਾਲ ਸਮਝੌਤਾ ਨਹੀਂ ਕੀਤਾ। ਉਨਾਂ ਕਿਹਾ ਕਿ ਇਸ ਵਾਰ ਜਲੰਧਰ ਦੇ ਲੋਕਾਂ ਨੂੰ ਲੰਬੇ ਅਰਸੇ ਤੋਂ ਬਾਅਦ ਮਹਿੰਦਰ ਸਿੰਘ ਕੇਪੀ ਸਾਫ ਸੁਥਰੀ ਸ਼ਖ਼ਸ਼ੀਅਤ ਵਾਲੇ ਲੋਕ ਸਭਾ ਉਮੀਦਵਾਰ ਵਾਰ ਮਿਲੇ ਹਨ, ਜਿਸ ਕਾਰਨ ਪੰਥਕ ਲੋਕਾਂ ਅਤੇ ਸਮੂਹ ਭਾਈਚਾਰਿਆਂ ਵਿੱਚ ਭਾਰੀ ਉਤਸ਼ਾਹ ਹੈ। ਇਸ ਮੌਕੇ ਰਮੇਸ਼ ਸੋਂਧੀ ਐਮਸੀ,ਅਮਰਜੀਤ ਸ਼ੇਰਪੁਰ ਐਮਸੀ, ਅਮਿਤ ਖੋਸਲਾ,ਬਾਬਾ ਦਰਸ਼ਨ ਸਿੰਘ ਦਰਸ਼ੀ, ਸਤਨਾਮ ਸਿੰਘ ਔਲਖ ਮੈਨੇਜਰ, ਹਰਜਿੰਦਰ ਸਿੰਘ ਰੇਲਵੇ ਰੋਡ, ਬੀਬੀ ਪਰਮਜੋਤ ਕੌਰ ਖਾਲਸਾ, ਬਲਵਿੰਦਰ ਮਾਨ,ਕੁਲਵੰਤ ਕੌੜਾ,ਗੁਰਮੇਲ ਟਾਂਡਾ,ਰਾਜਕੁਮਾਰ ਰਿੰਕੂ ਗਿੱਲ, ਲਖਬੀਰ ਸਿੰਘ ਚੰਨੀ, ਮਾਸਟਰ ਪਾਲਮ ਬਿਹਾਰ, ਦਵਿੰਦਰ ਸ਼ਰਮਾ,ਸਤਵੰਤ ਸਿੰਘ ਕਾਲਾ ਭਲਵਾਨ,ਰਾਜੇਸ਼ ਚਾਵਲਾ,ਐਡਵੋਕੇਟ ਗੌਰਵ ਨਾਗਰਾਜ,ਅਮਰਪ੍ਰੀਤ ਸਿੰਘ ਖੁਰਾਨਾ,ਇਕਬਾਲ ਸਿੰਘ ਲਾਕੜਾ,ਮਨਮੋਹਨ ਸਿੰਘ ਸਚਦੇਵਾ, ਭਗਵਾਨ ਸਿੰਘ ਪਰੂਥੀ, ਭੁਪਿੰਦਰ ਸਿੰਘ ਭਿੰਡਰ,ਪਾਰੁਲ ਨਕੋਦਰ ਤੇ ਅਨੇਕਾਂ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।.

# ਗਰਭ ਅਵਸਥਾ ਦੌਰਾਨ ਲਿੰਗ ਜਾਂਚ ਕਰਨਾ ਤੇ ਕਰਵਾਉਣਾ ਦੋਵੇਂ ਕਾਨੂੰਨਨ ਅਪਰਾਧ : ਡਾ. ਚਾਵਲਾ

**ਜਲੰਧਰ (ਸ਼ੈਲੀ ਐਲਬਰਟ)** - : ਸਿਹਤ ਵਿਭਾਗ ਜਲੰਧਰ ਵੱਲੋਂ ਸਿਵਲ ਸਰਜਨ ਡਾ. ਜਗਦੀਪ ਚਾਵਲਾ ਦੀ ਪ੍ਰਧਾਨਗੀ ਹੇਠ ਵੀਰਵਾਰ ਨੂੰ ਸਿਵਲ ਸਰਜਨ ਦਫ਼ਤਰ ਵਿਖੇ ਜ਼ਿਲ੍ਹਾ ਪੱਧਰੀ ਪੀ.ਸੀ.-ਪੀ.ਐੱਨ.ਡੀ.ਟੀ. ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿਚ ਅਲਟਰਾਸਾਊਂਡ ਸਕੈਨ ਤੇ ਡਾਇਗਨੌਸਟਿਕ ਸੈਂਟਰਾਂ ਦੀ ਨਵੀਂ ਰਜਿਸਟ੍ਰੇਸ਼ਨ ਅਤੇ ਅਲਟਰਾਸਾਊਂਡ ਸਕੈਨ ਤੇ ਡਾਇਗਨੌਸਟਿਕ ਸੈਂਟਰਾਂ ਦੀ ਰਜਿਸਟ੍ਰੇਸ਼ਨ ਰੀਨਿਊ ਕਰਵਾਉਣ ਲਈ ਪ੍ਰਾਪਤ ਹੋਈਆਂ ਪ੍ਰਤੀ ਬੇਨਤੀਆਂ ਸਮੇਤ ਵੱਖ-ਵੱਖ ਏਜੰਡਿਆਂ ਉੱਤੇ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਜਗਦੀਪ ਚਾਵਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਪੀ.ਸੀ.-ਪੀ.ਐੱਨ.ਡੀ.ਟੀ. ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਭਰੂਣ ਹੱਤਿਆ ਵਰਗੀ ਸਮਾਜਿਕ ਬੁਰਾਈ ਨੂੰ ਰੋਕਿਆ ਜਾ ਸਕੇ। ਇਸ ਐਕਟ ਦੀ ਉਲੰਘਣਾ ਕਰਨ ਵਾਲਿਆਂ ਤੇ ਸਿਹਤ ਵਿਭਾਗ ਦੀ ਪੈਨੀ ਨਜ਼ਰ ਹੈ ਅਤੇ ਜ਼ਿਲ੍ਹੇ ਵਿਚ ਨਿਰੰਤਰ ਅਲਟਰਾਸਾਊਂਡ ਸੈਂਟਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਲੜਕੇ-ਲੜਕੀ ਦੇ ਲਿੰਗ ਅਨੁਪਾਤ ਦੇ ਪਾੜ੍ਹੇ ਨੂੰ ਘੱਟ ਕਰਨ ਲਈ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਹਰ ਵਰਗ ਨੂੰ ਸਹਿਯੋਗ ਲਈ ਅੱਗੇ ਆਉਣਾ ਚਾਹੀਦਾ ਹੈ।। ਉਨ੍ਹਾਂ ਦੱਸਿਆ ਕਿ ਗਰਭ ਅਵਸਥਾ ਚ ਲਿੰਗ ਜਾਂਚ ਕਰਨਾ ਅਤੇ ਕਰਵਾਉਣਾ ਦੋਵੇਂ ਕਾਨੂੰਨਨ ਅਪਰਾਧ ਹੈ।

ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਕਮ ਨੋਡਲ ਅਫਸਰ ਪੀ.ਸੀ.-ਪੀ.ਐਨ.ਡੀ.ਟੀ. ਡਾ. ਮਨਦੀਪ ਕੌਰ ਨੇ ਦੱਸਿਆ ਕਿ ਤਿੰਨ ਨਵੇਂ ਸਕੈਨ ਸੈਂਟਰਾਂ ਵਲੋਂ ਰਜਿਸਟ੍ਰੇਸ਼ਨ ਕਰਵਾਉਣ ਲਈ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ਸਨ, ਦਸਤਾਵੇਜ਼ ਵਾਚਣ ਉਪਰੰਤ ਲੋੜੀਂਦੀ ਕਾਰਵਾਈ ਪੂਰੀ ਹੋਣ ਤੇ ਕਮੇਟੀ ਵੱਲੋਂ ਇਨ੍ਹਾਂ ਤਿੰਨ ਨਵੇਂ ਸਕੈਨ ਸੈਂਟਰਾਂ ਨੂੰ ਮਨਜੂਰੀ ਦੇ ਦਿੱਤੀ ਗਈ। ਇਸ ਤੋਂ ਇਲਾਵਾ ਚਾਰ ਸਕੈਨ ਸੈਂਟਰਾਂ ਵਲੋਂ ਰਜਿਸਟ੍ਰੇਸ਼ਨ ਰੀਨਿਊ ਕਰਵਾਉਣ ਲਈ ਪ੍ਰਤੀ ਬੇਨਤੀਆਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਨੂੰ ਲੋੜੀਂਦੇ ਦਸਤਾਵੇਜ ਪੂਰੇ ਹੋਣ ਅਤੇ ਕਮੇਟੀ ਮੈਂਬਰਾਂ ਵਲੋਂ ਪੜਚੋਲ ਕਰਨ ਉਪਰੰਤ ਮਨਜ਼ੂਰੀ ਦੇ ਦਿੱਤੀ ਗਈ। ਮੀਟਿੰਗ ਵਿੱਚ ਕਮੇਟੀ ਮੈਂਬਰ ਐਸ.ਐਮ.ਓ. ਡਾ. ਵਰਿੰਦਰ ਕੌਰ ਥਿੰਦ, ਡਾ. ਅਭਿਨਵ ਸ਼ੂਰ, ਸਹਾਇਕ ਜ਼ਿਲ੍ਹਾ ਅਟਾਰਨੀ ਸ੍ਰੀ ਗਗਨਦੀਪ, ਸੰਦੀਪ ਭਾਟੀਆ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਗੁਰਦੀਪ ਸਿੰਘ, ਜ਼ਿਲ੍ਹਾ ਪੀ.ਸੀ.-ਪੀ.ਐਨ.ਡੀ.ਟੀ. ਕੋਆਰਡੀਨੇਟਰ ਦੀਪਕ ਬਪੋਰੀਆ ਮੌਜੂਦ ਸਨ।

# ਸਿਬਿਨ ਸੀ ਵੱਲੋਂ ਡੀ ਸੀਜ਼ ਤੇ ਐੱਸ ਐੱਸ ਪੀਜ਼ ਨੂੰ ਨਿਗਰਾਨੀ ਵਧਾਉਣ ਦੇ ਨਿਰਦੇਸ਼

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸੂਬੇ ਵਿੱਚ ਲੋਕ ਸਭਾ ਚੋਣਾਂ 2024 ਦੌਰਾਨ ਪਾਰਦਰਸ਼ੀ ਅਤੇ ਨਿਰਪੱਖ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਦੇ ਨਾਲ-ਨਾਲ ਵੱਧ ਤੋਂ ਵੱਧ ਵੋਟਿੰਗ ਫੀਸਦ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰਾਂ (ਡੀਸੀਜ਼) ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀਜ਼) ਨੂੰ ਵਿਆਪਕ ਨਿਰਦੇਸ਼ ਜਾਰੀ ਕੀਤੇ ਹਨ।ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਮੁੱਖ ਚੋਣ ਅਧਿਕਾਰੀ ਨੇ ਅਧਿਕਾਰੀਆਂ ਨੂੰ ਵੋਟਾਂ ਤੋਂ ਪਹਿਲਾਂ ਦੇ 48 ਘੰਟਿਆਂ ਦੌਰਾਨ ਹਲਕੇ ਤੋਂ ਬਾਹਰਲੇ ਲੋਕਾਂ ਦੀ ਆਵਾਜਾਈ ’ਤੇ ਤਿੱਖੀ ਨਜ਼ਰ ਰੱਖਅ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਫਲਾਇੰਗ ਸਕੁਐਡ ਅਤੇ ਸਟੈਟਿਕ ਸਰਵੇਲੈਂਸ ਟੀਮਾਂ ਨੂੰ ਵੀ ਪੋਲਿੰਗ ਖ਼ਤਮ ਹੋਣ ਤੱਕ ਚੌਕਸੀ ਵਧਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਵਾਲੀ ਰਾਤ ਨੂੰ ਜ਼ਿਆਦਾ ਸ਼ਿਕਾਇਤਾਂ ਪ੍ਰਾਪਤ ਹੋਣ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਸਿਬਿਨ ਸੀ ਨੇ ਦੱਸਿਆ ਕਿ ਪੋਲਿੰਗ ਸਟੇਸ਼ਨਾਂ ’ਤੇ ਮੋਬਾਈਲ ਫੋਨ ਜਾਂ ਹੋਰ ਇਲੈਕਟ੍ਰਾਨਿਕ ਉਪਕਰਨ ਲਿਜਾਣ ਜਾਂ ਇਸਦੀ ਵਰਤੋਂ ਦੀ ਸਖ਼ਤ ਮਨਾਹੀ ਹੈ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੇ ਸਬੰਧ ਵਿੱਚ ਸਿਬਿਨ ਸੀ ਨੇ ਕਿਸੇ ਵੀ ਖ਼ਰਾਬ ਜਾਂ ਸਹੀ ਢੰਗ ਨਾਲ ਕੰਮ ਨਾ ਕਰਨ ਵਾਲੀ ਈ.ਵੀ.ਐਮ. ਮਸ਼ੀਨ ਨੂੰ 10-20 ਮਿੰਟਾਂ ਦੇ ਅੰਦਰ-ਅੰਦਰ ਤੁਰੰਤ ਬਦਲਣ ਦੀ ਹਦਾਇਤ ਕੀਤੀ ਹੈ। ਮੁੱਖ ਚੋਣ ਅਧਿਕਾਰੀ ਨੇ ਪੋਲਿੰਗ ਸਟਾਫ਼ ਦੀ ਸਹੂਲਤ ਲਈ ਪੋਲਿੰਗ ਸਟੇਸ਼ਨਾਂ ਅਤੇ ਡਿਸਟ੍ਰੀਬਿਊਸ਼ਨ ਤੇ ਰਿਸੀਵਿੰਗ ਸੈਂਟਰਾਂ ’ਤੇ ਖਾਣ-ਪੀਣ ਅਤੇ ਰਿਹਾਇਸ਼ ਦੇ ਉਚਿਤ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਵੋਟਿੰਗ ਤੋਂ ਬਾਅਦ ਪੋਲਿੰਗ ਸਟਾਫ਼ ਦੇ ਘਰ ਜਾਣ ਲਈ ਟਰਾਂਸਪੋਰਟ ਦੇ ਢੁੱਕਵੇਂ ਪ੍ਰਬੰਧ ਕਰਨ ਤੋਂ ਇਲਾਵਾ ਸਟਾਫ਼ ਨੂੰ ਮਾਣਭੱਤੇ ਦੀ ਸਮੇਂ ਸਿਰ ਵੰਡ ਨੂੰ ਯਕੀਨੀ ਬਣਾਇਆ ਜਾਵੇ। ਸਿਬਿਨ ਸੀ ਨੇ ਅਧਿਕਾਰੀਆਂ ਵੱਲੋਂ ਹੁਣ ਤੱਕ ਕੀਤੇ ਗਏ ਕੰਮਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਪਣੇ ਯਤਨ ਜਾਰੀ ਰੱਖਣ ਲਈ ਕਿਹਾ ਤਾਂ ਜੋ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਨੇਪਰੇ ਚਾੜ੍ਹਿਆ ਸਕੇ ਅਤੇ ਕਿਸੇ ਵੀ ਬੂਥ ’ਤੇ ਮੁੜ ਚੋਣ ਕਰਾਉਣ ਦੀ ਨੌਬਤ ਨਾ ਆਵੇ।

# ਦਵਾਈਆਂ ਨਾ ਮਿਲਣ ਕਾਰਨ ਮਰੀਜ਼ ਹੋ ਰਹੇ ਨੇ ਪ੍ਰੇਸ਼ਾਨ




**ਨੂਰਮਹਿਲ( ਬਾਲ ਕ੍ਰਿਸ਼ਨ ਬਾਲੀ )** -ਨੂਰਮਹਿਲ ਦੇ ਸਿਵਲ ਹਸਪਤਾਲ ਵਿਚ ਦਵਾਈਆਂ ਨਾ ਮਿਲਣ ਕਾਰਣ ਮਰੀਜ਼ ਪ੍ਰੇਸ਼ਾਨ ਹੋ ਰਹੇ ਹਨ। ਦੀਪਕ ਕੁਮਾਰ ਉਰਫ਼ ਦੀਪੂ ਕੌਂਸਲਰ ਨੇ ਦੱਸਿਆ ਕਿ ਹਸਪਤਾਲ ਵਿਚ ਦਵਾਈਆਂ ਦੇਣ ਵਾਲਾ ਡਾਕਟਰ ਤਿੰਨ ਚਾਰ ਦਿਨ ਤੋਂ ਨਹੀਂ ਹੈ। ਜਿਸ ਕਾਰਨ ਮਰੀਜ਼ਾਂ ਨੂੰ ਉੱਥੋਂ ਵਾਪਸ ਮੁੜਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲਦੀ ਦਵਾਈਆਂ ਦੇਣ ਵਾਲਾ ਡਾਕਟਰ ਲਿਆਂਦਾ ਜਾਵੇ ਤਾਂ ਜੋ ਮਰੀਜ਼ ਪ੍ਰੇਸ਼ਾਨ ਨਾ ਹੋਣ। ਜਦੋਂ ਇਸ ਸੰਬੰਧੀ ਐੱਸ. ਐੱਮ .ਓ ਡਾ. ਵੀਨਾ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਦੋ ਵਾਰ ਫੋਨ ਵਿਅਸਤ ਕਰ ਦਿੱਤਾ।

# ਟੀ ਯੂ ਆਈ ਦੀ ਪੰਜਵੀਂ ਕਾਂਗਰਸ ’ਚ ਗੁਲਜ਼ਾਰ ਸਿੰਘ ਗੋਰੀਆ ਦਾ ਭਾਸ਼ਣ... (ਸਫਾ 4 ਦੀ ਬਾਕੀ)

ਕਿਸਾਨਾਂ ਨੇ ਜਦੋਂ ਅੰਦੋਲਨ ਮੁਅੱਤਲ ਕੀਤਾ ਤਾਂ ਸਰਕਾਰ ਨੇ ਕਾਨੂੰਨ ਰੱਦ ਕਰਨ ਦੇ ਨਾਲ-ਨਾਲ ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਮੰਗਾਂ ’ਤੇ ਸਕਾਰਾਤਮਿਕ ਤਰੀਕੇ ਨਾਲ ਵਿਚਾਰ ਕਰਨ ਦਾ ਭਰੋਸਾ ਦਿੱਤਾ ਸੀ। ਸਰਕਾਰ ਆਪਣੇ ਵਾਅਦਿਆਂ ਤੋਂ ਪਿੱਛੇ ਹਟ ਗਈ ਹੈ ਅਤੇ ਦੇਸ਼ ਭਰ ਦੇ ਕਿਸਾਨ ਫਿਰ ਅੰਦੋਲਨ ਦੇ ਰਾਹ ’ਤੇ ਹਨ। ਖੇਤ ਮਜ਼ਦੂਰ ਵੀ ਇਸ ਅੰਦੋਲਨ ਦਾ ਹਿੱਸਾ ਹਨ।

ਭਾਰਤ ਵਿੱਚ ਬੇਰੁਜ਼ਗਾਰੀ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਹੈ। ਖੇਤ ਮਜ਼ਦੂਰਾਂ ਨੂੰ ਵੀ ਸਾਲ ਦੇ ਵੱਡੇ ਹਿੱਸੇ ਵਿੱਚ ਕੰਮ ਨਹੀਂ ਮਿਲਦਾ। ਜਦੋਂ ਖੇਤੀ ਵਿੱਚ ਕੰਮ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਅੰਤਿਮ ਸਹਾਰਾ ਮਨਰੇਗਾ ਯੋਜਨਾ ਤਹਿਤ ਕੰਮ ਕਰਨਾ ਹੁੰਦਾ ਹੈ, ਪਰ ਇਸ ਵਿੱਚ ਮਜ਼ਦੂਰੀ ਬਹੁਤ ਘੱਟ ਹੈ। ਇੱਕ ਪਰਵਾਰ ਨੂੰ ਸਾਲ ਵਿੱਚ ਸਿਰਫ 100 ਦਿਨ ਹੀ ਕੰਮ ਮਿਲਦਾ ਹੈ। ਕੇਂਦਰ ਸਰਕਾਰ ਨੇ ਮਨਰੇਗਾ ਦੇ ਬੱਜਟ ਵਿੱਚ ਵੱਡਾ ਕੱਟ ਲਾ ਦਿੱਤਾ ਹੈ।

ਭਾਰਤ ਵਿੱਚ ਮਜ਼ਦੂਰੀ ਦੀ ਦਰ ਬਹੁਤ ਘੱਟ ਹੈ। ਗੁਜ਼ਾਰਾ ਪੱਧਰ ਤੋਂ ਵੀ ਘੱਟ। ਕੌੜਾ ਸੱਚ ਇਹ ਹੈ ਕਿ 2014 ਤੋਂ ਬਾਅਦ ਉਨ੍ਹਾਂ ਦੀ ਅਸਲ ਮਜ਼ਦੂਰੀ ਵਿੱਚ ਕਮੀ ਆਈ ਹੈ। ਕਿਰਤ ਕਾਨੂੰਨਾਂ ਵਿੱਚ ਘੱਟ ਤੋਂ ਘੱਟ ਵੇਤਨ ਦਾ ਪ੍ਰਸਤਾਵ ਹੈ, ਜਿਸ ਦਾ ਕਦੇ ਵੀ ਸਨਮਾਨ ਨਹੀਂ ਕੀਤਾ ਗਿਆ। ਜਿੱਥੋਂ ਤੱਕ ਖੇਤ ਮਜ਼ਦੂਰਾਂ ਦਾ ਸਵਾਲ ਹੈ, ਉਹਨਾਂ ਲਈ ਘੱਟੋ-ਘੱਟ ਮਜ਼ਦੂਰੀ ਦੇ ਕਾਨੂੰਨ ਦਾ ਕੋਈ ਮਤਲਬ ਨਹੀਂ ਹੈ। ਇਸ ਨੂੰ ਕਦੇ ਵੀ ਲਾਗੂ ਨਹੀਂ ਕੀਤਾ ਗਿਆ। ਪਰੇਸ਼ਾਨ ਕਰਨ ਵਾਲੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਰੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਰਹਿੰਦੀਆਂ ਹਨ, ਪਰ ਮਜ਼ਦੂਰੀ ਸਥਿਰ ਰਹਿੰਦੀ ਹੈ ਜਾਂ ਘੱਟ ਹੋ ਜਾਂਦੀ ਹੈ।

ਖੇਤ ਮਜ਼ਦੂਰਾਂ ਦੀਆਂ ਪ੍ਰਮੁੱਖ ਸਮੱਸਿਆਵਾਂ ਵਿੱਚ ਸ਼ਾਮਲ ਹਨ-: ਕੰਮ ਦੇ ਕੋਈ ਨਿਸ਼ਚਿਤ ਘੰਟੇ ਨਾ ਹੋਣਾ, ਮੌਸਮੀ ਰੋਜ਼ਗਾਰ, ਘੱਟ ਮਜ਼ਦੂਰੀ, ਔਰਤ ਮਜ਼ਦੂਰਾਂ ਦਾ ਸ਼ੋਸ਼ਣ, ਦੂਸਰੇ ਰਾਜਾਂ ਤੋਂ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ’ਚ ਵਾਧਾ, ਅਕੁਸ਼ਲਤਾ ਅਤੇ ਕਿਸੇ ਵੀ ਪੇਸ਼ਾਵਰ ਹੁਨਰ ਦੀ ਘਾਟ ਅਤੇ ਤਰਸਯੋਗ ਸਮਾਜਿਕ ਸਥਿਤੀ ਆਦਿ।

ਸਾਡੀ ਜਥੇਬੰਦੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦਾ ਨਵੰਬਰ 2023 ਵਿੱਚ 15ਵਾਂ ਕੌਮੀ ਸੰਮੇਲਨ ਹੋਇਆ ਸੀ। ਇਸ ਵਿੱਚ ਟੀ ਯੂ ਆਈ ਦੇ ਜਨਰਲ ਸਕੱਤਰ ਜੂਲੀਅਨ ਹੱਕ ਅਤੇ ਇੱਕ ਹੋਰ ਸਾਥੀ ਨੇ ਸ਼ਾਮਲ ਹੋ ਕੇ ਆਪਣੇ ਵਿਚਾਰ ਰੱਖੇ ਸਨ।

ਸਾਡੀਆਂ ਪ੍ਰਮੁੱਖ ਮੰਗਾਂ ਵਿੱਚ ਸ਼ਾਮਲ ਹਨ-: ਮਨਰੇਗਾ ਤਹਿਤ 700 ਰੁਪਏ ਦਿਹਾੜੀ, ਸਾਲ ਵਿੱਚ 200 ਦਿਨ ਕੰਮ, ਪਖਾਨਾ ਅਤੇ ਰਸੋਈ ਆਦਿ ਦੇ ਨਾਲ ਵਸਣ ਜੋਗੀ ਜ਼ਮੀਨ ਤੇ ਪੱਕਾ ਘਰ, 60 ਸਾਲਾਂ ਦੀ ਉਮਰ ਤੋਂ ਬਾਅਦ 6000 ਰੁਪਏ ਮਹੀਨਾ ਪੈਨਸ਼ਨ, ਬੇਜ਼ਮੀਨਿਆਂ ਨੂੰ ਜ਼ਮੀਨ, ਸਰਵਜਨਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਖੇਤ ਮਜ਼ਦੂਰਾਂ ’ਤੇ ਅੱਤਿਆਚਾਰ ਬੰਦ ਹੋਣ, ਕਰਜ਼ੇ ਮਾਫ ਕੀਤੇ ਜਾਣ ਅਤੇ ਖੇਤ ਮਜ਼ਦੂਰਾਂ ਲਈ ਕੇਂਦਰੀ ਕਾਨੂੰਨ ਬਣਾਉਣਾ ਆਦਿ।

ਸਾਡੇ ਰਾਸ਼ਟਰੀ ਸੰਮੇਲਨ ਵਿੱਚ ਲਏ ਫੈਸਲੇ ਲਾਗੂ ਕਰਨ ਲਈ ਅਸੀਂ ਪ੍ਰੋਗਰਾਮ ਬਣਾ ਰਹੇ ਹਾਂ। ਅਸੀਂ ਆਪਣੇ ਸੰਘਰਸ਼ਾਂ ਨੂੰ ਆਜ਼ਾਦ ਅਤੇ ਸਾਂਝੇ ਰੂਪ ਵਿੱਚ ਚਲਾਉਣ ਲਈ ਖੇਤ ਮਜ਼ਦੂਰਾਂ ਦੇ ਵੱਖਰੇ -ਵੱਖਰੇ ਸੰਗਠਨਾਂ ਨਾਲ ਵੱਧ ਤੋਂ ਵੱਧ ਏਕਤਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਇਸ ਦਿਸ਼ਾ ਵਿੱਚ ਕੁਝ ਸਫਲਤਾ ਹਾਸਲ ਕੀਤੀ ਹੈ।

ਮੈਨੂੰ ਉਮੀਦ ਹੈ ਕਿ ਟੀ ਯੂ ਆਈ ਦੀ ਇਸ ਪੰਜਵੀਂ ਅੰਤਰ-ਰਾਸ਼ਟਰੀ ਕਾਨਫਰੰਸ ਦੌਰਾਨ ਵਿਚਾਰ ਚਰਚਾ ਤੋਂ ਖੇਤ ਮਜ਼ਦੂਰਾਂ ਦੀਆਂ ਆਮ ਸਮੱਸਿਆਵਾਂ ਨੂੰ ਸਮਝਣ ਅਤੇ ਮੰਗਾਂ ਲਈ ਅਗਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨ ਲਈ ਮਦਦ ਮਿਲੇਗੀ।

ਟੀ.ਯੂ.ਆਈ ਜ਼ਿੰਦਾਬਾਦ
ਖੇਤ ਮਜ਼ਦੂਰਾਂ ਦੀ ਏਕਤਾ ਜ਼ਿੰਦਾਬਾਦ
ਮਜ਼ਦੂਰ ਵਰਗ ਦੀ ਏਕਤਾ ਜ਼ਿੰਦਾਬਾਦ
ਸਾਮਰਾਜਵਾਦ ਮੁਰਦਾਬਾਦ

ਮੋਬਾਇਲ-98725-40447

# ਸਰਕਾਰੀ ਹਸਪਤਾਲ ’ਚ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਸੀਨੀਅਰ ਮੈਡੀਕਲ ਅਫਸਰ ਦੀ ਯੋਗ ਅਗਵਾਈ ਹੇਠ ਸਰਕਾਰੀ ਹਸਪਤਾਲ ਟਾਂਡਾ ਅਤੇ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਡਾਕਟਰ ਸੈਣੀ ਨੇ ਦੱਸਿਆ ਕਿ ਇਹ ਦਿਹਾੜਾ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਤੰਬਾਕੂ ਤੋਂ ਹੋਣ ਵਾਲੀਆਂ ਬਿਮਾਰੀਆਂ ਅਤੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਹੈ ਉਹਨਾਂ ਦੱਸਿਆ ਕਿ ਭਾਰਤ ਵਿੱਚ ਤੰਬਾਕੂ ਦੀ ਵਰਤੋਂ ਨਾਲ ਹਰ ਸਾਲ 1.3 ਮਿਲੀਅਨ ਮੌਤਾਂ ਹੁੰਦੀਆਂ ਹਨ ਜੋ ਕਿ ਪ੍ਰਤੀ ਦਿਨ ਦਾ ਅੰਕੜਾ ਲਗਭਗ 3500 ਬਣਦਾ ਹੈ ਇਸ ਤੋਂ ਇਲਾਵਾ ਸਮਾਜਿਕ ਅਤੇ ਆਰਥਿਕ ਬੋਝ ਪੈਂਦਾ ਹੈ ਜੋ ਕਿ 1.77 ਲੱਖ ਕਰੋੜ ਰੁਪਇਆ ਬਣਦਾ ਹੈ ਅੱਗੇ ਜਾਣਕਾਰੀ ਦਿੰਦੇਆ ਡਾਕਟਰ ਸੈਣੀ ਨੇ ਦੱਸਿਆ ਕਿ ਤੰਬਾਕੂ ਪੀਣ ਵਾਲੇ ਆਦਮੀ ਲਾਗੇ ਖੜੇ ਆਦਮੀਆਂ ਨੂੰ ਵੀ 3 ਤਰਿਕਿਆ ਨਾਲ ਪ੍ਰਭਾਵਿਤ ਕਰਦਾ ਹੈ। ਉਹਨਾਂ ਸਮੂਹ ਸਟਾਫ ਨੂੰ ਸੌਂਹ ਚੁਕਾਈ ਕਿ ਹਰੇਕ ਸਟਾਫ ਮੈਂਬਰ 3 ਆਦਮੀਆਂ ਨੂੰ ਇਹ ਸੌਂਹ ਅੱਜ ਹੀ ਚੁਕਾਵੇਗਾ ਤਾ ਜੋ ਲੋਕਾਂ ਵਿਚ ਵੱਧ ਤੋਂ ਵੱਧ ਜਾਗਰੂਕਤਾ ਫੈਲ ਸਕੇ ਅਤੇ ਆਮ ਜਨਤਾ ਇਸ ਦੇ ਬੁਰੇ ਪ੍ਰਭਾਵ ਤੋਂ ਬਚ ਸਕੇ। ਇਸ ਮੌਕੇ ਡਾ: ਵਿਕਰਮ ਸਿੰਘ, ਡਾ :ਸੋਨੀਆ, ਡਾ: ਕਰਨ ਸਿੰਘ ਵਿਰਕ, ਕੁਲਬੀਰ ਸਿੰਘ, ਗੁਰਜੀਤ ਸਿੰਘ, ਰੰਜੀਵਪਾਲ ਸਿੰਘ, ਜਤਿੰਦਰ ਸਿੰਘ, ਅਵਤਾਰ ਸਿੰਘ, ਵਿਨੋਦ ਕੁਮਾਰ ,ਡਾ: ਦੀਪਕ, ਬਿੰਦਰਾ ਰਾਣੀ, ਪਰਮਿੰਦਰ ਕੌਰ, ਪ੍ਰਮਜੀਤ ਕੌਰ, ਹਰਿੰਦਰ ਕੌਰ, ਰਕੇਸ਼ ਕੁਮਾਰ, ਬੇਅੰਤ ਰਾਮ ਅਤੇ ਜਸਵਿੰਦਰ ਕੁਮਾਰ ਆਦਿ ਹਾਜਰ ਸਨ।

# ਖੇਤਾਂ ’ਚ ਅੱਗ ਲਾਉਣ ਨਾਲ ਵੀ ਗਰਮੀ ’ਚ ਹੋ ਰਿਹੈ ਵਾਧਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਪੰਜਾਬ ਵਿਚ ਪੈ ਰਹੀ ਗਰਮੀ ਕਾਰਨ ਲੋਕਾਂ ਦਾ ਘਰਾਂ ਵਿਚੋਂ ਨਿਕਲਣਾ ਬਹੁਤ ਹੀ ਘੱਟ ਗਿਆ ਹੈ। ਜਿਸ ਕਾਰਨ ਬਜ਼ਾਰਾਂ ਵਿਚ ਰੌਣਕ ਨਾ ਮਾਤਰ ਰਹਿ ਗਈ ਹੈ। ਬੀਤੇ ਦਿਨੀ ਤਾਪਮਾਨ 46.47 ਡਿਗਰੀ ਤੱਕ ਪਹੁੰਚ ਗਿਆ। ਜਦ ਕਿ ਦਿੱਲੀ ਵਿਚ 52 ਡਿਗਰੀ ਨੋਟ ਕੀਤਾ ਗਿਆ। ਇਕ ਤਾਂ ਪੰਜਾਬ ਵਿਚ ਗਰਮੀ ਜ਼ੋਰਾਂ ’ਤੇ ਹੈ, ਦੂਜੇ ਪਾਸੇ ਲੋਕ ਅੱਗਾਂ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਲੋਕਾਂ ਵੱਲੋਂ ਆਪਣੇ ਖੇਤਾਂ ਵਿਚ ਅੱਗ ਲਾਉਣ ਦਾ ਸਿਲਸਿਲਾ ਜਾਰੀ ਹੈ। ਬੀਤੇ ਦਿਨੀ ਪਿੰਡ ਸੰਘੇ ਜਗੀਰ ਕੋਲ ਇਕ ਕਿਸਾਨ ਵੱਲੋਂ ਆਪਣੇ ਖੇਤਾਂ ਨੂੰ ਲਾਈ ਅੱਗ ਕਾਰਨ ਬੱਸ ਤੇ ਟਰੱਕ ਵਿਚ ਭਿਆਨਕ ਟੱਕਰ ਹੋ ਗਈ। ਜਿਸ ਨਾਲ ਕੁੱਝ ਸਵਾਰੀਆਂ ਨੂੰ ਸੱਟਾਂ ਲੱਗੀਆਂ। ਅਜਿਹਾ ਹਰ ਰੋਜ਼ ਹੀ ਹੋ ਰਿਹਾ ਹੈ। ਵੋਟਾਂ ਦੀ ਰਾਜਨੀਤੀ ਕਾਰਨ ਇਨ੍ਹਾਂ ਉੱਪਰ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਅੱਗ ਲਾਉਣ ਨਾਲ ਗਰਮੀ ਦਾ ਤਾਪਮਾਨ ਹੋਰ ਵੱਧਦਾ ਜਾ ਰਿਹਾ ਹੈ ਤੇ ਸੜਕ ਕਿਨਾਰੇ ਲੱਗੇ ਦਰਖਤ ਵੀ ਇਸ ਦੀ ਲਪੇਟ ਵਿਚ ਆ ਰਹੇ ਹਨ। ਸ਼ਾਇਦ ਅੱਗਾਂ ਲਾਉਣ ਵਾਲੇ ਵਿਅਕਤੀਆਂ ਨੂੰ ਇਹ ਭੁੱਲ ਗਿਆ ਹੈ ਕਿ ਉਹ ਵੀ ਇਸਦੀ ਲਪੇਟ ਵਿੱਚ ਆ ਸਕਦੇ ਹਨ।

# ਸਰਬ ਸਾਂਝੀਵਾਲਤਾ ਦੇ ਸੰਦੇਸ਼ 'ਤੇ ਪਹਿਰਾ ਦਿਆਂਗਾ : ਕਰਮਜੀਤ ਅਨਮੋਲ



**ਬਾਘਾ ਪੁਰਾਣਾ (ਮਨੀ ਸਿੰਗਲਾ)** ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਉਹ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੇ ਸੰਦੇਸ਼ ਉੱਪਰ ਪਹਿਰਾ ਦੇ ਕੇ ਸਾਰੇ ਵਰਗਾਂ ਦੀ ਖ਼ੁਸ਼ਹਾਲੀ ਲਈ ਦਿਨ-ਰਾਤ ਕੰਮ ਕਰਨਗੇ।

ਕਰਮਜੀਤ ਅਨਮੋਲ ਵੀਰਵਾਰ ਨੂੰ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਅਜੀਤਵਾਲ, ਨਿਹਾਲ ਸਿੰਘ ਵਾਲਾ ਤੋਂ ਸ਼ੁਰੂ ਕੀਤੇ ਵਿਸ਼ਾਲ ਰੋਡ ਸ਼ੋਅ ਦੀ ਸਮਾਪਤੀ ਮੌਕੇ ਬਾਘਾ ਪੁਰਾਣਾ ਹਲਕੇ ਦੇ ਪਿੰਡ ਸਮਾਲਸਰ ਵਿਖੇ ਸੰਬੋਧਨ ਕਰ ਰਹੇ ਸਨ।ਰੋਡ ਸ਼ੋਅ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਤੇ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੋਂ ਇਲਾਵਾ ਫ਼ਿਲਮ ਇੰਡਸਟਰੀ ਦੀਆਂ ਇੱਕ ਦਰਜਨ ਤੋਂ ਵੱਧ ਨਾਮੀ ਹਸਤੀਆਂ ਮੌਜੂਦ ਸਨ, ਜਿਨ੍ਹਾਂ ਵਿੱਚ ਜੱਸੀ ਗਿੱਲ, ਸਿੱਪੀ ਗਿੱਲ, ਰੌਸ਼ਨ ਪ੍ਰਿੰਸ, ਮਲਕੀਤ ਰੌਣੀ, ਪ੍ਰੀਤ ਹਰਪਾਲ, ਬੀ ਐੱਨ ਸ਼ਰਮਾ, ਰੁਪਿੰਦਰ ਰੂਪੀ, ਗੁਰਮੀਤ ਸਾਜਨ, ਨਿਸ਼ਾ ਬਾਨੋ, ਪ੍ਰਭ ਗਰੇਵਾਲ, ਪਰਮਿੰਦਰ ਗਿੱਲ, ਸੀਮਾ ਕੌਸ਼ਲ, ਸਿਕੰਦਰ ਸਲੀਮ, ਜਸ ਗਰੇਵਾਲ, ਨਰੇਸ਼ ਕਥੂਰੀਆ, ਸਮੀਰ ਮਾਹੀ, ਵਰਿੰਦਰ ਬਨੀ ਤੇ ਮਨਜੀਤ ਟੋਨੀ ਸ਼ਾਮਲ ਸਨ। ਕਰਮਜੀਤ ਅਨਮੋਲ ਨੇ ਵੋਟਾਂ ਨੂੰ ਲੋਕਤੰਤਰ ਦਾ ਮਹਾਂਉਤਸਵ ਕਰਾਰ ਦਿੰਦਿਆਂ ਅਪੀਲ ਕੀਤੀ ਕਿ ਉਹ ਸਿਆਸੀ ਲੀਡਰਾਂ ਲਈ ਭਾਵਕ ਹੋ ਕੇ ਆਪਸੀ ਵੈਰ ਵਿਰੋਧ ਨਾ ਪਾਉਣ।ਆਪਸੀ ਸਦਭਾਵਨਾ ਤੇ ਭਾਈਚਾਰਕ ਸਾਂਝ ਬਣਾ ਕੇ ਰੱਖਣ।ਉਨ੍ਹਾ ਕਿਹਾ ਕਿ ਆਪਾਂ ਗੁਰੂਆਂ ਵੱਲੋਂ ਸਰਬ ਸਾਂਝੀਵਾਲਤਾ ਦੇ ਸੰਦੇਸ਼ ਉੱਤੇ ਪਹਿਰਾ ਦੇਣਾ ਹੈ ਤੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਹੈ।ਵਾਤਾਵਰਨ ਦੀ ਹਰਿਆਲੀ ਤੇ ਸਭ ਦੀ ਖ਼ੁਸ਼ਹਾਲੀ ਸਾਡਾ ਮੁੱਖ ਮਕਸਦ ਹੈ।ਮੈਂ ਇਸ ਮਕਸਦ ਦੀ ਪੂਰਤੀ ਲਈ ਦਿਨ-ਰਾਤ ਸੇਵਾ ਵਿੱਚ ਹਾਜ਼ਰ ਰਹਾਂਗਾ।ਕਰਮਜੀਤ ਅਨਮੋਲ ਨੇ ਸੈਂਕੜੇ ਕਾਰਾਂ ਤੇ ਮੋਟਰਸਾਈਕਲਾਂ ਦੇ ਕਈ ਕਿੱਲੋਮੀਟਰ ਲੰਬੇ ਕਾਫ਼ਲੇ ਲਈ ਪਾਰਟੀ ਲੀਡਰਾਂ ਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿੰਨੀ ਮਿਹਨਤ ਤੇ ਉਤਸ਼ਾਹ ਨਾਲ ਚੋਣ ਪ੍ਰਚਾਰ ਕੀਤਾ ਹੈ, ਹਲਕੇ ਦੇ ਲੋਕਾਂ ਵੱਲੋਂ ਉਸ ਤੋਂ ਵੱਧ ਹੁੰਗਾਰਾ ਤੇ ਪਿਆਰ ਮਿਲਿਆ।ਵੱਡੀ ਜਿੱਤ ਤੈਅ ਹੈ, ਪਰ ਅਸੀਂ ਚਾਰ ਜੂਨ ਕੋਈ ਜਸ਼ਨ ਨਹੀਂ ਮਨਾਵਾਂਗੇ, ਕਿਉਂਕਿ ਇਹ ਤਾਰੀਖ਼ ਕੌਮ ਦੇ ਤਰਾਸਦੀ ਭਰੇ ਘੱਲੂਘਾਰੇ ਦੀ ਤਾਰੀਖ਼ ਹੈ।ਕਰਮਜੀਤ ਅਨਮੋਲ ਨੇ ਰੋਡ ਸ਼ੋਅ ਸ਼ੁਰੂ ਕਰਨ ਤੋਂ ਪਹਿਲਾਂ ਸਵੇਰੇ ਅਜੀਤਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ, ਜਦਕਿ ਰੋਡ ਸ਼ੋਅ ਦੀ ਸਮਾਪਤੀ ਉਪਰੰਤ ਉਹ ਸੁਖਾਨੰਦ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਫਿਰ ਨਤਮਸਤਕ ਹੋਏ ਅਤੇ ਗੁਰੂ ਦਾ ਸ਼ੁਕਰਾਨਾ ਕੀਤਾ।

# ਕਤਲ ਕੇਸ 'ਚੋਂ ਰਾਮ ਰਹੀਮ ਨੂੰ ਬਰੀ ਕਰਨਾ ਨਿਆਂ ਦਾ ਕਤਲ : ਲਿਬਰੇਸ਼ਨ

## ਫੈਸਲੇ ਦੇ ਸਮੇਂ ਬਾਰੇ ਵੀ ਉਠਾਏ ਗੰਭੀਰ ਸੁਆਲ

**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਆਈ (ਐੱਮ ਐੱਲ) ਨੇ ਪੰਜਾਬ ਵਿੱਚ ਲੋਕ ਸਭਾ ਲਈ ਵੋਟਾਂ ਤੋਂ ਐਨ ਪਹਿਲਾਂ ਹਾਈ ਕੋਰਟ ਵੱਲੋਂ ਡੇਰਾ ਸਿਰਸਾ ਦੇ ਸਾਬਕਾ ਆਗੂ ਰਣਜੀਤ ਸਿੰਘ ਦੇ ਕਤਲ ਕੇਸ ਵਿੱਚੋਂ ਡੇਰਾ ਮੁਖੀ ਰਾਮ ਰਹੀਮ ਨੂੰ ਬਰੀ ਕਰਨ 'ਤੇ ਵੱਡੀ ਹੈਰਾਨੀ ਤੇ ਅਫਸੋਸ ਦਾ ਇਜ਼ਹਾਰ ਕੀਤਾ ਹੈ।

ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ ਤੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਵੋਟਾਂ ਪੈਣ ਤੋਂ ਪਹਿਲਾਂ ਕਤਲ ਤੇ ਬਲਾਤਕਾਰ ਵਰਗੇ ਅਤੇ ਗੰਭੀਰ ਮਾਮਲਿਆਂ ਵਿੱਚ ਦੋ ਉਮਰ ਕੈਦਾਂ ਕੱਟ ਰਹੇ ਡੇਰਾ ਮੁਖੀ ਨੂੰ ਨਿਯਮਾਂ ਤੋਂ ਉਲਟ ਵਾਰ ਵਾਰ ਪੈਰੋਲ ਦੇਣਾ ਤੇ ਹੁਣ ਕਤਲ ਕੇਸ ਵਿੱਚੋਂ ਬਰੀ ਕਰ ਦੇਣਾ ਅਦਾਲਤੀ ਫੈਸਲੇ ਦੀ ਬਜਾਏ, ਸਪੱਸ਼ਟ ਤੌਰ 'ਤੇ ਇਕ ਸਿਆਸੀ ਫੈਸਲਾ ਜਾਪਦਾ ਹੈ, ਜਿੱਥੇ ਲੰਬੇ ਅਰਸੇ ਤੋਂ ਸਜ਼ਾਵਾਂ ਭੁਗਤ ਰਹੇ ਸਿੱਖ ਤੇ ਇਨਕਲਾਬੀ ਕੈਦੀਆਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ, ਬਲਕਿ ਜੇ.ਐੱਨ.ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਜੋ ਪੰਜ ਸਾਲ ਤੋਂ ਜੇਲ੍ਹ ਵਿੱਚ ਬੰਦ ਹੈ, ਉਸ ਖਿਲਾਫ ਨਾ ਕੇਸ ਚਲਾਇਆ ਜਾ ਰਿਹਾ ਹੈ ਤੇ ਨਾ ਹੀ ਉਸ ਨੂੰ ਜ਼ਮਾਨਤ ਦਿੱਤੀ ਜਾ ਰਹੀ ਹੈ, ਉਥੇ ਰਾਮ ਰਹੀਮ ਤੇ ਉਸ ਦੇ ਸਾਥੀ ਚਾਰ ਦੋਸ਼ੀਆਂ ਨੂੰ ਜਿਵੇਂ ਬਰੀ ਕੀਤਾ ਹੈ, ਉਹ ਲੱਖਾਂ ਲੋਕਾਂ ਦੀ ਨਿਗਾਹ ਵਿੱਚ ਇਨਸਾਫ਼ ਨਹੀਂ, ਬਲਕਿ ਇਨਸਾਫ ਦਾ ਕਤਲ ਜਾਪਦਾ ਹੈ।ਇਸ ਫੈਸਲੇ ਨੂੰ ਪੂਰੀ ਤਿਆਰੀ ਨਾਲ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ।

# ਖੁੱਡੀਆਂ ਵੱਲੋਂ 'ਆਪ' ਸਰਕਾਰ ਦੇ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਦੀ ਅਪੀਲ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਚੋਣ ਪ੍ਰਚਾਰ ਦੇ ਅੰਤਿਮ ਦਿਨ ਭੁੱਚੋ ਹਲਕੇ ਦੇ ਪਿੰਡਾਂ ਲਹਿਰਾ ਖਾਨਾ, ਲਹਿਰਾ ਬੇਗਾ, ਲਹਿਰਾ ਸੌਂਧਾ, ਲਹਿਰ ਧੂਰਕੋਟ ਤੇ ਲਹਿਰਾ ਮੁਹੱਬਤ ਵਿਖੇ ਨੁੱਕੜ ਮੀਟਿੰਗਾਂ ਤੇ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਲਹਿਰਾ ਮੁਹੱਬਤ ਵਿਖੇ ਦਾਊ ਕੀ ਧਰਮਸ਼ਾਲਾ ਵਿਖੇ ਭਰਵੇਂ ਇਕਠ ਵਿੱਚ 'ਆਪ' ਸਰਕਾਰ ਦੁਆਰਾ ਦੋ ਕੁ ਸਾਲਾਂ ਤੋਂ ਵੱਧ ਸਮੇਂ ਤੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਦੀ ਅਪੀਲ ਕਰਦਿਆਂ ਪੰਜਾਬ ਵਾਸੀਆਂ ਦੀ ਭਲਾਈ ਲਈ ਕੀਤੇ ਕੰਮਾਂ ਦਾ ਵਰਨਣ ਕਰਦਿਆਂ ਕਿਹਾ ਕਿ ਇਮਾਨਦਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਬਣੀ ਸਰਕਾਰ ਵਿੱਚ ਅਜਿਹੇ ਕੀਰਤੀਮਾਨ ਸਥਾਪਤ ਕੀਤੇ ਗਏ, ਜਿਸ ਦੀ ਕਿੱਧਰੇ ਮਿਸਾਲ ਨਹੀਂ ਮਿਲਦੀ। ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਤੇ ਪੁਰਾਣੀਆਂ ਰਵਾਇਤਾਂ ਨੂੰ ਤੋੜਿਆ, ਜਿਨ੍ਹਾਂ ਪਰਿਵਾਰਾਂ ਦੇ ਪਹਿਲਾਂ ਪੰਜ ਪੰਜ ਮੈਂਬਰ, ਰਿਸ਼ਤੇਦਾਰ, ਭਾਈ, ਜਵਾਈ ਐੱਮ. ਐੱਲ. ਏ. ਬਣਦੇ ਸਨ, ਉਨ੍ਹਾਂ ਦੀ ਥਾਂ ਤੁਹਾਡੇ ਵਿੱਚੋਂ ਉੱਠ ਕੇ ਆਏ ਲੋਕ ਐੱਮ. ਐੱਲ. ਏ. ਬਣੇ, ਜਿਨ੍ਹਾਂ ਵਿੱਚ ਇੱਕ ਮੈਂ ਵੀ ਹਾਂ। ਕਈ ਕਈ ਪੈਨਸ਼ਨਾਂ ਲੈ ਰਹੇ ਵਿਧਾਇਕਾਂ ਦੀਆਂ ਸੈਂਕੜੇ ਕਰੋੜਾਂ ਦੀਆਂ ਪੈਨਸ਼ਨਾਂ ਬੰਦ ਕੀਤੀਆਂ, ਜਿਨ੍ਹਾਂ ਵਿੱਚ 8-8 ਪੈਨਸ਼ਨਾਂ ਵੀ ਲੈ ਰਹੇ ਸਨ। 43,000 ਨੌਕਰੀਆਂ ਦਿੱਤੀਆਂ, 14 ਟੋਲ ਪਲਾਜੇ ਬੰਦ ਕੀਤੇ, 600 ਯੂਨਿਟ ਫਰੀ ਬਿਜਲੀ ਦੇਣ ਦਾ ਵਾਅਦਾ ਸਰਕਾਰ ਬਣਦਿਆਂ ਹੀ ਪੂਰਾ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਨੂੰ 1000 ਰੁਪਏ ਮਾਸਿਕ ਦੇਣ ਦਾ ਵਾਅਦਾ ਵੀ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ 1000 ਰੁਪਏ ਦੀ ਥਾਂ 1100 ਰੁਪਏ ਦੇਣ ਦੀ ਗੱਲ ਕਹੀ ਹੈ। ਆਪ ਵਲੰਟੀਅਰਾਂ ਵੱਲੋਂ ਸੇਵਾ ਕੇਂਦਰ ਤੇ ਆਰ. ਓ. ਚਾਲੂ ਕਰਨ ਸਮੇਤ ਇੱਥੋਂ ਦੀ ਨਗਰ ਪੰਚਾਇਤ ਦਾ ਰੇੜਕਾ ਹੱਲ ਕਰਨ ਸਬੰਧੀ ਉਠਾਏ ਸਥਾਨਕ ਮੁੱਦਿਆਂ ਬਾਰੇ ਉਨ੍ਹਾਂ ਕਿਹਾ ਕਿ ਇਹ ਮਸਲੇ ਵੀ ਹੱਲ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਮਾਸਟਰ ਜਗਸੀਰ ਤੋਂ ਇਲਾਵਾ ਗੁਰਪ੍ਰੀਤ ਸਿੰਘ ਪ੍ਰਧਾਨ, ਅਵਤਾਰ ਸਿੰਘ ਪ੍ਰਧਾਨ ਸਹਿਕਾਰੀ ਸਭਾ, ਮਾ. ਚਰਨਜੀਤ ਸਿੰਘ, ਗੁਰਸੇਵਕ ਸਿੰਘ ਗਰੇਵਾਲ ਮੈਂਬਰ ਸਹਿਕਾਰੀ ਸਭਾ, ਮਨਸਾ ਸਿੰਘ ਮੈਂਬਰ ਸਹਿਕਾਰੀ ਸਭਾ, ਸੁਖਵਿੰਦਰ ਸਿੰਘ ਲਾਡੀ, ਹਰਪਾਲ ਸਿੰਘ ਪਾਲਾ, ਬਲਵੀਰ ਸਿੰਘ ਭੀਰਾ, ਕੁਲਵੰਤ ਸਿੰਘ, ਭਿੰਤਰ ਸਿੰਘ, ਜਗਰਾਜ ਸਿੰਘ, ਸੁਰਜੀਤ ਸਿੰਘ ਹਲਕਾ ਕਮੇਟੀ ਮੈਂਬਰ, ਬਲਵਿੰਦਰ ਸਿੰਘ ਬਿੰਦੀ, ਗੁਰਸ਼ਰਨ ਸਿੰਘ, ਪ੍ਰਦੀਪ ਸਿੰਘ, ਨਿੰਦਰਪਾਲ ਸਿੰਘ, ਦੇਵ ਸਿੰਘ, ਬੂਟਾ ਸਿੰਘ, ਰਾਮ ਸਿੰਘ, ਬੇਅੰਤ ਸਿੰਘ, ਪਰਮਿੰਦਰ ਪਿੰਦਾ ਤੇ ਗਗਨਦੀਪ ਸਿੰਘ ਆਦਿ ਵਲੰਟੀਅਰਜ਼ ਸਮੇਤ ਹੋਰ ਵਰਕਰ ਹਾਜ਼ਰ ਸਨ।

## ਕਾਤਰਾਂ

### ਮਾਹਵਾਰੀ ਸਫ਼ਾਈ ਦਿਵਸ ਸਬੰਧੀ ਕੀਤਾ ਜਾਗਰੂਕਤਾ ਪੋਸਟਰ ਜਾਰੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਫਾਜ਼ਿਲਕਾ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਤੇ ਸਿਵਲ ਸਰਜਨ ਦਫਤਰ ਫਾਜ਼ਿਲਕਾ ਵਿਖੇ ਡੀ ਐੱਫ ਪੀ ਓ ਡਾ. ਕਵਿਤਾ ਸਿੰਘ ਨੇ ਮਾਹਵਾਰੀ ਸਫਾਈ ਦਿਵਸ ਸਬੰਧੀ ਇਕ ਜਾਗਰੂਕਤਾ ਪੋਸਟਰ ਜਾਰੀ ਕੀਤਾ।ਇਸ ਮੌਕੇ ਉਨ੍ਹਾ ਨਾਲ ਐਪੀਡੀਮਾਲੋਜਿਸਟ ਡਾ. ਸੁਨੀਤਾ ਕੰਬੋਜ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਜਾਣਕਾਰੀ ਦਿੰਦਿਆਂ ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ ਤੇ ਹੋਰ ਜਨਤਕ ਥਾਵਾਂ 'ਤੇ ਮਾਹਵਾਰੀ ਸਫਾਈ ਦਿਵਸ ਸਬੰਧੀ ਜਾਗਰੂਕਤਾ ਸਮਾਗਮ ਵੀ ਕਰਵਾਏ ਜਾ ਰਹੇ ਹਨ, ਜਿਸ ਦਾ ਮਕਸਦ ਔਰਤਾਂ ਨੂੰ ਸੁਰੱਖਿਅਤ ਪੀਰੀਅਡਸ ਦੇ ਫਾਇਦਿਆਂ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਇਸ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਉਤਸ਼ਾਹਤ ਕਰਨਾ ਹੈ।ਡਾ. ਸੁਨੀਤਾ ਕੰਬੋਜ ਨੇ ਦੱਸਿਆ ਕਿ ਮਾਹਵਾਰੀ ਦੌਰਾਨ ਆਉਣ ਵਾਲੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਸਮਾਧਾਨ ਬਾਰੇ ਮਹਿਲਾਵਾਂ ਖਾਸ ਕਰ ਲੜਕੀਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ।ਇਸ ਮੌਕੇ ਬੀਈਈ ਦਿਵੇਸ਼ ਕੁਮਾਰ, ਹਰਮੀਤ ਸਿੰਘ, ਅਤਿੰਦਰਪਾਲ ਸਿੰਘ, ਬੀਸੀਸੀ ਸੁਖਦੇਵ ਸਿੰਘ, ਸ਼ੁਭਮ ਕੁਮਾਰ ਤੇ ਮਨਜੋਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

### ਨਾਬਾਲਿਗ ਲੜਕੀ ਨਾਲ ਬਲਾਤਕਾਰ ਦੇ ਦੋਸ਼ 'ਚ ਇੱਕ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਡਾਲੀ ਆਲਾ ਸਿੰਘ ਪਲਸ ਵੱਲੋਂ ਇੱਕ ਵਿਅਕਤੀ ਨੂੰ ਉਸ ਦੀ ਰਿਸ਼ਤੇਦਾਰ ਨਾਬਾਲਿਗ ਲੜਕੀ ਨਾਲ ਬਲਾਤਕਾਰ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਰੀਬ 15 ਸਾਲ ਉਮਰ ਦੀ ਇੱਕ ਨਾਬਾਲਿਗ ਲੜਕੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਪਰਿਵਾਰ ਬਿਹਾਰ 'ਚ ਰਹਿੰਦਾ ਹੈ ਤੇ ਉਹ ਕਰੀਬ ਛੇ ਸਾਲ ਤੋਂ ਆਪਣੇ ਮਾਸੀ-ਮਾਸੜ ਕੋਲ ਪੰਜਾਬ 'ਚ ਰਹਿ ਰਹੀ ਹੈ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਉਸ ਦਾ ਮਾਸੜ ਵਿਕਾਸ ਕੁਮਾਰ, ਜੋ ਕਿ ਗੂੰਗਾ-ਬੋਲਾ ਹੈ, ਅਕਸਰ ਸ਼ਰਾਬ ਪੀ ਕੇ ਉਸ ਨਾਲ ਗਲਤ ਹਰਕਤਾਂ ਕਰਦਾ ਰਹਿੰਦਾ ਸੀ, ਜਿਸ ਕਾਰਨ ਉਸ ਦੇ ਮਾਸੀ-ਮਾਸੜ ਦਾ ਝਗੜਾ ਵੀ ਹੁੰਦਾ ਸੀ ਤੇ ਇੱਕ ਦਿਨ ਉਸ ਦੇ ਮਾਸੀ-ਮਾਸੜ ਵਿਚਕਾਰ ਰਾਤ ਨੂੰ ਲੜਾਈ ਹੋ ਗਈ, ਜਿਸ ਤੋਂ ਬਾਅਦ ਉਸ ਦੀ ਮਾਸੀ ਅਗਲੀ ਸਵੇਰ ਉਨ੍ਹਾਂ ਨੂੰ ਬਿਨਾਂ ਕੁਝ ਦੱਸੇ ਕਿਧਰੇ ਚਲੀ ਗਈ, ਜਿਸ ਤੋਂ ਬਾਅਦ ਉਸ ਦਾ ਮਾਸੜ ਵਿਕਾਸ ਕੁਮਾਰ ਉਸ ਨੂੰ ਦੂਰ ਕਿਤੇ ਕਮਰੇ ਵਿੱਚ ਲੈ ਗਿਆ, ਜਿੱਥੇ ਉਸ ਦੇ ਮਾਸੜ ਵੱਲੋਂ ਉਸ ਨਾਲ ਬਲਾਤਕਾਰ ਕੀਤਾ ਗਿਆ।ਸ਼ਿਕਾਇਤਕਰਤਾ ਨੇ ਦੱਸਿਆ ਕਿ ਕੁਝ ਦਿਨ ਬਾਅਦ ਉਸ ਨੂੰ ਉਲਟੀਆਂ ਲੱਗ ਗਈਆਂ ਜਿਸ 'ਤੇ ਉਸ ਦੀ ਮਾਸੀ ਉਸ ਨੂੰ ਡਾਕਟਰ ਕੋਲ ਲੈ ਗਈ, ਜਿੱਥੇ ਜਾ ਕੇ ਪਤਾ ਲੱਗਿਆ ਕਿ ਉਹ ਗਰਭਵਤੀ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 376 ਆਈ.ਪੀ.ਸੀ. ਤੇ ਪੌਸਕੋ ਐਕਟ ਦੀ ਧਾਰਾ 6 ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਵਿਕਾਸ ਕੁਮਾਰ ਸਾਹ ਵਾਸੀ ਜ਼ਿਲ੍ਹਾ ਮੋਤੀਹਾਰੀ ਬਿਹਾਰ ਨੂੰ ਗ੍ਰਿਫਤਾਰ ਕਰਕੇ ਮਹਿਲਾ ਥਾਣੇਦਾਰ ਨਵਦੀਪ ਕੌਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਜ਼ਿਲ੍ਹਾ ਚੋਣ ਅਫ਼ਸਰ ਵੱਲੋਂ 'ਡਰਾਈ ਡੇਅ' ਸਬੰਧੀ ਚੈਕਿੰਗ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀਮਤੀ ਪ੍ਰਨੀਤ ਸ਼ੇਰਗਿੱਲ ਆਈ.ਏ.ਐੱਸ. ਜ਼ਿਲ੍ਹਾ ਮੈਜਿਸਟਰੇਟ ਫਤਹਿਗੜ੍ਹ ਸਾਹਿਬ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਲੋਕ ਸਭਾ ਚੋਣਾਂ 01 ਜੂਨ 2024 ਨੂੰ ਹੋਣੀਆਂ ਹਨ।ਇਸ ਦੇ ਮੱਦੇਨਜ਼ਰ ਆਬਕਾਰੀ ਕਮਿਸ਼ਨਰ ਪੰਜਾਬ ਤੇ ਮੁੱਖ ਚੋਣਕਾਰ ਅਫਸਰ, ਪੰਜਾਬ ਵੱਲੋਂ ਜਾਰੀ ਹਦਾਇਤਾਂ/ਹੁਕਮਾਂ ਅਨੁਸਾਰ ਅਮਨ ਤੇ ਕਾਨੂੰਨ ਦੀ ਵਿਵਸਥਾ ਅਤੇ ਲੋਕ ਹਿੱਤ ਵਿੱਚ ਸ਼ਾਂਤੀ ਕਾਇਮ ਰੱਖਣ ਲਈ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਸ਼ਰਾਬ ਦੀ ਵਿੱਕਰੀ ਸਬੰਧੀ 30.05.2024 ਨੂੰ ਸ਼ਾਮ 05.00 ਵਜੇ ਤੋਂ 01.06.2024 (ਵੋਟਾਂ ਵਾਲੇ ਦਿਨ) ਰਾਤ 7.00 ਵਜੇ ਤੱਕ ਅਤੇ 03.06.2024 ਨੂੰ ਰਾਤ 12.00 ਵਜੇ ਤੋਂ 04.06.2024 (ਵੋਟਾਂ ਦੀ ਗਿਣਤੀ ਵਾਲੇ ਦਿਨ) ਰਾਤ 12.00 ਵਜੇ ਤੱਕ 'ਡਰਾਈ ਡੇਅ' ਐਲਾਨਿਆ ਹੈ, ਜਿਸ ਸਬੰਧੀ ਅੱਜ ਜ਼ਿਲ੍ਹੇ ਵਿੱਚ ਵੱਖੋ ਵੱਖ ਥਾਈਂ ਚੈਕਿੰਗ ਕੀਤੀ ਗਈ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਚੋਣਾਂ ਸਬੰਧੀ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਲਾਜ਼ਮੀ ਹੈ ਤੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।'ਡਰਾਈ ਡੇਅ' ਸਬੰਧੀ ਜਾਰੀ ਹੁਕਮ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਪੈਂਦੇ ਰੈਸਟੋਰੈਂਟ/ਅਹਾਤੇ/ਕਲੱਬਾਂ/ਢਾਬਿਆਂ/ਹੋਟਲਾਂ ਆਦਿ ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਤੌਰ 'ਤੇ ਇਜਾਜ਼ਤ ਹੈ, 'ਤੇ ਵੀ ਪੂਰਨ ਤੌਰ 'ਤੇ ਲਾਗੂ ਹਨ।

# ਆਪ ਲੋਕਾਂ ਦੀ ਬਣੀ ਪਹਿਲੀ ਪਸੰਦ : ਕਪਿਲ/ਦੀਪਾ



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਸੂਬੇ ਦੇ ਲੋਕ ਬਹੁਤ ਖੁਸ਼ ਹਨ ਤੇ ਪਸੰਦ ਕਰ ਰਹੇ ਹਨ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰ ਪਰਵਾਰ ਨੂੰ 600 ਯੂਨਿਟ ਬਿਜਲੀ ਫਰੀ, ਕਿਸਾਨਾਂ ਨੂੰ ਖੇਤਾਂ ਦੇ ਵਿੱਚ ਬਿਜਲੀ ਲਗਾਤਾਰ ਮਿਲ ਰਹੀ ਹੈ, 43000 ਨੌਕਰੀਆਂ, 875 ਮਹੱਲਾ ਕਲੀਨਿਕ, ਸੜਕ ਸੁਰੱਖਿਆ ਫੋਰਸ ਦੀਆਂ ਗੱਡੀਆਂ, ਲੇਡੀਜ਼ ਦੀ ਬੱਸਾਂ ਵਿੱਚ ਮੁਫਤ ਟਿਕਟ ਆਦਿ ਆਮ ਆਦਮੀ ਪਾਰਟੀ ਵੱਲੋਂ ਸਹੂਲਤਾਂ ਦਿੱਤੀਆਂ ਗਈਆਂ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਦੀਪਾ ਰਾਮਗੜ੍ਹ ਤੇ ਹਲਕਾ ਵਿਧਾਇਕ ਦੇਵ ਮਾਨ ਦੇ ਭਰਾ ਕਪਿਲ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਲੋਕ 'ਆਪ' ਦੇ ਹੱਕ 'ਚ ਫਤਵਾ ਦੇਣ ਲਈ ਬਿਲਕੁਲ ਤਿਆਰ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਲੋਕਾਂ ਨਾਲ ਚੋਣਾਂ ਸਮੇਂ ਵਾਅਦੇ ਕੀਤੇ ਸਨ, ਉਹ ਪੂਰੇ ਕਰ ਵਿਖਾਏ ਹਨ ਤੇ ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਨੇ ਵਿਕਾਸ ਕਾਰਜਾਂ ਦੀ ਹਨੇਰੀ ਲਿਆ ਦਿੱਤੀ ਹੈ।

ਉਨ੍ਹਾ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਜਿਸ ਕਾਰਨ ਪੰਜਾਬ ਦੇ ਲੋਕ ਉਨ੍ਹਾਂ ਦੀਆਂ ਚਾਲਾਂ 'ਚ ਫਸੇ ਰਹੇ ਤੇ ਹੁਣ ਤੱਕ ਮੰਦਹਾਲੀ ਵਾਲਾ ਜੀਵਨ ਗੁਜ਼ਾਰ ਰਹੇ ਹਨ।ਉਨ੍ਹਾ ਕਿਹਾ ਕਿ ਮੁਹੱਲਾ ਕਲੀਨਿਕ ਖੁੱਲ੍ਹਣ ਨਾਲ ਲੋਕਾਂ ਨੂੰ ਦਵਾਈਆਂ ਮੁਫ਼ਤ ਮਿਲਦੀਆਂ ਹਨ ਤੇ ਟੈਸਟ ਮੁਫ਼ਤ ਹੁੰਦੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇੱਕ ਵੋਟ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਪਾ ਕੇ ਕਾਮਯਾਬ ਕਰੋ ਤਾਂ ਕਿ ਉਹ ਸਾਡੇ ਪੰਜਾਬ ਦੀ ਆਵਾਜ਼ ਨੂੰ ਸੰਸਦ ਵਿੱਚ ਉਠਾ ਸਕਣ।ਇਸ ਮੌਕੇ ਦਲਜੀਤ ਸਿੰਘ ਸਰਪੰਚ, ਕਮਲ ਭਾਦਸੋਂ, ਰਣਜੀਤ ਸਿੰਘ ਰਾਮਗੜ੍ਹ, ਕਾਲਾ ਕਿਤਾਬਾਂ ਵਾਲਾ, ਲੱਕੀ ਭਾਦਸੋਂ, ਵਿੱਕੀ ਭਾਦਸੋਂ, ਸ਼ਿਵ ਲਾਲ, ਜੀਵਨ ਕੁਮਾਰ ਆਦਿ ਹਾਜ਼ਰ ਸਨ।

# ਚੋਣ ਪ੍ਰਚਾਰ ਦੇ ਆਖਰੀ ਦਿਨ ਬਸਪਾ ਉਮੀਦਵਾਰ ਵੱਲੋਂ ਵੋਟਰਾਂ ਨੂੰ ਭਾਵੁਕ ਅਪੀਲ

## ਗੁਰੂ ਰਵਿਦਾਸ ਜੀ ਦੇ ਸੁਪਨਿਆਂ ਦਾ ਬੇਗਮਪੁਰਾ ਵਸਾਉਣ ਦਾ ਦਿੱਤਾ ਹੋਕਾ



**ਮਾਨਸਾ (ਆਤਮਾ ਸਿੰਘ ਪਮਾਰ)**-ਲੋਕ ਸਭਾ ਹਲਕਾ ਬਠਿੰਡਾ ਤੋਂ ਬਸਪਾ ਉਮੀਦਵਾਰ ਲਖਵੀਰ ਸਿੰਘ ਨਿੱਕਾ ਨੇ ਚੋਣ ਪ੍ਰਚਾਰ ਦੇ ਆਖਰੀ ਦਿਨ ਹਲਕਾ ਬੁਢਲਾਡਾ ਤੇ ਮਾਨਸਾ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ 'ਚ ਭਰਵੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਵੋਟਰਾਂ ਨੂੰ ਭਾਵੁਕ ਅਪੀਲ ਕੀਤੀ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਐੱਸ ਸੀ ਤੇ ਬੀ ਸੀ ਦੋਵਾਂ ਵਰਗਾਂ ਦੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਪੰਜਾਬ 'ਚ ਬਾਬਾ ਸਾਹਿਬ ਡਾ. ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਦੇ ਰਾਜ ਦੀ ਸਥਾਪਤੀ ਨਹੀਂ ਹੋ ਸਕੀ।ਉਨ੍ਹਾ ਸੱਤਾ 'ਤੇ ਕਾਬਜ਼ ਰਹੀਆਂ ਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਆਪਣੇ 75 ਸਾਲਾ ਰਾਜ ਭਾਗ ਦੌਰਾਨ ਇਨ੍ਹਾਂ ਨੇ ਉਕਤ ਵਰਗਾਂ ਦਾ ਕੁਝ ਵੀ ਨਹੀਂ ਸੰਵਾਰਿਆ, ਸਗੋਂ ਤਰ੍ਹਾਂ ਤਰ੍ਹਾਂ ਦੇ ਲੁਭਾਉਣ ਨਾਅਰੇ ਤੇ ਗਰੰਟੀਆਂ ਦੇ ਕੇ ਸਿਰਫ ਗੁੰਮਰਾਹ ਕਰਨ ਦਾ ਕੰਮ ਹੀ ਕੀਤਾ ਗਿਆ ਹੈ।ਦਲਿਤ ਵੋਟਰਾਂ ਨੂੰ ਉਨ੍ਹਾਂ ਨੇ ਸਿਰਫ ਵੋਟ ਬੈਂਕ ਤੱਕ ਹੀ ਸੀਮਤ ਰੱਖਿਆ ਹੈ।ਉਨ੍ਹਾ ਕਿਹਾ ਕਿ ਬਹੁਤ ਸਮਾਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜਿਕ ਤੇ ਆਰਥਿਕ ਸਮਾਨਤਾ ਵਾਲੇ ਰਾਜ ਭਾਗ ਦਾ ਸੰਕਲਪ ਲੈ ਕੇ ਬੇਗਪੁਰਾ ਵਸਾਉਣ ਦਾ ਸਿਧਾਂਤ ਪੇਸ਼ ਕੀਤਾ ਸੀ, ਪ੍ਰੰਤੂ ਅਫਸੋਸ ਸਾਡੇ ਸਮਾਜ ਨੇ ਰਵਿਦਾਸ ਜੀ ਨੂੰ ਯਾਦ ਤਾਂ ਕੀਤਾ, ਪਰ ਉਨ੍ਹਾਂ ਦੇ ਫਲਸਫੇ ਨੂੰ ਧੁਰ ਅੰਦਰੋਂ ਸਮਝਣ ਦਾ ਯਤਨ ਨਹੀਂ ਕੀਤਾ, ਜਿਸ ਕਰਕੇ ਉਹ ਬਦ ਤੋਂ ਬਦਤਰ ਜੀਵਨ ਜਿਉਣ ਲਈ ਮਜਬੂਰ ਹਨ।ਉਨ੍ਹਾ ਰਵਾਇਤੀ ਪਾਰਟੀਆਂ ਦਾ ਖਹਿੜਾ ਛੱਡ ਕੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਭੈਣ ਕੁਮਾਰੀ ਮਾਇਆਤੀ ਜੀ ਦੇ ਹੱਥ ਮਜ਼ਬੂਤ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਤਾਂ ਜੋ ਆਪਣੇ ਰਹਿਬਰਾਂ ਦੇ ਸੁਪਨਿਆਂ ਦਾ ਰਾਜ ਭਾਗ ਸਥਾਪਤ ਕੀਤਾ ਜਾ ਸਕੇ।ਇਸ ਸਮੇਂ ਉਨ੍ਹਾ ਨਾਲ ਗੁਰਮੇਲ ਸਿੰਘ ਬੋੜਾਵਾਲ, ਗੁਰਧਿਆਨ ਸਿੰਘ ਕਟਾਰੀਆ, ਦਰਸ਼ਨ ਸਿੰਘ ਰਾਠ, ਧਰਮਿੰਦਰ ਮਾਨਸਾ, ਲੱਖਾ ਸੀ ਸੈਕਟਰੀ, ਰਘਵੀਰ ਸਿੰਘ ਰਾਮਗੜ੍ਹੀਆ, ਬਚਿੱਤਰ ਸਿੰਘ ਪ੍ਰਧਾਨ ਗੱਲਾ ਮਜ਼ਦੂਰ ਯੂਨੀਅਨ, ਗੁਰਜੀਤ ਸਿੰਘ ਸ਼ਹਿਰੀ ਪ੍ਰਧਾਨ ਬਸਪਾ ਅਵਤਾਰ ਸਿੰਘ ਕਟਾਰੀਆ ਤੇ ਮੱਖਣ ਸਿੰਘ ਸਾਬਕਾ ਹਲਕਾ ਪ੍ਰਧਾਨ ਬੁਢਲਾਡਾ ਤੇ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਹਾਜ਼ਰ ਸਨ।

# ਗਿਣਤੀ ਵਾਲੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਦੇ ਏਰੀਏ 'ਚ ਧਾਰਾ 144 ਲਾਗੂ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਜ਼ਿਲ੍ਹਾ ਮੈਜਿਸਟਰੇਟ ਸ੍ਰੀਮਤੀ ਪ੍ਰਨੀਤ ਸ਼ੇਰਗਿੱਲ ਨੇ ਫੌਜ਼ਦਾਰੀ ਜਾਬਤਾ ਸੰਘਤਾ 1973 (2 ਆਫ 1974) ਦੀ ਧਾਰਾ 144 ਅਧੀਨ ਲੋਕ ਸਭਾ ਚੋਣਾਂ-2024 ਦੀਆਂ ਵੋਟਾਂ ਦੀ ਗਿਣਤੀ ਵਾਲੇ ਦਿਨ 04 ਜੂਨ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਹੁ-ਤਕਨੀਕੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਏਰੀਏ ਵਿੱਚ ਆਮ ਪਬਲਿਕ ਜਾਂ ਪ੍ਰਾਈਵੇਟ ਵਿਅਕਤੀਆਂ ਵੱਲੋਂ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਬਹੁ-ਤਕਨੀਕੀ ਕਾਲਜ ਵਿਖੇ 4 ਜੂਨ ਨੂੰ ਵੋਟਾਂ ਦੀ ਗਿਣਤੀ ਕੀਤੀ ਜਾਣੀ ਹੈ।ਇਸ ਲਈ ਅਮਨ ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਲਈ ਬਾਬਾ ਬੰਦਾ ਸਿੰਘ ਬਹਾਦਰ ਬਹੁ-ਤਕਨੀਕੀ ਕਾਲਜ ਦੇ ਏਰੀਏ ਵਿੱਚ ਆਮ ਪਬਲਿਕ ਜਾਂ ਪ੍ਰਾਈਵੇਟ ਵਿਅਕਤੀਆਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਡਰੋਨ ਕੈਮਰੇ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਣੀ ਜ਼ਰੂਰੀ ਹੈ।

# ਰਾਣਾ ਸੋਢੀ ਦਾ ਮਮਦੋਟ ਪਹੁੰਚਣ 'ਤੇ ਭਰਵਾਂ ਸਵਾਗਤ



**ਮਮਦੋਟ (ਹਰਪਾਲ ਸਿੰਘ ਸੋਢੀ)**-ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਮਮਦੋਟ ਦੇ ਪਿੰਡ ਗੱਟੀ ਮਸਤਾਂ ਨੰਬਰ 2, ਹਜਾਰਾ ਸਿੰਘ ਵਾਲਾ, ਜਾਮਾ ਰੱਖਈਆ ਉਤਾੜ ਤੋਂ ਬਾਅਦ ਮਮਦੋਟ ਵਿਖੇ ਵੱਖ-ਵੱਖ ਬਜ਼ਾਰਾਂ ਵਿੱਚ ਜਾ ਕੇ ਦੁਕਾਨਦਾਰਾਂ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਤੇ ਦੁਕਾਨਦਾਰਾਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਰਾਣਾ ਗੁਰਮੀਤ ਸਿੰਘ ਸੋਢੀ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦਾ ਵਿਸ਼ਵਾਸ ਦਿਵਾਇਆ ਗਿਆ।

ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਰਾਣਾ ਗੁਰਮੀਤ ਸਿੰਘ ਸੋਢੀ ਦਾ ਭਰਵਾਂ ਸਵਾਗਤ ਹੋਇਆ ਤੇ ਵੱਡੀ ਗਿਣਤੀ ਵਿੱਚ ਲੋਕ ਦੂਸਰੀਆਂ ਪਾਰਟੀਆਂ ਨੂੰ ਅਲਵਿਦਾ ਆਖ ਕੇ ਭਾਜਪਾ ਵਿੱਚ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਖੋਲ੍ਹ ਕੇ ਸਰਕਾਰ ਨੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਹੈ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਜ਼ਾਦਿਆਂ ਦੀ ਯਾਦ ਵਿੱਚ ਬਾਲਵੀਰ ਦਿਵਸ ਮਨਾਉਣਾ 'ਤੇ ਆਯੁੱਧਿਆ ਵਿੱਚ ਸ੍ਰੀ ਰਾਮ ਮੰਦਿਰ ਦਾ ਨਵੀਨੀਕਰਨ ਕਰਕੇ ਹਿੰਦੂਆਂ ਦੀ ਆਸਥਾ ਨੂੰ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਤੋ ਇਲਾਵਾ ਫਿਰੋਜ਼ਪੁਰ ਵਿਖੇ ਪੀ.ਜੀ.ਆਈ. ਦੀ ਸਥਾਪਨਾ ਕਰਕੇ ਸਰਹੱਦੀ ਪੱਛੜੇ ਇਲਾਕੇ ਨੂੰ ਇੱਕ ਵੱਡੀ ਸਹੂਲਤ ਦਿੱਤੀ ਹੈ।ਉਨ੍ਹਾਂ ਲੋਕਾਂ ਨੂੰ ਕਿਹਾ ਕਿ ਤੁਸੀਂ ਮੈਨੂੰ 1 ਜੂਨ ਨੂੰ ਕਮਲ ਦੇ ਫੁੱਲ ਦੇ ਨਿਸ਼ਾਨ ਦੇ ਮੋਹਰਾਂ ਲਗਾ ਕੇ ਸ਼ਾਨਦਾਰ ਜਿੱਤ ਦਿਵਾ ਕੇ ਸੰਸਦ ਵਿੱਚ ਭੇਜੋ ਤੇ ਕੇਂਦਰ ਵਿੱਚ ਤੀਸਰੀ ਵਾਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਬਣਾਵੋ ਤੇ ਮੈਂ ਫਿਰੋਜ਼ਪੁਰ ਵਿਖੇ ਹੁਸੈਨੀਵਾਲਾ ਬਾਰਡਰ ਨੂੰ ਖੁੱਲ੍ਹਵਾ ਕੇ ਵਪਾਰ ਲਈ ਹੱਬ ਸਥਾਪਤ ਕਰਾਵਾਂਗਾ, ਇਸ ਤੋਂ ਇਲਾਵਾ ਕਿਸਾਨਾਂ ਦੀਆਂ ਜਾਇਜ਼ ਮੰਗਾਂ ਵੀ ਜਲਦੀ ਹੱਲ ਕਰਵਾਈਆਂ ਜਾਣਗੀਆ ਤੇ ਸਰਹੱਦ 'ਤੇ ਵਸਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਮਸ਼ੇਰ ਸਿੰਘ ਕਾਕੜ ਜ਼ਿਲ੍ਹਾ ਪ੍ਰਧਾਨ, ਅਸ਼ੋਕ ਸਹਿਗਲ ਜ਼ਿਲ੍ਹਾ ਪ੍ਰਧਾਨ ਵਪਾਰ ਮੰਡਲ, ਭਗਵਾਨ ਦਾਸ ਸ਼ਰਮਾ ਮੰਡਲ ਪ੍ਰਧਾਨ ਭਾਜਪਾ, ਵਿੱਕੀ ਮਦਾਨ ਪ੍ਰਧਾਨ ਮਮਦੋਟ ਵਪਾਰ ਮੰਡਲ, ਕਾਲਾ ਕੜਮਾ, ਮੁਕੇਸ਼ ਕੁਮਾਰ, ਪੂਨੂੰ ਸ਼ਰਮਾ ਆਦਿ ਹਾਜ਼ਰ ਸਨ।

# ਹੱਕਾਂ ਦੀ ਪ੍ਰਾਪਤੀ ਤੇ ਹਲਕੇ ਦੀ ਖੁਸ਼ਹਾਲੀ ਲਈ ਸਾਡਾ ਸਾਥ ਦਿਓ : ਸਿਮਰਨਜੀਤ ਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਪਾਰਟੀ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਪਾਰਟੀ ਵੱਲੋਂ ਚੌਥਾ ਰੋਡ ਸ਼ੋਅ ਕੱਢਿਆ ਗਿਆ, ਜਿਸਦੀ ਸ਼ੁਰੂਆਤ ਸੰਗਰੂਰ ਸ਼ਹਿਰ ਤੋਂ ਹੋਈ, ਜਿਸ ਤੋਂ ਬਾਅਦ ਇਹ ਰੋਡ ਸ਼ੋਅ ਪਿੰਡ ਮੰਗਵਾਲ, ਬਾਲੀਆਂ, ਭਿੰਡਰਾਂ, ਘਾਬਦਾਂ, ਭਵਾਨੀਗੜ੍ਹ, ਬਲਿਆਲ, ਭੱਟੀਆਲ ਕਲਾਂ, ਕਪਿਆਲ, ਬਟੜਿਆਣਾ, ਘਰਾਚੋਂ, ਬਲਵਾੜ ਕਲਾਂ ਸਮੇਤ ਵੱਖ-ਵੱਖ ਪਿੰਡਾਂ 'ਚੋਂ ਹੁੰਦਾ ਹੋਇਆ ਪਿੰਡ ਖੁਰਾਣਾ ਪਹੁੰਚ ਕੇ ਸੰਪੰਨ ਹੋਇਆ।ਰੋਡ ਸੋਅ ਵਿੱਚ ਭਾਗ ਲੈਣ ਲਈ ਪਾਰਟੀ ਸਮਰਥਕ ਤੇ ਹਲਕੇ ਦੇ ਜਾਗਰੂਕ ਲੋਕ ਆਪ ਮੁਹਾਰੇ ਸਵੇਰੇ 8 ਵਜੇ ਤੋਂ ਹੀ ਆਪੋ-ਆਪਣੇ ਸਾਧਨ ਲੈ ਕੇ ਪਾਰਟੀ ਦੇ ਕੋਲਾ ਪਾਰਕ ਸਥਿਤ ਚੋਣ ਦਫ਼ਤਰ ਇਕੱਠੇ ਹੋਣੇ ਸ਼ੁਰੂ ਹੋ ਗਏ ਸੀ।ਰੋਡ ਸ਼ੋਅ ਨੂੰ ਲੈ ਕੇ ਹਰ ਵਰਗ ਦੇ ਲੋਕਾਂ ਵਿੱਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ।ਖਾਸ ਕਰਕੇ ਨੌਜਵਾਨਾਂ ਦਾ ਜੋਸ਼ ਵੇਖਣ ਵਾਲਾ ਸੀ।ਰੋਡ ਸ਼ੋਅ ਦਾ ਵੱਖ-ਵੱਖ ਥਾਂਵਾਂ 'ਤੇ ਜ਼ੋਰਦਾਰ ਸਵਾਗਤ ਕੀਤਾ ਗਿਆ।ਮਾਨ ਨੇ ਓਪਨ ਗੱਡੀ ਵਿੱਚ ਖੜੇ ਹੋ ਕੇ ਹਲਕਾ ਵਾਸੀਆਂ ਦਾ ਪਿਆਰ ਵਸੂਲਿਆ। ਰੋਡ ਸ਼ੋਅ ਤੋਂ ਪਹਿਲਾ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਨੇ ਅਪੀਲ ਕੀਤੀ ਕਿ ਆਉਣ ਵਾਲੀ 1 ਜੂਨ ਨੂੰ ਤੁਸੀਂ ਆਪਣੀ ਵੋਟ ਦਾ ਇਸਤੇਮਾਲ ਆਪਣੇ ਹੱਕਾਂ ਦੀ ਪ੍ਰਾਪਤੀ ਤੇ ਹਲਕੇ ਦੀ ਖੁਸ਼ਹਾਲੀ ਲਈ ਕਰਨਾ ਹੈ।ਮਾਨ ਨੇ ਕਿਹਾ ਕਿ ਜੇਕਰ ਤੁਸੀਂ ਮੈਨੂੰ ਤਾਕਤ ਬਖਸ਼ੋਗੇ ਤਾਂ ਜੁ ਵਾਅਦੇ ਸਰਕਾਰਾਂ ਭੁੱਲ ਚੁੱਕੀਆਂ ਹਨ, ਉਹ ਅਸੀਂ ਯਾਦ ਕਰਾ ਕੇ ਪੂਰੇ ਕਰਾਵਾਂਗੇ।

ਮਾਨ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਤੇ ਸਰਕਾਰਾਂ ਦਾ ਜ਼ੋਰ ਸਾਨੂੰ ਹਰਾਉਣ ਲਈ ਲੱਗਾ ਹੋਇਆ ਹੈ, ਪਰ ਅਸੀਂ ਡਰਨ ਵਾਲੇ ਨਹੀਂ, ਕਿਉਂਕਿ ਹਲਕੇ ਦੇ ਜਾਗਰੂਕ ਲੋਕਾਂ ਦਾ ਸਮਰਥਨ ਸਾਡੇ ਨਾਲ ਹੈ।ਮਾਨ ਨੇ ਕਿਹਾ ਕਿ ਅਸੀਂ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਹਲਕੇ ਦੀ ਬਿਹਤਰੀ ਲਈ ਹਰ ਸੰਭਵ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ।ਕਰੋੜਾਂ ਰੁਪਏ ਦੀ ਰਾਸ਼ੀ ਹਲਕੇ ਦੇ ਵੱਖ-ਵੱਖ ਪ੍ਰੋਜੈਕਟਾਂ ਲਈ ਕੇਂਦਰ ਤੋਂ ਲਿਆਂਦੀ ਗਈ ਹੈ।ਐਮ.ਪੀ. ਕੋਟੇ ਤਹਿਤ ਕਰੀਬ 10 ਕਰੋੜ ਰੁਪਏ ਦੀ ਗ੍ਰਾਂਟ ਬਿਨਾਂ ਪੱਖਪਾਤ ਤੋਂ ਹਰ ਵਰਗ ਦੀ ਭਲਾਈ ਲਈ ਖਰਚ ਕੀਤੀ ਹੈ।ਮਾਨ ਨੇ ਕਿਹਾ ਕਿ ਸਰਕਾਰਾਂ ਦੇ ਕੰਨਾਂ ਤੱਕ ਆਪਣੀ ਆਵਾਜ਼ ਪੁਚਾਉਣ ਲਈ ਇਸ ਵਾਰ ਚੋਣ ਨਿਸ਼ਾਨ ਬਾਲਟੀ ਦਾ ਬਟਨ ਦਬਾ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਮੂਹ ਉਮੀਦਵਾਰਾਂ ਨੂੰ ਜਿਤਾਇਆ ਜਾਵੇ।

# ਵੋਟਾਂ ਰਾਹੀਂ ਬੰਦੇ ਬਦਲੇ ਜਾ ਸਕਦੇ ਹਨ, ਪ੍ਰਬੰਧ ਨਹੀਂ : ਇਨਕਲਾਬੀ ਕੇਂਦਰ ਪੰਜਾਬ



**ਜਗਰਾਉਂ (ਅਮਿਤ ਖੰਨਾ)**-ਇਨਕਲਾਬੀ ਕੇਂਦਰ ਪੰਜਾਬ ਦੇ ਸੱਦੇ 'ਤੇ ਨਛੱਤਰ ਸਿੰਘ ਯਾਦਗਾਰੀ ਹਾਲ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਤੇ ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਵਰਕਰਾਂ ਦੀ ਮੀਟਿੰਗ ਹੋਈ।ਇਸ ਸਮੇਂ ਦੇਸ਼ ਭਰ ਚ 18 ਵੀ ਲੋਕ ਸਭਾ ਚੋਣਾਂ ਦੌਰਾਨ ਵੋਟ ਕੀਹਨੂੰ ਪਾਈਏ ਵਿਸ਼ੇ 'ਤੇ ਖੁੱਲ੍ਹ ਕੇ ਵਿਚਾਰ-ਚਰਚਾ ਹੋਈ।ਵਿਚਾਰ ਪ੍ਰਗਟ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਪਾਰਲੀਮਾਨੀ ਚੋਣ ਪ੍ਰਬੰਧ ਪੂੰਜੀਪਤੀ ਵਰਗ ਵੱਲੋਂ ਕਿਰਤੀ ਵਰਗ ਤੇ ਰਾਜ ਕਰਨ ਦਾ ਸੰਦ ਮਾਤਰ ਹੈ।ਵੋਟ ਹਰ ਨਾਗਰਿਕ ਦਾ ਮੌਲਿਕ ਤੇ ਪਵਿੱਤਰ ਅਧਿਕਾਰ ਕਹਿਣਾ ਤੇ ਪ੍ਰਚਾਰਨਾ ਮਹਿਜ ਸ਼ੋਸ਼ੇਬਾਜ਼ੀ ਤੇ ਭਰਮਜਾਲ ਹੈ ਇਸ ਤੋਂ ਵੱਧ ਕੁੱਝ ਨਹੀਂ।77 ਸਾਲ ਦਾ ਭਾਰਤੀ ਵੋਟ ਸਿਸਟਮ ਦਾ ਤਜਰਬਾ ਦੱਸਦਾ ਹੈ ਕਿ ਇਸ ਪੌਣੀ ਸਦੀ ਦੌਰਾਨ ਸਾਮਰਾਜੀ ਨੀਤੀਆਂ ਰਾਹੀ ਹਕੂਮਤਾਂ ਨੇ ਦੇਸ਼ ਨੂੰ ਵੱਡੇ ਮਗਰਮੱਛਾਂ ਕੋਲ ਗਹਿਣੇ ਪਾਇਆ ਹੈ।ਦੇਸ਼ ਨੂੰ ਵੇਚਣ ਤੇ ਵੱਡੇ ਕਾਰਪੋਰੇਟਾਂ ਦਾ ਗੁਲਾਮ ਬਣਾ ਕੇ ਹਾਲਾਤ ਦੇਸ਼ ਚ ਹਕੂਮਤਾਂ ਵੱਲੋਂ ਇਹ ਬਣਾ ਦਿੱਤੇ ਹਨ ਕਿ 27 ਪ੍ਰਤੀਸ਼ਤ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ।ਇਸ ਸਮੇਂ ਦੂਜੀਆਂ ਦੀ ਤੀਜੀ ਮਹਾਸ਼ਕਤੀ ਬਨਣ ਦੇ ਦਾਵੇ ਕਰਨ ਵਾਲੇ ਮੁਲਕ 'ਚ ਪਿਛਲੇ ਸਮੇਂ 'ਚ ਸਾਢੇ ਚਾਰ ਲੱਖ ਕਿਸਾਨ ਖ਼ੁਦਕੁਸ਼ੀਆਂ ਕਰ ਗਏ ਹਨ।ਸਾਡੇ ਮੁਲਕ 'ਚ 9 ਲੱਖ ਲੋਕ ਹਰ ਸਾਲ ਕੈਂਸਰ ਨਾਲ ਮਰ ਰਹੇ ਹਨ।2023 'ਚ 13 ਹਜ਼ਾਰ ਵਿਦਿਆਰਥੀ ਤਨਾਅ ਕਾਰਨ ਖੁਦਕਸ਼ੀ ਕਰ ਗਏ ਹਨ।ਉੱਪਰਲੇ ਇੱਕ ਪ੍ਰਤੀਸ਼ਤ ਲੋਕ 40 ਪ੍ਰਤੀਸ਼ਤ ਧਨ ਦੌਲਤ 'ਤੇ ਕਾਬਜ਼ ਹਨ।2023 ਚ 15 ਤੋਂ 29 ਸਾਲ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 83 ਪਰਤੀਸ਼ਤ ਸੀ।ਗੌਤਮ ਅਡਾਨੀ ਦੀ ਰੋਜ਼ਾਨਾ ਆਮਦਨ 1600 ਕਰੋੜ ਰੁਪਏ ਹੈ।2014 ਵਿੱਚ ਮੁਲਕ ਸਿਰ ਕਰਜ਼ਾ 58.6 ਲੱਖ ਕਰੋੜ ਤੋਂ ਵੱਧ ਕੇ 2024 ਚ 254 ਲੱਖ ਕਰੋੜ ਰੁਪਏ ਹੋ ਗਿਆ।ਯੂ ਏ ਪੀ ਏ ਤਹਿਤ 2014 ਤੋ 2020 ਤੱਕ 6900 ਕੇਸ ਦਰਜ ਹੋਏ, ਪਰ ਸਜ਼ਾ ਸਿਰਫ 253 ਨੂੰ ਹੋਈ।ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਚ ਚੁਣੀਆਂ ਸਰਕਾਰਾਂ ਨੇ ਗ਼ਰੀਬੀ, ਭੁੱਖਮਰੀ , ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ, ਪ੍ਰਵਾਸ ਰੋਕਣ ਲਈ ਕੁਝ ਨਹੀ ਕੀਤਾ ਤਾਂ ਹੁਣ ਕਿਸ ਵਿਸ਼ਵਾਸ਼ 'ਤੇ ਲੋਕ ਵੋਟਾਂ ਪਾਉਣ, ਇਸ ਗੱਲ ਦਾ ਕਿਸੇ ਵੋਟ ਪਾਰਟੀ ਕੋਲ ਕੋਈ ਜਵਾਬ ਨਹੀਂ ਹੈ।ਮੀਟਿੰਗ ਚ ਸਰਬਸੰਮਤੀ ਨਾਲ ਰਾਇ ਇਹ ਬਣੀ ਕਿ ਇਸ ਵਾਰ ਸੱਤਾ ਹਾਸਲ ਕਰਨ ਲਈ ਵਿਚਾਰਧਾਰਾਵਾਂ, ਪ੍ਰਤੀ ਬੱਧਤਾਵਾਂ ਅਰਥਹੀਨ ਹੋ ਗਈਆਂ ਹਨ।ਇਸੇ ਕਾਰਨ ਲੋਕਾਂ ਦੀ ਵੋਟਾਂ 'ਚ ਕੋਈ ਦਿਲਚਸਪੀ ਨਹੀਂ ਹੈ।ਉਨ੍ਹਾਂ ਕਿਹਾ ਕਿ ਅਸਲ ਲੋਕਰਾਜ ਲੋਕ ਲਹਿਰਾਂ ਤੇ ਮਜ਼ਬੂਤ ਸੰਘਰਸ਼ਾਂ ਰਾਹੀਂ ਹੀ ਸਿਰਜਿਆ ਜਾਵੇਗਾ, ਨਾਕਿ ਵੋਟਾਂ ਰਾਹੀ।ਲੋਕਾਂ ਨੇ ਅਪਣੇ ਪਿਛਲੇ ਅਮਲ 'ਚ ਦੇਖ ਲਿਆ ਹੈ ਕਿ ਮਸਲਿਆਂ ਮੰਗਾਂ ਦਾ ਹੱਲ ਸਿਰਫ ਤੇ ਸਿਰਫ਼ ਸੰਘਰਸ਼ ਹੈ।ਸਮੂਹ ਹਾਜ਼ਰ ਸਾਥੀਆਂ ਨੇ ਪਿੰਡਾਂ ਚ ਜਥੇਬੰਦਕ ਤਾਕਤ ਮਜ਼ਬੂਤ ਕਰਨ ਦਾ ਅਹਿਦ ਲਿਆ।ਮੋਦੀ ਦੇ ਫ਼ਾਸ਼ੀਰਾਜ ਅਤੇ ਕਾਰਪੋਰੇਟ ਦੇ ਗਲਬੇ ਖ਼ਿਲਾਫ਼ ਕਿਰਤੀ ਕਾਮੇ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਕਰਨ ਦਾ ਪ੍ਰਣ ਲਿਆ।

# ਬਾਰ ਐਸੋਸੀਏਸ਼ਨ ਨੇ ਠੰਢੇ ਮਿੱਠੇ ਜਲ ਜ਼ੀਰਾ ਦੀ ਛਬੀਲ ਲਗਾਈ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਦੇ ਬਾਹਰ ਠੰਢੇ ਮਿੱਠੇ ਜਲ ਜ਼ੀਰਾ ਦੀ ਛਬੀਲ ਲਗਾਈ ਗਈ, ਜਿਸ ਦਾ ਉਦਘਾਟਨ ਮੈਡਮ ਦੀਪਿਕਾ ਸਿੰਘ ਐਡੀਸ਼ਨਲ ਪ੍ਰਿੰਸੀਪਲ ਜੱਜ ਫੈਮਲੀ ਕੋਰਟ ਸਮਾਣਾ ਨੇ ਕੀਤਾ। ਇਸ ਮੌਕੇ ਜੱਜ ਸਾਹਿਬਾਨ ਰਜਿੰਦਰ ਸਿੰਘ ਨਾਗਪਾਲ, ਪਾਰਸਮੀਤ ਰਿਸ਼ੀ, ਮੈਡਮ ਆਸੀਆ ਜਿੰਦਲ, ਮੈਡਮ ਏਕਤਾ ਸੇਡਾ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਸੈਕਟਰੀ ਹਰਮਨਦੀਪ ਸਿੰਘ ਸਿੱਧੂ, ਮੀਤ ਪ੍ਰਧਾਨ ਰਿਸ਼ੀ ਚੋਪੜਾ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ, ਕੈਸ਼ੀਅਰ ਸੰਦੀਪ ਜਿੰਦਲ, ਲਾਇਬ੍ਰੇਰੀਅਨ ਨਿਰਲੇਪ ਕੌਰ, ਐਗਜ਼ੈਕਟਿਵ ਮੈਂਬਰ ਗੁਰਜੀਤ ਕੌਰ ਬੱਲ, ਅਰਮਾਨ ਸਿੰਘ, ਰਾਜਵਿੰਦਰ ਗੋਇਲ ਤੋਂ ਇਲਾਵਾ ਬਾਰ ਐਸੋਸੀਏਸ਼ਨ ਸਮਾਣਾ ਦੇ ਸੀਨੀਅਰ ਐਡਵੋਕੇਟ ਕੁਲਵੰਤ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਗਲੌਲੀ, ਸੁਰੇਸ਼ ਸ਼ਰਮਾ, ਦਵਿੰਦਰ ਸਿੰਘ ਢਿੱਲੋਂ, ਨਵਦੀਪ ਸਿੰਘ ਢਿੱਲੋਂ, ਸੁਰਿੰਦਰ ਸਿੰਘ ਰੰਧਾਵਾ, ਰਵਿੰਦਰ ਸਹੋਤਾ, ਵਿਕਾਸ ਸ਼ਰਮਾ, ਅਸੀਨ ਖਾਨ, ਰਮਨਦੀਪ ਕੌਰ, ਮਨਪ੍ਰੀਤ ਕੌਰ, ਪ੍ਰਿਆ, ਵਿਕਰਮ ਭਟਨਾਗਰ, ਅਮਰਜੀਤ ਸਿੰਘ ਬਾਜਵਾ, ਬਘੇਲ ਸਿੰਘ ਸੰਧੂ, ਜਸਬੀਰ ਸਿੰਘ, ਗੁਰਵਿੰਦਰ ਸਿੰਘ ਕਾਲੇਕਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਕੀਲ ਸਾਹਿਬਾਨ ਹਾਜ਼ਰ ਸਨ। ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਇਹ ਛਬੀਲ ਲਗਾਈ ਗਈ ਹੈ, ਕਿਉਂਕਿ ਗਰਮੀ ਬਹੁਤ ਵਧ ਗਈ ਹੈ, ਜਿਸ ਲਈ ਮਨੁੱਖੀ ਸਰੀਰ ਨੂੰ ਪਾਣੀ ਦੀ ਬਹੁਤ ਲੋੜ ਹੈ। ਉਨ੍ਹਾ ਕਿਹਾ ਕਿ ਜੇਕਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗਰਮੀ ਤੋਂ ਬਚਾਉਣ ਹੈ ਤਾਂ ਵੱਧ ਤੋਂ ਵੱਧ ਛਾਂਦਾਰ ਦਰੱਖਤ ਲਗਾਉਣੇ ਚਾਹੀਦੇ ਹਨ।

# ਪੁਰਾਣੀ ਪੈਨਸ਼ਨ ਬਹਾਲੀ ਦੇ ਰਾਹ 'ਚ ਰੁਕਾਵਟ ਬਣਨ ਵਾਲੀਆਂ ਪਾਰਟੀਆਂ ਨੂੰ ਸੱਤਾ ਤੋਂ ਦੂਰ ਕਰਨ ਮੁਲਾਜ਼ਮ : ਪੀ ਪੀ ਪੀ ਐੱਫ਼




**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਮੁਕਤੇਮੀਨਾਰ ਵਿਖੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਦੀ ਅਗਵਾਈ ਹੇਠ ਮੀਟਿੰਗ ਕਰਕੇ ਵੱਖ-ਵੱਖ ਪਾਰਟੀਆਂ ਵੱਲੋਂ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਪਹੁੰਚ ਅਤੇ ਦਿੱਤੀਆਂ ਜਾ ਰਹੀਆਂ ਚੋਣ ਗਾਰੰਟੀਆਂ ਬਾਰੇ ਵਿਚਾਰ ਚਰਚਾ ਕਰਨ ਉਪਰੰਤ ਪੁਰਾਣੀ ਪੈਨਸ਼ਨ ਬਹਾਲੀ ਦੇ ਰਾਹ ਵਿੱਚ ਰੁਕਾਵਟ ਬਣਨ ਵਾਲੀਆਂ ਪਾਰਟੀਆਂ ਨੂੰ ਸੱਤਾ ਤੋਂ ਦੂਰ ਕਰਨ ਲਈ ਮੁਲਾਜ਼ਮਾਂ ਨੂੰ ਸੱਦਾ ਦੇਣ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਆਗੂਆਂ ਕੁਲਵਿੰਦਰ ਸਿੰਘ ਗੋਨੇਆਣਾ, ਰਵੀ ਕੁਮਾਰ, ਕੁਲਵੰਤ ਸਿੰਘ, ਮਨਿੰਦਰ ਸਿੰਘ, ਰੌਸ਼ਨ ਸਿੰਘ, ਸੁਰਿੰਦਰ ਕੁਮਾਰ, ਸੁਸ਼ੀਲ ਕੁਮਾਰ, ਰਜਿੰਦਰ ਸਿੰਘ, ਬਲਦੇਵ ਸਿੰਘ, ਸਰਬਜੀਤ ਸਿੰਘ ਰਵੀ ਕੁਮਾਰ, ਰਵਿੰਦਰ ਸਿੰਘ, ਹੀਰਾ ਸਿੰਘ, ਬਲਜੀਤ ਸਿੰਘ ਨੇ ਕਿਹਾ ਕਿ ਭਾਵੇਂ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਵੱਲੋਂ ਮੁਲਾਜ਼ਮਾਂ ਨੂੰ ਲੁਭਾਉਣ ਲਈ ਵੱਖ-ਵੱਖ ਚੋਣ ਗਰੰਟੀਆਂ ਦਿੱਤੀਆਂ ਗਈਆਂ ਹਨ, ਪਰ ਭਾਰਤੀ ਜਨਤਾ ਪਾਰਟੀ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਖਿਲਾਫ਼ ਲਗਾਤਾਰ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਇਸ ਨੂੰ ਦੇਸ ਦੀ ਆਰਥਿਕਤਾ ਤੇ ਭਾਰੀ ਬੋਝ ਦੱਸਿਆ ਜਾ ਰਿਹਾ ਹੈ।ਦੇਸ਼ ਅੰਦਰ 2004 ਤੋਂ ਬਾਅਦ ਭਰਤੀ ਹੋਏ ਰੈਗੂਲਰ ਮੁਲਾਜ਼ਮਾਂ ਦੀ ਮੁੱਖ ਮੰਗ ਦੇ ਰੂਪ ਵਿੱਚ ਉੱਭਰੀ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਹਾਲੀਆ ਕੁਝ ਸੂਬਾ ਸਰਕਾਰਾਂ (ਝਾਰਖੰਡ, ਛੱਤੀਸਗੜ੍ਹ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼) ਵੱਲੋਂ ਮੁੜ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਮੁਲਾਜ਼ਮ ਪੱਖੀ ਵਰਤਾਰੇ ਨੂੰ ਰੋਕਣ ਲਈ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਿੱਥੇ ਸੰਸਦ ਦੇ ਅੰਦਰ ਅਤੇ ਬਾਹਰ ਆਪਣੇ ਮੰਤਰੀਆਂ ਤੇ ਨੀਤੀਕਾਰਾਂ ਰਾਹੀਂ ਪੁਰਾਣੀ ਪੈਨਸ਼ਨ ਖਿਲਾਫ ਖੁੱਲ੍ਹ ਕੇ ਕੂੜ ਪ੍ਰਚਾਰ ਕੀਤਾ ਗਿਆ, ਉੱਥੇ ਪੀ.ਐੱਫ.ਆਰ.ਡੀ.ਏ. ਦੇ ਰੂਪ ਵਿੱਚ ਕਨੂੰਨੀ ਅੜਿੱਕਾ ਵੀ ਖੜਾ ਕੀਤਾ ਗਿਆ ਹੈ।ਕੇਂਦਰੀ ਵਿੱਤ ਮੰਤਰੀ, ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ, ਨੀਤੀ ਆਯੋਗ ਅਤੇ ਸਰਕਾਰ ਦੇ ਪ੍ਰਭਾਵ ਅਧੀਨ ਹੋਰਨਾਂ ਅਦਾਰਿਆਂ ਵੱਲੋਂ ਪੁਰਾਣੀ ਪੈਨਸ਼ਨ ਨੂੰ ਖਤਰਨਾਕ ਵਰਤਾਰੇ, ਕੌਮੀ ਵਿਕਾਸ ਲਈ ਰੁਕਾਵਟ ਤੇ ਭਵਿੱਖ ਦੀਆਂ ਪੀੜੀਆਂ ਲਈ ਬੋਝ ਦੱਸਣ ਵਾਲੀ ਕਾਰਪੋਰੇਟ ਪੱਖੀ ਨੀਤੀ ਜੱਗ ਜ਼ਾਹਰ ਹੈ, ਜਦੋਂਕਿ ਇਸੇ ਸਰਕਾਰ ਦੁਆਰਾ ਕਾਰਪੋਰੇਟ ਘਰਾਣਿਆਂ ਤੋਂ 16 ਲੱਖ ਕਰੋੜ ਰੁਪਏ ਦੇ ਕਰਜ਼ੇ ਦੀ ਸਖ਼ਤੀ ਨਾਲ਼ ਉਗਰਾਹੀ ਕਰਨ ਦੀ ਬਜਾਏ ਇਸ ਨੂੰ ਨਾ ਮੁੜਨਯੋਗ ਕਰਜ਼ਾ ਐਲਾਨ ਕੇ ਵੱਟੇ ਖਾਤੇ ਪਾ ਦਿੱਤਾ ਗਿਆ ਹੈ।

# ਅਕਾਲੀ ਆਗੂ ਤਨੇਜਾ ਸਮਰਥਕਾਂ ਸਮੇਤ 'ਆਪ' 'ਚ ਸ਼ਾਮਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਇਲਾਕੇ ਦੇ ਟਕਸਾਲੀ ਅਕਾਲੀ ਪਰਿਵਾਰ ਨਾਲ ਸੰਬੰਧਤ ਨੌਜਵਾਨ ਆਗੂ ਅਮਨਦੀਪ ਸਿੰਘ ਤਨੇਜਾ ਨੇ ਪਾਰਟੀ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕਰ ਲਈ ਹੈ। ਸਥਾਨਕ ਦਸਮੇਸ਼ ਨਗਰ ਵਿਖੇ ਹੋਈ ਚੋਣ ਸਭਾ ਦੌਰਾਨ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਅਮਨ ਤਨੇਜਾ ਤੇ ਉਨ੍ਹਾਂ ਦੇ ਸਮਰਥਕਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਇਲਾਕੇ ਦੇ ਲੋਕ 'ਆਪ' ਸਰਕਾਰ ਵੱਲੋਂ ਕਰਵਾਏ ਵਿਕਾਸ ਕਾਰਜਾਂ ਤੇ ਪੂਰੇ ਕੀਤੇ ਵਾਅਦਿਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਮਰਥਕਾਂ ਨੂੰ ਪਾਰਟੀ ਵਿੱਚ ਪੂਰਾ ਸਨਮਾਨ ਮਿਲੇਗਾ।

ਇਸ ਮੌਕੇ ਅਮਨ ਤਨੇਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਛੀਵਾੜਾ ਇਲਾਕੇ ਦੀਆਂ 3 ਪ੍ਰਮੁੱਖ ਸੜਕਾਂ, ਜਿਨ੍ਹਾਂ ਦੀ ਹਾਲਤ ਬੇਹੱਦ ਖਸਤਾ ਸੀ, ਪਰ 'ਆਪ' ਸਰਕਾਰ ਨੇ ਆਪਣੇ 2 ਸਾਲਾ ਕਾਰਜਕਾਲ ਦੌਰਾਨ ਇਨ੍ਹਾਂ ਦੇ ਵਿਕਾਸ ਕਾਰਜ ਮੁਕੰਮਲ ਕਰਵਾਏ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹ ਪਾਰਟੀ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ 'ਆਪ' ਆਗੂ ਮੋਹਿਤ ਕੁੰਦਰਾ, ਜਥੇਦਾਰ ਮਨਮੋਹਣ ਸਿੰਘ ਖੇੜਾ, ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਅਜਮੇਰ ਸਿੰਘ ਮੁਬਾਰਕਪੁਰ, ਨਵਤੇਜ ਸਿੰਘ ਉਟਾਲਾਂ, ਨਿਰੰਜਨ ਸਿੰਘ ਨੂਰ ਆਦਿ ਮੌਜੂਦ ਸਨ।

# ਹਾਈਕੋਰਟ ਦੇ ਪੈਨਸ਼ਨਰ ਪੱਖੀ ਫੈਸਲੇ ਲਾਗੂ ਕੀਤੇ ਜਾਣ-ਲੈਕ : ਸੁਖਮੰਦਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮੋਗਾ ਦੀ ਇੱਕ ਵਿਸ਼ੇਸ਼ ਮੀਟਿੰਗ ਲੈਕਚਰਾਰ ਸੁਖਮੰਦਰ ਸਿੰਘ ਦੀ ਪ੍ਰਧਾਨਗੀ ਹੇਠ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿੱਚ ਹੋਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਤੇ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ 20 ਸਤੰਬਰ 2023 ਨੂੰ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਫੈਸਲੇ ਰਾਹੀਂ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦਾ 1 ਜਨਵਰੀ 2016 ਤੋਂ 30 ਜੂਨ 2021 ਤੱਕ ਛੇਵੇਂ ਪੇ ਕਮਿਸ਼ਨ ਅਨੁਸਾਰ ਬਣਦਾ ਬਕਾਇਆ ਦੇਣ ਦਾ ਫੈਸਲਾ ਦਿੱਤਾ ਸੀ। ਪੰਜਾਬ ਸਰਕਾਰ ਵੱਲੋਂ ਇਸ ਫੈਸਲੇ ਨੂੰ ਜਨਰਲਾਈਜ਼ ਕਰਨ ਦੀ ਬਜਾਏ ਇਸ ਬਕਾਏ ਸਬੰਧੀ ਚੁੱਪ ਧਾਰ ਰੱਖੀ ਹੈ। ਪਿਛਲੀ ਕਾਂਗਰਸ ਸਰਕਾਰ ਨੇ ਇਸ ਬਕਾਏ ਨੂੰ ਕਿਸ਼ਤਾਂ ਵਿੱਚ ਦੇਣ ਦਾ ਫੈਸਲਾ ਕੀਤਾ ਸੀ, ਜਿਸ ਨੂੰ ਲਾਗੂ ਨਹੀਂ ਕੀਤਾ ਗਿਆ। ਛੇਵੇਂ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ 2.59 ਦਾ ਗੁਣਾਂਕ ਮੌਜੂਦਾ ਵਿੱਤ ਮੰਤਰੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਹੁੰਦਿਆਂ ਜਾਇਜ਼ ਦੱਸਿਆ ਸੀ, ਪਰ ਹੁਣ ਆਪਣੀ ਪਾਰਟੀ ਦੀ ਸਰਕਾਰ ਆਉਣ 'ਤੇ ਲਾਗੂ ਤਾਂ ਕੀ ਕਰਨਾ ਸੀ, ਸਗੋਂ ਇਸ ਮਸਲੇ 'ਤੇ ਸਾਜ਼ਿਸ਼ੀ ਚੁੱਪ ਧਾਰ ਰੱਖੀ ਹੈ। ਪ੍ਰੈੱਸ ਬੁਲਾਰਿਆਂ ਪ੍ਰੇਮ ਕੁਮਾਰ, ਗੁਰਜੰਟ ਸਿੰਘ, ਗੁਰਦੇਵ ਸਿੰਘ, ਜਗਜੀਤ ਸਿੰਘ ਰਖਰਾ ਤੇ ਬਿੱਕਰ ਸਿੰਘ ਮਾਛੀਕੇ ਨੇ ਕਿਹਾ ਕਿ ਮੱਧ ਪ੍ਰਦੇਸ਼ ਸਰਕਾਰ ਦੁਆਰਾ ਪੈਨਸ਼ਨਰ ਜਥੇਬੰਦੀਆਂ ਦੀ ਮਾਨਤਾ ਇਸ ਲਈ ਖਾਰਜ ਕਰ ਦਿੱਤੀ ਕਿ ਉਹ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਕਰ ਰਹੀਆਂ ਹਨ, ਜੋ ਕਿ ਇੱਕ ਤਾਨਾਸ਼ਾਹ ਬੀ.ਜੇ.ਪੀ. ਹਕੂਮਤ ਦਾ ਘਿਨਾਉਣਾ ਕਾਰਨਾਮਾ ਹੈ ਅਤੇ ਆਪਣੇ ਹੱਕ ਮੰਗਣ ਦੇ ਜਮੂਹਰੀ ਹੱਕਾਂ 'ਤੇ ਡਾਕਾ ਹੈ। ਉਨ੍ਹਾਂ 25 ਸਾਲ ਦੀ ਪੂਰੀ ਸਰਵਿਸ ਕਰਨ ਵਾਲੇ 1 ਦਸੰਬਰ 2011 ਤੋਂ ਪਹਿਲੇ ਪੈਨਸ਼ਨਰਾਂ ਦੇ ਹੱਕ ਵਿੱਚ ਦਿੱਤੇ ਫੈਸਲੇ ਨੂੰ ਜਨਰਲਾਈਜ਼ ਕਰਨ ਦੀ ਮੰਗ ਕੀਤੀ। ਇਸ ਮੌਕੇ ਸਰਬਜੀਤ ਦੌਧਰ, ਮਾ. ਸੁਖਦੇਵ ਸਿੰਘ, ਬਲਵਿੰਦਰ ਸਿੰਘ ਗਿੱਲ, ਮਨਜੀਤ ਸਿੰਘ, ਰਾਮ ਕੁਮਾਰ ਤੇ ਹੋਰਨਾਂ ਆਗੂਆਂ ਨੇ ਪੈਨਸ਼ਨ ਵਿੱਚੋਂ ਕਮਿਊਟੇਸ਼ਨ ਕਟੌਤੀ ਸਬੰਧੀ ਮਾਨਯੋਗ ਕੋਰਟ ਦੇ ਫੈਸਲੇ ਨੂੰ ਲਾਗੂ ਕਰਨ ਦੀ ਮੰਗ ਕੀਤੀ ਕਿ ਕਟੌਤੀ 10 ਸਾਲ 8 ਮਹੀਨੇ ਤੋਂ ਵੱਧ ਕਰਨ ਦੀ ਲਾਈ ਰੋਕ ਲਾਗੂ ਕੀਤੀ ਜਾਵੇ ਤੇ ਵੱਧ ਕੀਤੀ ਗਈ ਕਟੌਤੀ ਦਾ ਬਕਾਇਆ ਤੁਰੰਤ ਦਿੱਤਾ ਜਾਵੇ।

# ਸਾਬਕਾ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ ਨੇ ਕਾਦੀਆਂ ਤੋਂ ਬਿਆਸ ਰੇਲ ਗੱਡੀ ਚਲਾਉਣ ਦੀ ਦਿੱਤੀ ਗਾਰੰਟੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** -ਵਿਧਾਨ ਸਭਾ ਹਲਕਾ ਗੁਰਦਾਸਪੁਰ ਅਧੀਨ ਪੈਂਦੇ ਮੰਡਲ ਕਾਦੀਆਂ ਵਿੱਚ ਸ਼ਾਂਤੀ ਪੈਲੇਸ ਵਿਖੇ ਭਾਰਤੀ ਜਨਤਾ ਪਾਰਟੀ ਵਲੋਂ ਕਾਦੀਆਂ ਦੇ ਸਾਬਕਾ ਮੰਡਲ ਪ੍ਰਧਾਨ ਡਾ. ਅਜੇ ਕੁਮਾਰ ਛਾਬੜਾ ਦੀ ਅਗਵਾਈ ਹੇਠ ਰੈਲੀ ਕੀਤੀ ਗਈ ਜਿਸ ਵਿੱਚ ਜੰਮੂ-ਕਸ਼ਮੀਰ ਦੇ ਸਾਬਕਾ ਉਪ ਮੁੱਖ ਮੰਤਰੀ ਮਾਨਯੋਗ ਕਵਿੰਦਰ ਗੁਪਤਾ ਅਤੇ ਗੁਰਦਾਸਪੁਰ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਗਿੱਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਜਿਸ ਵਿੱਚ ਭਾਰੀ ਗਿਣਤੀ ਵਿੱਚ ਭਾਜਪਾ ਦੇ ਮਿਹਨਤੀ ਤੇ ਜੁਝਾਰੂ ਕਾਰਜਕਰਤਾ ਅਤੇ ਸ਼ਹਿਰ ਵਾਸੀਆਂ ਨੇ ਹਿਸਾ ਲਿਆ।ਇਸ ਰੈਲੀ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਜੰਮੂ- ਕਸ਼ਮੀਰ ਦੇ ਸਾਬਕਾ ਉਪ ਮੁੱਖ ਮੰਤਰੀ ਮਾਨਯੋਗ ਕਵਿੰਦਰ ਗੁਪਤਾ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਦੀ ਭੋਲੀ ਭਾਲੀ ਜਨਤਾ ਨੂੰ ਕਾਦੀਆਂ ਦੇ ਲੀਡਰਾਂ ਨੇ ਕਾਦੀਆਂ ਤੋਂ ਬਿਆਸ ਰੇਲਵੇ ਲਾਈਨ ਕੱਢਾ ਕੇ ਦੇਣ ਦੇ ਕਈ ਵਾਰ ਲੱਡੂ ਖੁਆ ਦਿੱਤੇ ਹਨ ਅਤੇ ਕਈ ਵਾਰੀ ਢੋਲ ਵਾਜੇ ਵੀ ਵਜਾ ਦਿੱਤੇ ਪੱਰ ਅੱਜ ਤੱਕ ਨਾ ਤੇ ਕਾਦੀਆਂ ਤੋਂ ਬਿਆਸ ਰੇਲ ਲਾਈਨ ਨਿਕਲੀ ਅਤੇ ਨਾ ਹੀ ਰੇਲ ਗੱਡੀ ਚੱਲੀ। ਉਨ੍ਹਾਂ ਕਾਦੀਆਂ ਦੀ ਜਨਤਾ ਨੂੰ ਮੋਦੀ ਸਾਹਿਬ ਵਲੋਂ ਗਰੰਟੀ ਦਿੱਤੀ ਕਿ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਤੀਸਰੀ ਵਾਰ ਸਰਕਾਰ ਬਣਨ 'ਤੇ ਸਭ ਤੋਂ ਪਹਿਲਾ ਕੰਮ ਕਾਦੀਆਂ ਤੋਂ ਬਿਆਸ ਰੇਲ ਚਲਾਉਣ ਦੇ ਕੰਮ ਨੂੰ ਸਿਰੇ ਚਾੜ੍ਹਿਆ ਜਾਵੇਗਾ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਾਸੀਆਂ ਨੂੰ ਯਕੀਨ ਦਿਵਾਉਂਦੀ ਹੈ ਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਜਿਤਾਉ ਉਸ ਉਪਰੰਤ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਲਿਆਉ ਅਸੀਂ ਪੰਜਾਬ ਵਾਸੀਆਂ ਨੂੰ ਗਰੰਟੀ ਦਿੰਦੇ ਹਾਂ ਕਿ ਪੰਜਾਬ ਵਿੱਚ ਸਭ ਤੋਂ ਪਹਿਲਾਂ ਕੰਮ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਵਾਂਗੇ। ਉਨ੍ਹਾਂ ਨੇ ਅੱਗੇ ਕਿਹਾ ਕਿ ਗੁਰਦਾਸਪੁਰ ਹਲਕੇ ਦੇ ਲੋਕ 1 ਜੂਨ ਨੂੰ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦਿਨੇਸ਼ ਸਿੰਘ ਬੱਬੂ ਨੂੰ ਆਪਣਾ ਇੱਕ ਇੱਕ ਕੀਮਤੀ ਵੋਟ ਪਾਕੇ ਕਾਮਯਾਬ ਕਰੋ ਇਸ ਮੌਕੇ ਡਾਕਟਰ ਅਜੇ ਕੁਮਾਰ ਛਾਬੜਾ ਤੋਂ ਇਲਾਵਾ ਗੁਰਮੁੱਖ ਸਿੰਘ ਐਨਜੀਉ ਸੈਲ, ਲੱਕੀ, ਸਾਹਿਲ ਸੇਠ, ਅਸ਼ਵਨੀ ਵਰਮਾ, ਕੁਲਵੰਤ ਸਿੰਘ, ਸੁਖਵਿੰਦਰ ਨਾਹਰ ਪ੍ਰਧਾਨ ਬਾਲਮਿਕ ਸਭਾ, ਨਰੇਸ਼ ਚੋਪੜਾ, ਰਾਜੇਸ਼ ਚੋਪੜਾ, ਸੁਖਵਿੰਦਰ ਸਿੰਘ, ਵਿਮਲ ਕੇਅਰ, ਆਰ ਕੇ, ਡਾਕਟਰ ਪ੍ਰਦੀਪ ਕੁਮਾਰ, ਡਾਕਟਰ ਲਵਲੀ ਛਾਬੜਾ, ਕੁਲਦੀਪ ਕੁਮਾਰ ਸਿੰਘ, ਹਨੀ, ਗੁਰਮੀਤ ਸਿੰਘ ਜੰਗੀ, ਸੁਖਵਿੰਦਰ ਦਾਸ, ਰਾਜੂ ਬਸਰਾਵਾਂ, ਮਨੋਜ ਕੇਅਰ, ਰਾਜ ਕੁਮਾਰ, ਰੋਹਿਤ ਕੁਮਾਰ, ਮਾਸਟਰ ਪਲਵਿੰਦਰ ਸ਼ਰਮਾ, ਬਲਕਾਰ ਸਿੰਘ ਸਮੇਤ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਸੀਐੱਚਸੀ ਨੌਸ਼ਹਿਰਾ ਮੱਝਾ ਸਿੰਘ 'ਚ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਐੱਚਸੀ ਨੌਸ਼ਹਿਰਾ ਮੱਝਾ ਸਿੰਘ ਦੇ ਐੱਸਐੱਮਓ ਡਾਕਟਰ ਰਸ਼ਮੀ ਵਿੱਜ ਦੀ ਅਗਵਾਈ ਹੇਠ ਸੀਐੱਚਸੀ ਨੌਸ਼ਹਿਰਾ ਮੱਝਾ ਸਿੰਘ ਵਿਖੇ ਵਿਸ਼ਵ ਤੰਬਾਕੂ ਦਿਵਸ ਮਨਾਇਆ ਗਿਆ। ਇਸ ਮੌਕੇ ਐੱਸਐੱਮਓ ਡਾਕਟਰ ਰਸ਼ਮੀ ਵਿੱਜ ਨੇ ਦੱਸਿਆ ਕਿ ਹਰ ਸਾਲ ਇਸ ਦਿਨ ਤੇ ਇੱਕ ਨਵਾਂ ਨਾਅਰਾ (ਥੀਮ) ਦਿੱਤਾ ਜਾਂਦਾ ਹੈ। ਪਿਛਲੇ ਸਾਲਾਂ ਵਿੱਚ ਜਿਵੇਂ ਕਿ ਤਰੱਕੀ ਲਈ ਖਤਰਾ, ਜਿੰਦਗੀ ਚੁਣੋ ਤੰਬਾਕੂ ਨਹੀਂ, ਫੇਫੜਿਆਂ ਤੇ ਤੰਬਾਕੂ ਦਾ ਖਤਰਾ, ਜਿਹੇ ਸਲੋਗਨ ਦਿੱਤੇ ਗਏ ਸਨ। ਪਰ ਇਸ ਸਾਲ 2024 ਵਿੱਚ ਨਵਾਂ ਸਲੋਗਨ (ਪ੍ਰੋਟੈਕਟਿੰਗ ਚਿਲਡਰਨ ਫਰੋਮ ਤੰਬਾਕੂ ਇੰਡਸਟਰੀ ਇੰਟਰਫੇਰੈਂਸ) ਤੰਬਾਕੂ ਉਦਯੋਗ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖੋ ਦਿੱਤਾ ਗਿਆ ਹੈ। ਇਸ ਮੌਕੇ ਐਸਐੱਮਓ ਡਾਕਟਰ ਰਸ਼ਮੀ ਵਿੱਜ ਨੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਤੰਬਾਕੂ ਦੇ ਸੇਵਨ ਨਾਲ ਹਰ ਸਾਲ ਲੱਖਾਂ ਲੋਕਾਂ ਦੀ ਮੌਤ ਹੁੰਦੀ ਹੈ। ਸਿਗਰਟਨੋਸ਼ੀ ਫੇਫੜਿਆਂ ਨੂੰ ਕਮਜ਼ੋਰ ਕਰਨ ਦੇ ਨਾਲ ਸ਼ਾਹ ਦੇ ਰੋਗਾਂ ਨੂੰ ਜਨਮ ਦਿੰਦੀ ਹੈ ਅਤੇ ਕੈਂਸਰ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਤੰਬਾਕੂ ਦਾ ਸੇਵਨ ਕਰਨ ਨਾਲ ਮੂੰਹ ਦਾ ਕੈਂਸਰ, ਫੇਫੜਿਆਂ ਦਾ ਕੈਂਸਰ, ਗਲੇ ਦਾ ਕੈਂਸਰ, ਪੇਟ ਦਾ ਕੈਂਸਰ, ਮਸਾਨਿਆਂ ਦਾ ਕੈਂਸਰ, ਸਾਹ ਦੀਆਂ ਬਿਮਾਰੀਆਂ, ਮਸੂੜਿਆਂ ਦੀਆਂ ਬਿਮਾਰੀਆਂ ਅਤੇ ਦਿਲ ਦੀਆਂ ਬਿਮਾਰੀਆਂ ਵਿੱਚ ਬਹੁਤ ਵਾਧਾ ਹੁੰਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤੰਬਾਕੂਨੋਸ਼ੀ ਤੋਂ ਬਚਣ ਅਤੇ ਤੰਬਾਕੂ ਦੀ ਵਰਤੋਂ ਰੋਕਣ ਲਈ ਸਮਾਜ ਦੇ ਹਰ ਵਰਗ ਨੂੰ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਐੱਸਐੱਮਓ ਨੇ ਦੱਸਿਆ ਤੰਬਾਕੂ ਤੋਂ ਬਚਾਅ ਲਈ ਮਲਟੀਪਰਪਜ਼ ਹੈਲਥ ਵਰਕਰ ਫੀਲਡ ਵਿੱਚ ਜਾ ਕੇ ਲੋਕਾਂ ਨੂੰ ਇਸਦੇ ਮਾੜੇ ਪ੍ਰਭਾਵਾਂ ਤੋਂ ਅਕਸਰ ਜਾਣੂ ਕਰਵਾਉਂਦੇ ਹਨ। ਕੋਈ ਵੀ ਨਸ਼ਾ ਜਾਂ ਬੁਰਾਈ ਛੱਡਣ ਲਈ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਐੱਸਐੱਮਓ ਡਾਕਟਰ ਰਸ਼ਮੀ ਵਿੱਜ ਨੇ ਇਹ ਵੀ ਦੱਸਿਆ ਕਿ ਵਿੱਦਿਅਕ ਸੰਸਥਾਵਾਂ ਦੇ 100 ਗਜ ਦੇ ਘੇਰੇ ਵਿੱਚ ਤੰਬਾਕੂ ਯੁਕਤ ਪਦਾਰਥ ਵੇਚਣ ਤੇ 200 ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ। ਉਨ੍ਹਾਂ ਕਿਹਾ ਤੰਬਾਕੂ ਵੇਚਣ ਵਾਲਿਆਂ ਖੋਖਿਆਂ/ਦੁਕਾਨਾਂ ਉਪਰ ਤੰਬਾਕੂਨੋਸ਼ੀ ਸਬੰਧੀ (18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਣ ਦੀ ਮਨਾਹੀ ਹੈ ਅਤੇ ਤੰਬਾਕੂ ਦੀ ਵਰਤੋਂ ਕਰਨ ਨਾਲ ਕੈਂਸਰ ਹੁੰਦਾ ਹੈ) ਲਿਖੇ ਬੋਰਡ ਲੱਗੇ ਹੋਣੇ ਚਾਹੀਦੇ ਹਨ। ਜਿਸ ਤੰਬਾਕੂ ਵੇਚਣ ਵਾਲੇ ਖੋਖੇ ਜਾਂ ਦੁਕਾਨ ਤੇ ਇਹ ਬੋਰਡ ਨਹੀਂ ਲੱਗੇ ਹੋਣਗੇ ਉਸ ਦੁਕਾਨਦਾਰ ਨੂੰ ਜੁਰਮਾਨਾ ਹੋ ਸਕਦਾ ਹੈ। ਬਸ ਲੋੜ ਹੈ ਆਪਣੇ ਅੰਦਰ ਝਾਤ ਮਾਰਨ ਦੀ, ਸੋ ਅੱਜ ਤੋਂ ਹੀ ਆਪਣੇ ਅੰਦਰ ਤੰਬਾਕੂ ਛੱਡਣ ਦਾ ਦ੍ਰਿੜ ਸੰਕਲਪ ਪੈਦਾ ਕਰੀਏ ਅਤੇ ਦੂਸਰਿਆਂ ਨੂੰ ਵੀ ਜਾਗਰੂਕ ਕਰੀਏ ਤਾਂ ਜੋ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਉਣਾ ਸਾਰਥਿਕ ਹੋ ਸਕੇ। ਇਸ ਮੌਕੇ ਹੈਲਥ ਇੰਸਪੈਕਟਰ ਅਸ਼ੋਕ ਕੁਮਾਰ ਨੇ ਕਿਹਾ ਨਸ਼ਾ ਹਰ ਤਰ੍ਹਾਂ ਦਾ ਸਿਹਤ ਲਈ ਹਾਨੀਕਾਰਕ ਹੈ। ਪਰ ਤੰਬਾਕੂ ਦਾ ਸੇਵਨ ਜਨਤਕ ਥਾਂਵਾਂ ਤੇ ਕਰਨ ਤੇ ਸਰਕਾਰ ਵਲੋਂ ਪਾਬੰਦੀ ਹੈ। ਤੰਬਾਕੂ ਦੇ ਛੋਟੇ ਜਿਹੇ ਬੂਟੇ ਵਿੱਚ 200 ਤਰ੍ਹਾਂ ਦੇ ਜ਼ਹਿਰ ਪਾਏ ਜਾਂਦੇ ਹਨ। ਇਸ ਨੂੰ ਅੱਗ ਲਗਾਉਣ ਨਾਲ ਹਜ਼ਾਰਾਂ ਖ਼ਤਰਨਾਕ ਰਸਾਇਣ ਪੈਦਾ ਹੁੰਦੇ ਹਨ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਕੈਂਸਰ ਦਾ ਕਾਰਨ ਬਣਦੇ ਹਨ।ਸਿਗਰਟਨੋਸ਼ੀ ਕਰਨ ਵਾਲੇ ਨੂੰ ਤਾਂ ਨੁਕਸਾਨ ਹੁੰਦਾ ਹੈ ਪਰ ਲਾਗੇ ਖਲੋਤੇ ਇਨਸਾਨ ਲਈ ਵੀ ਸਿਗਰਟ ਦਾ ਧੂੰਆਂ ਬਹੁਤ ਖ਼ਤਰਨਾਕ ਹੁੰਦਾ ਹੈ। ਤੰਬਾਕੂ ਦਾ ਦੂਸਰਾ ਨਾਮ ਕੈਂਸਰ ਹੈ। ਇਸ ਮੌਕੇ ਡਾਕਟਰ ਜਸਪਾਲ ਕੌਰ, ਡਾਕਟਰ ਆਸੀਸ ਹੰਸ, ਡਾਕਟਰ ਜਨਾਥਨ, ਡਾਕਟਰ ਵੰਸਿਕਾ, ਡਾਕਟਰ ਮੁਹੱਬਤਪਾਲ ਸਿੰਘ, ਡਾਕਟਰ ਕੁਲਜੀਤ ਰੰ ਸਾਥਧਾਵਾ, ਅਮਰਜੀਤ ਕੌਰ ਨਰਸਿੰਗ ਸਿਸਟਰ ਹੈਲਥ ਇੰਸਪੈਕਟਰ ਸੋ ਕਮਾਲ ਅੰਮ੍ਰਿਤ ਚਮਕੌਰ ਸਿੰਘ, ਐੱਲਐੱਚਵੀ ਅਮਰਜੀਤ ਕੌਰ, ਦਲਜੀਤ ਕੌਰ, ਜਤਿੰਦਰ ਸਿੰਘ, ਬਿਕਰਮ ਸਿੰਘ ਅਤੇ ਸਬੰਧਤ ਸਟਾਫ, ਵੀਐੱਸਐੱਮ ਕਾਲਜ ਦੇ ਟੀਚਰ ਅਤੇ ਸਟੂਡੈਂਟ ਅਤੇ ਬਾਹਰੋਂ ਆਏ ਪਤਵੰਤੇ ਸੱਜਣ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੀ-ਵਿਜ਼ਲ ਤੇ ਇਨਕੋਰ ਸਮੇਤ ਵੱਖ-ਵੱਖ ਸੈਂਟਰਾਂ ਦਾ ਦੌਰਾ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਚਲਾਏ



ਜਾ ਰਹੇ ਸੀ-ਵਿਜ਼ਲ ਸੈਂਟਰ, ਇਨਕੋਰ, ਐੱਫਐੱਸਟੀ. ਦੀ ਲਾਈਵ ਫੀਡਿੰਗ ਸੈਂਟਰ, ਆਲ ਆਈ.ਟੀ. ਐਪਲੀਕੇਸ਼ਨ ਅਤੇ ਵੈੱਬ ਕਾਸਟਿੰਗ ਦਾ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਸ਼ਾਮ ਨੂੰ ਜਾਇਜ਼ਾ ਲਿਆ ਗਿਆ।ਇਸ ਮੌਕੇ ਉਨ੍ਹਾਂ ਨੇ ਸੀ-ਵਿਜ਼ਲ ਐਪ ਉਪਰ ਆਈਆਂ ਸ਼ਿਕਾਇਤਾਂ ਅਤੇ ਉਨ੍ਹਾਂ ਦੇ ਨਿਪਟਾਰੇ ਸਬੰਧੀ ਕੀਤੀ ਕਾਰਵਾਈ ਨੂੰ ਚੈੱਕ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇਨਕੋਰ ਪੋਰਟਲ ਉਪਰ ਵੱਖ-ਵੱਖ ਉਮੀਦਵਾਰਾਂ ਵੱਲੋਂ ਚੋਣਾਂ ਸਬੰਧੀ ਅਪਲਾਈ ਕੀਤੀਆਂ ਅਰਜ਼ੀਆਂ ਅਤੇ ਪ੍ਰਵਾਨਗੀਆਂ ਦੇ ਰਿਕਾਰਡ ਨੂੰ ਵੀ ਚੈੱਕ ਕੀਤਾ। ਇਸ ਉਪਰੰਤ ਉਨ੍ਹਾਂ ਵੱਲੋਂ ਐੱਫ.ਐੱਸ.ਟੀ. ਟੀਮਾਂ ਦੀ ਲਾਈਵ ਫੀਡਿੰਗ ਨੂੰ ਕੰਟਰੋਲ ਰੂਮ ਵਿੱਚ ਦੇਖਿਆ ਗਿਆ ਅਤੇ ਆਲ ਆਈ. ਟੀ. ਐਪਲੀਕੇਸ਼ਨ ਰਾਹੀਂ ਕੀਤੇ ਜਾ ਰਹੇ ਕੰਮ ਦੀ ਚੈਕਿੰਗ ਵੀ ਕੀਤੀ। ਇਸ ਮੌਕੇ ਉਨ੍ਹਾਂ ਵੱਖ-ਵੱਖ ਸੈਂਟਰਾਂ ਵਿੱਚ ਤਾਇਨਾਤ ਡਿਊਟੀ ਸਟਾਫ਼ ਨੂੰ ਹੋਰ ਵੀ ਚੌਕਸੀ ਨਾਲ ਆਪਣੀ ਡਿਊਟੀ ਨੂੰ ਨਿਭਾਉਣ ਦੀਆਂ ਹਦਾਇਤਾਂ ਦਿੱਤੀਆਂ।ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਜ਼ਿਲ੍ਹੇ ਵਿੱਚ ਸ਼ਾਂਤਮਈ, ਅਜ਼ਾਦ, ਨਿਰਪੱਖ ਅਤੇ ਤਰੁੱਟੀ ਰਹਿਤ ਚੋਣਾਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕਰਨ ਤੋਂ ਇਲਾਵਾ ਵੱਖ-ਵੱਖ ਟੀਮਾਂ ਵੱਲੋਂ ਪੂਰੇ ਜ਼ਿਲ੍ਹੇ ਵਿੱਚ ਦਿਨ-ਰਾਤ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ 1 ਜੂਨ ਵਾਲੇ ਦਿਨ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਕੇ ਲੋਕਤੰਤਰ ਦੀ ਮਜ਼ਬੂਤੀ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣ।ਇਸ ਮੌਕੇ ਉਨ੍ਹਾਂ ਦੇ ਨਾਲ ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਚੋਣ ਪ੍ਰਚਾਰ ਦੌਰਾਨ ਕਿਸੇ ਵੀ ਪਾਰਟੀ ਨੇ ਮੁਲਾਜ਼ਮ ਵਰਗ ਦੀਆਂ ਮੰਗਾਂ ਦੀ ਗੱਲ ਨਹੀਂ ਕੀਤੀ: ਆਗੂ

**ਮਜੀਠਾ (ਸੋਇਮ ਆਨੰਦ)**-ਪੰਜਾਬ ਵਿੱਚ ਅੰਤਿਮ ਪੜਾਅ 'ਚ ਹੋ ਰਹੀਆਂ ਲੋਕ ਸਭਾ ਚੋਣਾ ਸਬੰਧੀ ਚੋਣ ਪ੍ਰਚਾਰ ਦੌਰਾਨ ਕਿਸੇ ਵੀ ਉਮੀਦਵਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਦੀ ਗੱਲ ਤੱਕ ਨਹੀ ਕੀਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ, ਗੁਰਦੇਵ ਸਿੰਘ ਢਿੱਲੋਂ, ਮਨਜੀਤ ਕੌਰ ਫਰੀਦਕੋਟ, ਸੀਨੀਅਰ ਮੀਤ ਪ੍ਰਧਾਨ ਪ੍ਰਭਜੀਤ ਸਿੰਘ ਉੱਪਲ ਨੇ ਆਨ ਲਾਇਨ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਪਿਛਲੀਆਂ ਤੇ ਮੌਜੂਦਾ ਸਰਕਾਰਾਂ ਮੁਲਾਜਮਾਂ ਦੀਆਂ ਮੰਗਾ ਮੰਨਣ ਤੇ ਟਾਲਾ ਵੱਟ ਰਹੀ ਹੈ। ਅਕਾਲੀ ਭਾਜਪਾ ਸਰਕਾਰ ਵੇਲੇ ਪਰਖ ਅਧੀਨ ਸਮੇ ਸਿਰ ਬੇਸਕ ਪੇਅ ਦੇਣ ਦਾ ਹੋਇਆ ਫੈਸਲਾ ਅੱਜ ਵੀ ਕਾਇਮ ਹੈ। ਕਾਂਗਰਸ ਸਰਕਾਰ ਵੇਲੇ ਮੁਲਾਜ਼ਮਾਂ ਦੇ ਬੰਦ ਕੀਤੇ ਭੱਤੇ ਮੌਜੂਦਾ ਆਪ ਸਰਕਾਰ ਵੀ ਬੜੇ ਵਾਅਦੇ ਕਰ ਕੇ ਆਈ। ਆਪ ਸਰਕਾਰ ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਡੀ ਏ ਦੀਆਂ ਕਿਸ਼ਤਾਂ 12 ਫੀਸਦੀ ਦੇਣ, ਛੇਵੇਂ ਤਨਖਾਹ ਕਮਿਸ਼ਨ ਦੇ ਏਰੀਅਰ ਦੇਣ, ਕੰਟਰੇਕਟ ਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਮੇਤ ਵੱਡੀ ਮੰਗ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਵੱਲ ਅਜੇ ਤੱਕ ਨਹੀਂ ਆਈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਵੀ ਕਿਸੇ ਰਾਜਨੀਤਕ ਪਾਰਟੀਆਂ ਦੇ ਉਮੀਦਵਾਰ ਨੇ ਮੁਲਾਜ਼ਮਾਂ ਲਈ ਹਾਅ ਦਾ ਨਾਹਰਾ ਨਹੀਂ ਮਾਰਿਆ। ਇਸ ਮੌਕੇ ਨਰਿੰਦਰ ਸਰਮਾ ਫਿਰੋਜ਼ਪੁਰ, ਸੁਖਜੀਤ ਸਿੰਘ ਮੁਕਤਸਰ, ਸੁਖਜਿੰਦਾਰ ਸਿੰਘ ਫਰੀਦਕੋਟ, ਰਾਜਦੀਪ



ਸਿੰਘ ਹੁਸ਼ਿਆਰਪੁਰ, ਨਿਸ਼ਾਨ ਸਿੰਘ ਗੁਰਦਾਸਪੁਰ, ਹਰਜੀਤ ਸਿੰਘ ਤਰਨ ਤਾਰਨ, ਰਣਦੀਪ ਸਿੰਘ ਫਤਿਹਗੜ੍ਹ , ਬਲਜੀਤ ਸਿੰਘ ਕਪੂਰਥਲਾ, ਅਮਨ ਧਾਰੜ, ਅਵਤਾਰ ਗੰਢੂਆ, ਭਾਈ ਗਗਨਦੀਪ ਸਿੰਘ ਖਾਲਸਾ, ਜਸਵਿੰਦਰ ਸਿੰਘ ਪੰਧੇਰ ਲੁਧਿਆਣਾ, ਰਾਜਿੰਦਰ ਮੁਹਾਲੀ, ਦਰਸੀ ਚਾਹਲ ਰੋਪੜ, ਗਰਮੀਤ ਸਿੰਘ ਗੁਰਦਾਸਪੁਰ, ਸਤਨਾਮ ਸਿੰਘ ਬਾਰੀਆਂ, ਗੁਰਵੇਲ ਸਿੰਘ ਜਲੰਧਰ, ਦਲਜੀਤ ਢਿੱਲੋਂ, ਭੁਪਿੰਦਰ ਸਿੰਘ ਪਠਾਨਕੋਟ, ਸੁਖਜਿੰਦਰ ਫਾਜਿਲਕਾ, ਰਵਿੰਦਰ ਸ਼ਰਮਾ, ਚੰਦ ਸਿੰਘ ਬਠਿੰਡਾ, ਅਮਰਪ੍ਰੀਤ ਸਿੰਘ ਵੇਰਕਾ, ਹਰਜਿੰਦਰ ਕੱਟੂ, ਬਲਜਿੰਦਰ ਸਿੰਘ ਬਰਨਾਲਾ, ਕੁਲਵਿੰਦਰ ਸਿੱਧੂ, ਗੁਰਪ੍ਰੀਤ ਭਾਦਸੋਂ, ਅਮਿਤਪਾਲ ਮਲੇਰਕੋਟਲਾ, ਨਿਗਾਰੀ ਰਾਮ ਸਮੇਤ ਹੋਰ ਕਰਮਚਾਰੀ ਵੀ ਸ਼ਾਮਲ ਸਨ।

# ਕਾਰ ਸੇਵਕ ਬਾਬਾ ਖੜਕ ਸਿੰਘ ਦੀ ਸਾਲਾਨਾ ਬਰਸੀ ਸ਼ਰਧਾਪੂਰਵਕ ਮਨਾਈ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਮਾਝੇ ਦੇ ਪ੍ਰਸਿੱਧ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਕਾਰ ਸੇਵਕ ਸੇਵਾ ਦੇ ਪੁੰਜ ਸੰਤ ਬਾਬਾ ਖੜਕ ਸਿੰਘ ਬੀੜ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਮਨਾਈ ਗਈ।ਮੀਰੀ ਪੀਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਏ ਗਏ ਭੋਗ ਉਪਰੰਤ ਹਜ਼ੂਰੀ ਰਾਗੀ ਸਿੰਘਾਂ ਵੱਲੋਂ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਕੀਤਾ ਗਿਆ।ਅਤੇ ਹੈੱਡ ਗ੍ਰੰਥੀ ਸਾਹਿਬਾਨ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਬਾਬਾ ਖੜਕ ਸਿੰਘ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜੁੜ ਬੈਠੀਆਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ।



ਇਸ ਮੌਕੇ ਸਤਨਾਮ ਸਿੰਘ ਝਬਾਲ ਮੈਨੇਜਰ ਗੁ: ਬੀੜ ਬਾਬਾ ਬੁੱਢਾ ਸਾਹਿਬ, ਮੀਤ ਮੈਨੇਜਰ ਜਤਿੰਦਰ ਸਿੰਘ,ਇੰਦਰਪ੍ਰੀਤ ਸਿੰਘ ਦੋਵੇਂ ਮੀਤ ਮੈਨੇਜਰ ਤੇ ਗੁਰਜੀਤ ਸਿੰਘ ਠੱਠਾ, ਹੈੱਡ ਗ੍ਰੰਥੀ ਸਾਹਿਬਾਨ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਆਈਆਂ ਧਾਰਮਿਕ ਸਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਜਦਕਿ ਬਾਬਾ ਸੋਹਨ ਸਿੰਘ ਬੀੜ ਸਾਹਿਬ ਕਾਰ ਸੇਵਾ ਡੇਰਾ ਭੂਰੀ ਵਾਲੇ, ਮਨਜੀਤ ਸਿੰਘ ਝਬਾਲ ਖੁਰਦ, ਜਥੇਦਾਰ ਬਲਕਾਰ ਸਿੰਘ ਬਘਿਆੜੀ, ਜਥੇਦਾਰ ਨਿਸ਼ਾਨ ਸਿੰਘ ਗੰਡੀਵਿੰਡ, ਭਾਈ ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ, ਅਕਾਊਂਟੈਂਟ ਕਾਬਲ ਸਿੰਘ, ਖਜਾਨਚੀ ਜਗਜੀਤ ਸਿੰਘ, ਬਿਕਰਮਜੀਤ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ ਠੱਠਾ ਸਮੇਤ ਸੰਗਤਾਂ ਵੀ ਹਾਜ਼ਰ ਸਨ।

## ਐੱਚ ਐੱਮ ਡੀ ਵੱਲੋਂ ਡਿਸਪੋਜ਼ੇਬਲ ਸਿੰਗਲ ਯੂਜ਼ ਸਰਿੰਜ ਸੇਫਟੀ ਨੀਡਲ ਨਾਲ ਲਾਂਚ

**ਲੁਧਿਆਣਾ** : ਹਿੰਦੁਸਤਾਨ ਸਰਿੰਜ ਐਂਡ ਮੈਡੀਕਲ ਡਿਵਾਈਸ (ਐੱਚਐੱਮਡੀ ) ਨੇ ਆਪਣੀ ਕਿਸਮ ਦੀ ਸਭ ਤੋਂ ਨਵੀਂ ਡਿਸਪੋਜ਼ੇਬਲ ਸਿੰਗਲ ਯੂਜ਼ ਸਰਿੰਜ ਸੇਫਟੀ ਨੀਡਲ ਦੇ ਨਾਲ ਲਾਂਚ ਕੀਤੀ ਹੈ ਜੋ ਨਰਸਾਂ ਨੂੰ ਨੀਡਲ ਸਟਿਕ ਇੰਜਰੀ ਤੋਂ ਬਚਾਉਂਦੀ ਹੈ।ਐੱਚਐੱਮਡੀ ਦੁਆਰਾ ਡਿਸਪੋਜ਼ੇਬਲ ਸਰਿੰਜਾਂ ਦੀ ਸ਼ੁਰੂਆਤ ਵਿਸ਼ਵ ਭਰ ਦੀਆਂ ਨਰਸਾਂ ਅਤੇ ਡਾਕਟਰਾਂ ਦੀ ਦ੍ਰਿੜਤਾ ਅਤੇ ਸਮਰੱਥਾ ਲਈ ਇੱਕ ਢੁਕਵੀਂ ਸ਼ਰਧਾਂਜਲੀ ਹੈ।ਦੁਨੀਆ ਭਰ ਵਿੱਚ ਲਗਭਗ 2.70 ਕਰੋੜ ਮਰਦ ਅਤੇ ਔਰਤਾਂ ਨਰਸਾਂ ਅਤੇ ਦਾਈਆਂ ਵਜੋਂ ਕੰਮ ਕਰ ਰਹੇ ਹਨ।ਇਹ ਵਿਸ਼ਵਵਿਆਪੀ ਸਿਹਤ ਕਰਮਚਾਰੀਆਂ ਦਾ 50 ਪ੍ਰਤੀਸ਼ਤ ਬਣਦੇ ਹਨ। ਰਾਜੀਵ ਨਾਥ ਮੈਨੇਜਿੰਗ ਡਾਇਰੈਕਟਰ ਹਿੰਦੁਸਤਾਨ ਸਰਿੰਜ ਐਂਡ ਮੈਡੀਕਲ ਡਿਵਾਈਸ (ਐੱਚਐੱਮਡੀ) ਨੇ ਕਿਹਾ ਕਿ ਦੁਨੀਆ ਭਰ ਦੇ ਡਾਕਟਰ ਅਤੇ ਨਰਸਾਂ ਨੂੰ ਰੋਜ਼ਾਨਾ ਅਧਾਰ 'ਤੇ ਨੀਡਲ ਸਟਿਕ ਇੰਜਰੀ ਦੇ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦੀ ਸਿਹਤ ਨੂੰ ਖੂਨ ਨਾਲ ਪੈਦਾ ਹੋਣ ਵਾਲੇ ਸੰਕਰਮਣ ਦਾ ਖ਼ਤਰਾ ਹੁੰਦਾ ਹੈ।

## ਨਾਜਾਇਜ਼ ਸ਼ਰਾਬ ਦੇ ਮਾਮਲੇ 'ਚ ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਨੇ 7500 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਵੈਸ਼ਨੋ ਦਾਸ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਮੁਖਬਰ ਦੀ ਇਤਲਾਹ 'ਤੇ ਹਰਜੀਤ ਲਾਲ ਪੁੱਤਰ ਪ੍ਰੇਮ ਲਾਲ ਵਾਸੀ ਧੀਦੋਵਾਲ ਪਾਸੋਂ ਡਰੇਨ ਪੁਲ ਡੇਰਾ ਬਾਬਾ ਨਾਨਕ ਰੋਡ ਕਲਾਨੌਰ ਤੋਂ 7500 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਵੋਟਾਂ ਨੂੰ ਲੈ ਕੇ ਲੋਕਾਂ 'ਚ ਭਾਰੀ ਉਤਸ਼ਾਹ

**ਗੁਰਦਾਸਪੁਰ (ਜਨਕ ਮਹਾਜਨ)**-ਜੂਨ ਨੂੰ ਲੋਕ ਸਭਾ ਦੀਆਂ ਵੋਟਾਂ ਹਨ।ਲੋਕਤੰਤਰ ਦੇ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਵੋਟਰ ਪੂਰੀ ਤਰ੍ਹਾਂ ਉਤਸ਼ਾਹਿਤ ਹਨ।ਪੋਲਿੰਗ ਪਾਰਟੀਆਂ ਨੂੰ ਈਵੀਐੱਮ ਮਸ਼ੀਨਾਂ ਤੇ ਚੋਣ ਸਮਗਰੀ ਦਾ ਸਮਾਨ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।ਦੁਪਹਿਰ ਪੋਲਿੰਗ ਪਾਰਟੀਆਂ ਈਵੀਐੱਮ ਮਸ਼ੀਨਾਂ ਤੇ ਚੋਣ ਸਮਗਰੀ ਨਾਲ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਹੋ ਜਾਣਗੀਆਂ।ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਸਵੇਰੇ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਵਿਖੇ ਪਹੁੰਚੇ ਅਤੇ ਓਥੇ ਉਨ੍ਹਾਂ ਨੇ ਪੋਲਿੰਗ ਪਾਰਟੀਆਂ ਨੂੰ ਰਵਾਨਾ ਕਰਨ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਨਾਲ ਏ.ਆਰ.ਓ.-ਕਮ-ਐੱਸ.ਡੀ.ਐੱਮ ਦੀਨਾਨਗਰ ਗੁਰਦੇਵ ਸਿੰਘ ਧਾਮ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਬਰਸੀ ਮੌਕੇ ਸਹਿਯੋਗ ਦੇਣ ਲਈ ਸਭ ਦਾ ਧੰਨਵਾਦ: ਜਥੇ. ਬਾਬਾ ਭੋਲਾ ਸਿੰਘ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਕਾਰ ਸੇਵਕ ਸੰਤ ਬਾਬਾ ਖੜਕ ਸਿੰਘ ਜੀ, ਬਾਬਾ ਦਰਸ਼ਨ ਸਿੰਘ ਦੀ ਸਾਲਾਨਾ ਬਰਸੀ ਸਮਾਗਮ ਜੋ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਠੱਠਾ ਵਿਖੇ ਵੀਰਵਾਰ 30 ਮਈ ਨੂੰ ਬਾਬਾ ਸਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਯੋਗ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਜਿਸ ਵਿਚ ਦੇਸ਼ਾਂ ਵਿਦੇਸ਼ਾਂ ਤੇ ਸਮੂਹ ਸਾਧ ਸੰਗਤ ਜੀਉ ਨੇ ਬਰਸੀ ਮੌਕੇ ਪੁਹੰਚ ਕੇ ਸੰਤ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੀਸ ਝੁਕਾ ਕੇ ਨਤਮਸਤਕ ਹੋਈਆਂ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਦੇ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਸਮੂਹ ਸਾਧ ਸੰਗਤ, ਪੁਲਸ ਪ੍ਰਸ਼ਾਸਨ, ਸਿਵਲ ਪ੍ਰਸ਼ਾਸਨ, ਬਿਜਲੀ ਵਿਭਾਗ, ਸਭਾ ਸੁਸਾਇਟੀਆ ਤੇ ਵੱਖ-ਵੱਖ ਪਿੰਡਾਂ ਤੋਂ ਬਰਸੀਂ ਮੌਕੇ ਨਤਮਸਤਕ ਹੋਣ ਆਈਆਂ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀਆਂ ਛਬੀਲਾਂ, ਲੰਗਰ ਲਗਾਉਣ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਜਥੇਦਾਰ ਬਾਬਾ ਭੋਲਾ ਸਿੰਘ ਨੇ ਕਿਹਾ ਕਿ ਕਿ ਉਨ੍ਹਾਂ ਦੇ ਸਹਿਯੋਗ ਸਦਕਾ ਬਰਸੀ ਸਮਾਗਮ ਬੁਹਤ ਸੋਹਣੇ ਢੰਗ ਨਾਲ ਸੰਪੰਨ ਹੋਇਆ।

## ਪੋਲਿੰਗ ਪਾਰਟੀਆਂ ਨੇ ਆਪਣੀ ਟੀਮ ਨਾਲ ਈਵੀਐੱਮ ਤੇ ਹੋਰ ਸਾਮਾਨ ਦੀ ਕੀਤੀ ਜਾਂਚ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੋਲਿੰਗ ਪਾਰਟੀਆਂ ਵੱਲੋਂ ਈਵੀਐੱਮ ਅਤੇ ਚੋਣ ਸਮਗਰੀ ਦਾ ਹੋਰ ਸਮਾਨ ਪ੍ਰਾਪਤ ਕਰ ਲਿਆ ਗਿਆ ਹੈ। ਪੋਲਿੰਗ ਪਾਰਟੀਆਂ ਵੱਲੋਂ ਆਪਣੀ ਟੀਮ ਨਾਲ ਇਸ ਸਾਰੇ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਤਸਵੀਰਾਂ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਦੀਆਂ ਹਨ ਜਿੱਥੇ ਵਿਧਾਨ ਸਭਾ ਹਲਕਾ ਦੀਨਾਨਗਰ ਦੀਆਂ ਪੋਲਿੰਗ ਪਾਰਟੀਆਂ ਦਿਖਾਈ ਦੇ ਰਹੀਆਂ ਹਨ। ਥੋੜ੍ਹੇ ਹੀ ਸਮੇਂ ਬਾਅਦ ਇਹ ਸਾਰੀਆਂ ਪੋਲਿੰਗ ਪਾਰਟੀਆਂ ਸੁਰੱਖਿਆ ਕਰਮੀਆਂ ਦੇ ਨਾਲ ਆਪਣੇ ਪੋਲਿੰਗ ਸਟੇਸਨਾਂ ਨੂੰ ਰਵਾਨਾ ਹੋਣਗੀਆਂ। ਅੱਜ ਦੀ ਰਾਤ ਇਹ ਸਾਰੀਆਂ ਪੋਲਿੰਗ ਪਾਰਟੀਆਂ ਆਪਣੇ ਪੋਲਿੰਗ ਸਟੇਸਨ ਉੱਪਰ ਹੀ ਰਹਿਣਗੀਆਂ ਅਤੇ ਭਲਕੇ ਸਵੇਰੇ ਮੌਕ ਪੋਲ ਤੋਂ ਬਾਅਦ ਠੀਕ ਸਵੇਰੇ 7:00 ਵਜੇ ਵੋਟਾਂ ਪੈਣੀਆਂ ਸੁਰੂ ਹੋ ਜਾਣਗੀਆਂ ਜੋ ਸਾਮ ਦੇ 6:00 ਵਜੇ ਤੱਕ ਪੈਣਗੀਆਂ। ਲੋਕ ਤੰਤਰ ਦੇ ਤਿਉਹਾਰ ਨੂੰ ਸਫਲ ਬਣਾਉਣ ਲਈ ਸਮੁੱਚੇ ਚੋਣ ਅਮਲੇ ਵਿੱਚ ਪੂਰਾ ਉਤਸ਼ਾਹ ਦਿਖਾਈ ਦੇ ਰਿਹਾ ਹੈ। ਸੋ ਆਓ ਭਲਕੇ 1 ਜੂਨ ਨੂੰ ਅਸੀਂ ਸਾਰੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰੀਏ।

# ਹਰ ਇੱਕ ਬੂਥ 'ਤੇ ਰੱਖੀ ਜਾਵੇਗੀ ਤਿੱਖੀ ਨਜ਼ਰ : ਡੀ ਐੱਸ ਪੀ





**ਕਲਾਨੌਰ (ਮਨਦੀਪ ਕੋਹਲੀ)**-ਅੱਜ ਪੈਣ ਵਾਲੀਆਂ ਵੋਟਾਂ ਨੂੰ ਲੈ ਕੇ ਸੁਰੱਖਿਆ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜਾਣਕਾਰੀ ਦਿੰਦਿਆਂ ਕਲਾਨੌਰ ਦੇ ਡੀਐੱਸਪੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਵੋਟਾਂ ਨੂੰ ਲੈ ਕੇ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਹੀਟਵੇਵ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵੋਟਰਾਂ ਲਈ ਚਾਨਣੀਆਂ ਦਾ ਪ੍ਰਬੰਧ ਕੀਤਾ ਹੋਇਆ ਹੈ ਅਤੇ ਪੀਣ ਵਾਲੇ ਪਾਣੀ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ, ਹਰ ਇੱਕ ਬੂਥ ਤੇ ਵੋਟਰਾਂ ਲਈ ਵੇਟਿੰਗ ਏਰੀਆ ਸਪੈਸ਼ਲ ਤੌਰ 'ਤੇ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਇੱਕ ਆਨਲਾਈਨ ਐਪ ਪੀ. ਏਐੱਮਐਸ ਜ਼ਰੀਏ ਡਿਊਟੀ ਤੇ ਤੈਨਾਤ ਬੀਐੱਲਓ ਹਰ ਅੱਧੇ ਘੰਟੇ ਬਾਅਦ ਰਿਪੋਰਟ ਕਰਨਗੇ ਕਿ ਬੂਥਾਂ ਉੱਪਰ ਕਿੰਨੀ ਕੁ ਭੀੜ ਹੈ। ਬੂਥਾਂ ਉੱਪਰ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਅਤੇ ਵਧੇਰੀ ਉਮਰ, ਬਿਮਾਰ ਜਾਂ ਵਿਕਲਾਂਗ ਵਿਅਕਤੀਆਂ ਲਈ ਵ੍ਹੀਲਚੇਅਰ ਦਾ ਵੀ ਹਰ ਬੂਥ ਤੇ ਪ੍ਰਬੰਧ ਕੀਤਾ ਹੋਇਆ ਹੈ। ਡੀਐੱਸਪੀ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੁਰੱਖਿਆ ਦੇ ਸਾਰੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ ਅਤੇ ਪੰਜਾਬ ਪੁਲਸ ਦੇ ਮੁਲਾਜ਼ਮਾਂ ਤੋਂ ਇਲਾਵਾ ਸੀਆਰਪੀਐੱਫ ਦੇ ਜਵਾਨ ਵੀ ਤਾਇਨਾਤ ਰਹਿਣਗੇ। ਪੈਟਰੌਲਿੰਗ ਪਾਰਟੀਆਂ ਵੀ ਮੌਜੂਦ ਰਹਿਣਗੀਆਂ। ਡੀਐਸਪੀ ਨੇ ਕਿਹਾ ਕਿ ਸੰਬੰਧਿਤ ਏਰੀਏ ਦੇ ਵੋਟਰਾਂ ਤੋਂ ਇਲਾਵਾ ਬਾਹਰੀ ਏਰੀਏ ਦਾ ਕੋਈ ਵੀ ਵਿਅਕਤੀ ਵੋਟਿੰਗ ਸੈਂਟਰਾਂ ਦੇ ਨੇੜੇ ਨਜਰ ਨਾ ਆਵੇ ਨਹੀਂ ਤਾਂ ਫੜੇ ਜਾਣ ਤੇ ਉਸ ਉੱਪਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪ੍ਰਬੰਧਾਂ ਸਬੰਧੀ ਜਦੋਂ ਡੇਰਾ ਬਾਬਾ ਨਾਨਕ ਦੇ ਐੱਸਡੀਐੱਮ ਨਾਲ ਫੋਨ ਤੇ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਨਹੀਂ ਹੋ ਸਕੀ।

# ਨਹਿਰ ਅਪਰ ਬਾਰੀ ਦੁਆਬ ਦੇ ਸ਼ਟਰਾਂ ਪਿੱਛੇ ਜਮ੍ਹਾ ਹੋਈ ਗੰਦਗੀ ਬਣੀ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੀ ਨਹਿਰ ਅਪਰ ਬਾਰੀ ਦੁਆਬ 'ਤੇ ਕਸੂਰ ਬਰਾਂਚ ਦੇ ਸ਼ਟਰਾਂ ਪਿੱਛੇ ਗੰਦਗੀ ਇਕੱਠੀ ਹੋਣ ਕਰਕੇ ਆਲੇ ਦੁਆਲੇ ਬਦ-ਬੂ ਫੈਲਣ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਹੈ। ਇਸ ਪਾਸੇ ਜਿਲ੍ਹਾ ਪ੍ਰਸ਼ਾਸਨ ਕੋਈ ਵੀ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਸੈਰ ਸਪਾਟਾ ਅਤੇ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਦੋਂਕਿ ਨਹਿਰੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਸੈਰ ਸਪਾਟਾ ਕਰਨ ਆਏ ਲੋਕਾਂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰਦਾਸਪੁਰ ਜਿਲ੍ਹੇ ਅੰਦਰ ਪੁਲ ਤਿਬੜੀ ਨਹਿਰਾਂ ਅੱਤ ਦੀ ਗਰਮੀ ਵਿਚ ਸੈਰ ਸਪਾਟਾ ਕੇਂਦਰ ਹੈ। ਹੁਣ ਇਸ ਨਹਿਰ ਦੇ ਆਲੇ ਦੁਆਲੇ ਗੰਦ ਪਿਆ ਹੀ ਨਜ਼ਰ ਆਉਂਦਾ ਹੈ ਅਤੇ ਨਹਿਰ ਦੇ ਸ਼ਟਰਾਂ ਗੰਦਗੀ ਆਮ ਦੇਖੀ ਜਾ ਸਕਦੀ ਹੈ। ਇਥੋਂ ਦੇ ਪਾਰਕ ਦੀ ਹਾਲਤ ਵੀ ਖਸਤਾ ਹੋਈ ਪਈ ਹੈ। ਇਲਾਕਾ ਵਾਸੀਆਂ ਦੀ ਜਿਲ੍ਹਾ ਪ੍ਰਸ਼ਾਸਨ ਤੇ ਨਹਿਰੀ ਵਿਭਾਗ ਪਾਸੋਂ ਮੰਗ ਹੈ ਕਿ ਨਹਿਰੀ ਸ਼ਟਰਾਂ ਪਿੱਛੇ ਇਕੱਠਾ ਹੋਇਆ ਗੰਦ ਆਦਿ ਸਾਫ਼ ਕਰਵਾਇਆ ਜਾਵੇ ਤਾਂ ਜੋ ਇਸ ਨੇੜੇ ਗੁਜ਼ਰ ਰਹੇ ਲੋਕਾਂ ਨੂੰ ਭੈੜੀ ਬਦ-ਬੂ ਤੋਂ ਨਿਜਾਤ ਹਾਸਲ ਹੋਵੇ। ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਨਹਿਰੀ ਵਿਭਾਗ ਦੇ ਉਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਹੈ ਕਿ ਪੁਲ ਤਿੱਬੜੀ ਨੂੰ ਸੈਰ ਸਪਾਟਾ ਲਈ ਵਿਕਸਿਤ ਕਰਨ ਵਾਸਤੇ ਪੁਲ ਤਿਬੜੀ ਦੇ ਨਹਿਰਾਂ ਵਿਚ ਆਧੁਨਿਕ ਪਾਰਕ ਤੇ ਹੋਟਲ ਬਣਾਏ ਜਾਣ ਜਿਸ ਨਾਲ ਸਰਕਾਰ ਨੂੰ ਆਮਦਨ ਦੇ ਸਰੋਤ ਵਧਣ ਦੇ ਨਾਲ-ਨਾਲ ਇਹ ਪਾਰਕ ਖਿੱਚ ਦਾ ਕੇਂਦਰ ਬਣ ਸਕੇ। ਇਸ ਸਬੰਧੀ ਜਦੋਂ ਨਹਿਰੀ ਵਿਭਾਗ ਦੇ ਉਪ ਮੰਡਲ ਅਫ਼ਸਰ ਨਾਲ ਗੱਲ ਕਰਨੀ ਚਾਹੀ ਤਾਂ ਸੰਪਰਕ ਨਹੀਂ ਹੋ ਸਕਿਆ।

# ਭਗਤ ਪੂਰਨ ਸਿੰਘ ਦਾ 120ਵਾਂ ਜਨਮ ਦਿਹਾੜਾ ਸਮਾਰੋਹ ਸ਼ੁਰੂ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਲਾਵਾਰਸ, ਪਾਗਲਾਂ, ਅਪਾਹਿਜਾਂ, ਬਜ਼ੁਰਗਾਂ ਤੇ ਮੰਦਬੁੱਧੀ ਬੱਚਿਆਂ ਦੀ ਸੇਵਾ ਸੰਭਾਲ ਕਰਨ ਵਾਲੀ ਸੰਸਥਾ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 120ਵਾਂ ਜਨਮ ਦਿਹਾੜਾ ਸਮਾਰੋਹ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਮੰਤਵੀ ਸਮਾਜ ਭਲਾਈ ਕਾਰਜਾਂ ਨੂੰ ਸਮਰਪਿਤ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।30 ਮਈ 2024 ਨੂੰ ਪਿੰਗਲਵਾੜਾ ਮੁਖ ਬ੍ਰਾਂਚ ਵਿਖੇ ਭਗਤ ਪੂਰਨ ਸਿੰਘ ਜੀ ਦੇ 120ਵੇਂ ਜਨਮ ਦਿਹਾੜੇ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ ਹਿਤ ਇਕ ਪ੍ਰੈਸ ਕਾਨਫਰੰਸ ਕੀਤੀ ਗਈ।2 ਜੂਨ ਐਤਵਾਰ ਨੂੰ ਦੁਪਹਿਰ 12:00 ਤੋਂ ਲੈ ਕੇ 3:00 ਵਜੇ ਤੱਕ ਰੇਲਵੇ ਸਟੇਸ਼ਨ ਵਿਖੇ ਭਗਤ ਪੂਰਨ ਸਿੰਘ ਜੀ ਦੀ ਸੇਵਾ ਤਪੱਸਿਆ ਨੂੰ ਯਾਦ ਕੀਤਾ ਜਾਵੇਗਾ ਜਿੱਥੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸੇਵਾ ਆਰੰਭ ਕੀਤੀ ਸੀ।

3 ਜੂਨ ਦਿਨ ਸੋਮਵਾਰ ਨੂੰ ਸਵੇਰੇ 11:00 ਵਜੇ ਮਾਨਾਂਵਾਲਾ ਕੰਪਲੈਕਸ ਵਿਖੇ ਬਾਇਓਗੈਸ ਪਲਾਂਟ(ਗੋਬਰ ਗੈਸ) ਦਾ ਉਦਘਾਟਨ ਸਮਾਰੋਹ ਕੀਤਾ ਜਾਵੇਗਾ।ਜਾਣਕਾਰੀ ਦਿੰਦਿਆਂ ਡਾ. ਇੰਦਰਜੀਤ ਕੌਰ ਨੇ ਦਸਿਆ ਕਿ 04 ਜੂਨ, 2024 ਦਿਨ ਮੰਗਲਵਾਰ ਨੂੰ ਭਗਤ ਪੂਰਨ ਸਿੰਘ ਦੇ ਜਨਮ ਦਿਹਾੜੇ ਵਾਲੇ ਦਿਨ ਸਵੇਰੇ 8:15 ਤੋਂ 09:00 ਵਜੇ ਮੁੱਖ ਦਫਤਰ, ਪਿੰਗਲਵਾੜਾ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ ਪਾਇਆ ਜਾਵੇਗਾ।ਉਪਰੰਤ ਸਵੇਰੇ 09:00 ਤੋਂ 11:30 ਵਜੇ ਭਾਈ ਜਸਬੀਰ ਸਿੰਘ ਜੀ ਅਤੇ ਸੰਸਥਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਕੀਤਾ ਜਾਵੇਗਾ। ਸਵੇਰੇ 11:30 ਤੋਂ 12:00 ਵਜੇ ਤਕ ਪਿੰਗਲਵਾੜਾ ਸੋਵੀਨਰ ਅਤੇ ਪੁਸਤਕਾਂ ਦੀ ਰਿਲੀਜ਼ ਸਮਾਰੋਹ ਕੀਤਾ ਜਾਵੇਗਾ। ਬਾਅਦ ਦੁਪਹਿਰ 12:00 ਤੋਂ 01:00 ਵਜੇ ਤਕ ਮਹਾਨ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਭਗਤ ਜੀ ਦੇ ਜੀਵਨ ਬਾਰੇ ਵੱਖ-ਵੱਖ ਪਹਿਲੂਆਂ ਤੇ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਪ੍ਰੈੱਸ ਕਾਨਫਰੰਸ ਵਿਚ ਪਿੰਗਲਵਾੜਾ ਸੋਸਾਇਟੀ ਦੇ ਮੁਖ ਸੇਵਾਦਾਰ ਡਾ. ਇੰਦਰਜੀਤ ਕੌਰ, ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ ਹਰਜੀਤ ਸਿੰਘ ਅਰੋੜਾ, ਪ੍ਰਸ਼ਾਸਕ ਪਿੰਗਲਵਾੜਾ ਸੋਸਾਇਟੀ ਪਰਮਿੰਦਰਜੀਤ ਸਿੰਘ ਭੱਟੀ ਅਤੇ ਸੁਰਿੰਦਰ ਕੌਰ ਭੱਟੀ, ਜਨਰਲ ਮੈਨੇਜਰ ਤਿਲਕ ਰਾਜ ਸ਼ਲਿੰਦਰਜੀਤ ਸਿੰਘ, ਹਰਪਾਲ ਸਿੰਘ ਸੰਧੂ ਅਤੇ ਕਈ ਹੋਰ ਪਤਵੰਤੇ ਸ਼ਾਮਿਲ ਸਨ ।

## 'ਵੀ' ਵੱਲੋਂ ਸਮਾਰਟਫੋਨ ਪ੍ਰੀਪੇਡ ਗਾਹਕਾਂ ਲਈ 'ਵੀ ਗਰੰਟੀ ਪ੍ਰੋਗਰਾਮ' ਲਾਂਚ

**ਲੁਧਿਆਣਾ** : ਪ੍ਰਮੁੱਖ ਟੈਲੀਕਾਮ ਸੇਵਾ ਪ੍ਰਦਾਤਾ ਵੀ ਨੇ ਆਪਣੇ ਪ੍ਰੀਪੇਡ ਉਪਭੋਗਤਾਵਾਂ ਲਈ ਇੱਕ ਲਿਮਟਿਡ ਪੀਰੀਅਡ ਆਫਰ 'ਵੀ ਗਰੰਟੀ ਪ੍ਰੋਗਰਾਮ' ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਹ ਨਵੀਂ ਪਹਿਲ ਸਾਰੇ 5 ਜੀ ਅਤੇ ਨਵੇਂ 4 ਜੀ ਸਮਾਰਟਫੋਨ ਉਪਭੋਗਤਾਵਾਂ ਨੂੰ ਬਿਨਾਂ ਰੁਕਾਵਟ ਹਾਈ-ਸਪੀਡ ਡੇਟਾ ਉਪਲਬਧ ਕਰਾਏਗੀ । ਵੀ ਦੇ ਗਰੰਟੀ ਪ੍ਰੋਗਰਾਮ ਦੇ ਤਹਿਤ, ਵੀ ਦੇ ਉਪਭੋਗਤਾਵਾਂ ਨੂੰ ਇੱਕ ਸਾਲ ਦੀ ਮਿਆਦ ਲਈ 130 ਜੀ ਬੀ ਗਾਰੰਟੀਸ਼ੁਦਾ ਐਕਸਟਰਾ ਡਾਟਾ ਦਾ ਲਾਭ ਮਿਲੇਗਾ, ਜਿਸ ਦਾ ਅਰਥ ਹੈ ਕਿ ਲਗਾਤਾਰ 13 ਸਾਈਕਲਸ ਲਈ ਹਰ 28 ਵੇਂ ਦਿਨ 10 ਜੀ ਬੀ ਡਾਟਾ ਆਪਣੇ ਆਪ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾਂ ਹੋ ਜਾਵੇਗਾ। ਇਸ ਵਾਧੂ ਡੇਟਾ ਆਫਰ ਦਾ ਲਾਭ ਲੈਣ ਲਈ, ਵੀ ਦੇ ਉਪਭੋਗਤਾਵਾਂ ਨੂੰ 239 ਰੁਪਏ ਜਾਂ ਇਸ ਤੋਂ ਵੱਧ ਦਾ ਡੇਲੀ ਡੇਟਾ ਅਨਲਿਮਟਿਡ ਪਲਾਨ ਲੈਣਾ ਹੋਵੇਗਾ । ਵੋਡਾਫੋਨ ਆਈਡੀਆ ਲਿਮਟਿਡ ਦੇ ਮੁੱਖ ਮਾਰਕੀਟਿੰਗ ਅਧਿਕਾਰੀ, ਅਵਨੀਸ਼ ਖੋਸਲਾ ਨੇ ਕਿਹਾ, 'ਵੀ ਗਰੰਟੀ ਪ੍ਰੋਗਰਾਮ' ਉਪਭੋਗਤਾਵਾਂ ਦੀ ਇਸ ਜ਼ਰੂਰਤ ਧਿਆਨ ਵਿਚ ਰੱਖਦੇ ਹੋਏ ਡਿਜ਼ਾਈਨ ਕੀਤਾ ਗਿਆ ਹੈ, ਤਾਂ ਕਿ ਉਨ੍ਹਾਂ ਨੂੰ ਨਿਰਵਿਘਨ, ਤੇਜ਼ ਰਫਤਾਰ ਡੈਟਾ ਅਨੁਭਵ ਪ੍ਰਦਾਨ ਕੀਤਾ ਜਾ ਸਕੇ ।

## 'ਆਪ' ਲੋਕ ਸਭਾ ਚੋਣਾਂ 'ਚ ਇਤਿਹਾਸਕ ਜਿੱਤ ਦਰਜ ਕਰੇਗੀ : ਤਲਬੀਰ ਗਿੱਲ



**ਮਜੀਠਾ (ਸੋਇਮ ਆਨੰਦ)**-ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਸੀਨੀਅਰ ਆਗੂ ਤਲਬੀਰ ਸਿੰਘ ਗਿੱਲ ਦੇ ਹਲਕਾ ਮਜੀਠਾ ਦੇ ਪਿੰਡ ਢੱਡੇ ਵਿਖੇ ਸਾਬਕਾ ਸਰਪੰਚ ਨਰਿੰਦਰ ਸਿੰਘ ਬਲ ਦੇ ਗ੍ਰਹਿ ਵਿਖੇ ਪੁੱਜਣ ਤੇ ਉਨ੍ਹਾਂ ਨੂੰ ਪਿੰਡ ਦੇ ਪਤਵੰਤੇ ਸੱਜਣਾਂ ਤੇ ਸਾਬਕਾ ਸਰਪੰਚ ਨਰਿੰਦਰ ਸਿੰਘ ਬੱਲ ਵਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਆਪ ਦੇ ਸੀਨੀਅਰ ਆਗੂ ਤਲਬੀਰ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ 13 /0 ਨਾਲ ਇਤਿਹਾਸਕ ਜਿੱਤ ਕਰੇਗੀ ।ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਧਾਰੀਵਾਲ ਦੇ ਹੱਕ ਵਿੱਚ ਹਵਾ ਚੱਲ ਰਹੀ ਹੈ ਜੋਂ ਕੇ ਇਕ ਵੱਡੇ ਮਾਰਜਿਨ ਨਾਲ ਇਤਿਹਾਸਕ ਜਿੱਤ ਦਰਜ ਕਰਨਗੇ ।ਇਸ ਮੌਕੇ ਸਵਰਨਜੀਤ ਸਿੰਘ ਕੁਰਾਲੀਆਂ, ਜਸਵੰਤ ਸਿੰਘ ਮੈਂਬਰ, ਖੁਸ਼ਦਿਲ ਸਿੰਘ ਮੈਂਬਰ ਪੰਚਾਇਤ, ਕਸ਼ਮੀਰਾ ਸਿੰਘ ਰੰਧਾਵਾ, ਅਮਰਜੀਤ ਸਿੰਘ ਕਾਕਾ, ਧੰਨਾ ਸਿੰਘ, ਮਨਜੀਤ ਸਿੰਘ ਸਾਬਕਾ ਸਰਪੰਚ, ਰਵਿੰਦਰ ਸਿੰਘ, ਹਰਜੀਤ ਸਿੰਘ ਫੌਜੀ ਕਸ਼ਮੀਰ ਸਿੰਘ ਰੰਧਾਵਾ ਸੋਨੂ ਚੱਕੀ ਵਾਲਾ ,ਕਵਲਜੀਤ ਸਿੰਘ ਹੈਪੀ, ਪ੍ਰੇਮ ਸਿੰਘ ਰੰਧਾਵਾ, ਹੀਰਾ ਸਿੰਘ ਦਿਆਲ ਸਿੰਘ, ਜਸਵਿੰਦਰ ਸਿੰਘ ਰੰਧਾਵਾ, ਕੇਵਲ ਸਿੰਘ ਦੋਧੀ, ਸੁਰਿੰਦਰ ਸਿੰਘ ,ਬਿਕਰਮ ਸਿੰਘ ਜਲਾਲਪੁਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਕੂਲਾਂ ਅੰਦਰ ਰਾਈਟ ਟੂ ਐਜੂਕੇਸ਼ਨ ਐਕਟ-2009 ਲਾਗੂ ਕਰਨ ਦੀ ਮੰਗ

**ਵੇਰਕਾ (ਰਾਣਾ)** ਸਿੱਖਿਆ ਵਿਭਾਗ ਪੰਜਾਬ ਅੰਦਰ ਆਰਟੀਈ (ਰਾਈਟ ਟੂ ਐਜੂਕੇਸ਼ਨ) ਐਕਟ 2009 ਹਾਲੇ ਤੱਕ ਮੁਕੰਮਲ ਰੂਪ ਵਿੱਚ ਲਾਗੂ ਨਾ ਹੋਣ ਕਰਕੇ ਸਰਕਾਰੀ ਐਲੀਮੈਂਟਰੀ ਸਕੂਲਾਂ 'ਚ ਪੜ੍ਹਨ ਵਾਲੇ ਲੋੜਵੰਦ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ।

ਭਾਵੇਂ ਕਿ ਸੂਬਾ ਸਰਕਾਰ ਇਨ੍ਹਾਂ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਅਨੇਕਾਂ ਸਹੂਲਤਾਂ ਪ੍ਰਦਾਨ ਕਰਦੀ ਹੈ। ਪ੍ਰੰਤੂ ਫਿਰ ਵੀ ਸਿੱਖਿਅਤ ਕਰਨ ਦਾ ਮੁੱਖ ਟੀਚਾ ਪੂਰਾ ਹੋਣ ਦੀ ਬਜਾਏ ਜਿਉਂ ਦਾ ਤਿਉਂ ਹੈ। ਕਿਉਂਕਿ ਬਹੁਤਾਤ ਗਿਣਤੀ ਸਰਕਾਰੀ ਐਲੀਮੈਂਟਰੀ ਸਕੂਲ ਹਾਲੇ ਤੀਕ ਅਧਿਆਪਕਾਂ ਤੋਂ ਵਾਂਝੇ ਹਨ। ਕਾਬਲੇਗੌਰ ਹੈ ਕਿ ਅਧਿਆਪਕ ਰੈਸ਼ਨੇਲਾਈਜ਼ੇਸ਼ਨ ਨਾ ਹੋਣ ਕਾਰਨ ਜਿੱਥੇ ਟੀਚਰ ਦੀ ਸਕੂਲ ਨੂੰ ਬੱਚੇ ਪੜ੍ਹਾਉਣ ਵਾਸਤੇ ਲੋੜ ਹੈ, ਉੱਥੇ ਟੀਚਰ ਨਹੀਂ ਅਤੇ ਜਿੱਥੇ ਟੀਚਰ ਦੀ ਜ਼ਰੂਰਤ ਨਹੀਂ, ਉਥੇ ਫਾਲਤੂ ਟੀਚਰ ਤੈਨਾਤ ਹਨ। ਕਈ ਪੇਂਡੂ ਖੇਤਰ ਦੇ ਸਕੂਲਾਂ ਵਿੱਚ ਸਿੰਗਲ ਅਧਿਆਪਕ ਹੀ ਮੌਜੂਦ ਹੈ ਜਿਹੜਾ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਪ੍ਰਭਾਵਿਤ ਕਰਦਾ ਹੈ।ਕਿਉਂਕਿ ਸਿੰਗਲ ਟੀਚਰ 5 ਜਮਾਤਾਂ ਇਕੱਲਾ ਨਹੀਂ ਪੜ੍ਹਾ ਸਕਦਾ ਹੈ।ਪ੍ਰੰਤੂ ਸ਼ਹਿਰੀ ਖੇਤਰ ਦੇ ਸਕੂਲ ਬੇਲੋੜੇ ਫਾਲਤੂ ਅਧਿਆਪਕਾਂ ਨਾਲ ਭਰੇ ਹੋਏ ਹਨ। ਜਿਹੜੇ ਦੁੱਗਣਾ ਸ਼ਹਿਰੀ ਮਕਾਨ ਭੱਤਾ ਨਜਾਇਜ਼ ਲੈਂਦੇ ਹੋਏ ਸੂਬਾ ਸਰਕਾਰ ਨੂੰ ਮਾਸਿਕ ਲੱਖਾਂ ਰੁਪਏ ਦਾ ਚੂਨਾ ਲਗਾਉਂਦੇ ਹਨ। ਆਰ. ਟੀ. ਈ ਐਕਟ 2009 ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਸਕੂਲ ਵਿੱਚ ਕੁੱਲ ਬੱਚਿਆਂ ਦੀ 150 ਗਿਣਤੀ ਦੇ ਅਨੁਪਾਤਕ 30 ਬੱਚਿਆਂ ਨੂੰ ਪੜ੍ਹਾਉਣ ਲਈ 1 ਟੀਚਰ ਅਤੇ 5 ਜਮਾਤਾਂ ਪੜ੍ਹਾਉਣ ਵਾਸਤੇ 5 ਅਧਿਆਪਕ ਲੋੜੀਂਦੇ ਹਨ। ਇਸੇ ਤਰ੍ਹਾਂ ਕ੍ਰਮਵਾਰ 150 ਤੋਂ 200 ਵਿਦਿਆਰਥੀਆਂ ਦੀ ਗਿਣਤੀ ਪਿੱਛੇ 6 ਟੀਚਰ ਅਤੇ 201 ਅਨੁਪਾਤਕ 40 ਬੱਚਿਆਂ ਦੀ ਗਿਣਤੀ ਪਿੱਛੇ 1 ਟੀਚਰ ਅਤੇ 5 ਜਮਾਤਾਂ ਪੜ੍ਹਾਉਣ ਲਈ 5 ਅਧਿਆਪਕ ਦੇਣੇ ਲਾਜ਼ਮੀ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸਕੂਲ ਦੀਆਂ 5 ਜਮਾਤਾਂ ਲਈ 5 ਅਧਿਆਪਕ ਸਮੇਤ ਹੈੱਡਟੀਚਰ ਹਨ। ਕਿਉਂਕਿ ਉਕਤ ਆਰ.ਟੀ.ਈ ਐਕਟ 2009 ਮੁਤਾਬਿਕ ਸਕੂਲ ਦੇ ਹੈੱਡਟੀਚਰ ਵੀ ਕਲਾਸ ਲੈਂਦੇ ਹੋਏ ਬੱਚਿਆਂ ਨੂੰ ਪੜ੍ਹਾਉਣਾ ਹੁੰਦਾ ਹੈ।ਇਹ ਵੀ ਕਾਬਲੇਗੌਰ ਹੈ ਕਿ ਪੜ੍ਹਾਉਣਾ ਸੈਂਟਰ ਹੈੱਡਟੀਚਰ ਨੇ ਵੀ ਹੈ, ਭਾਵੇਂ ਕਿ ਥੋੜਾ ਸਮਾਂ ਪੜ੍ਹਾਉਣਾ ਹੈ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾਈ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸੂਬਾਈ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ, ਕਾਰਜਕਾਰਨੀ ਕਮੇਟੀ ਮੈਂਬਰ ਲੈਕ: ਮੁਖਤਿਆਰ ਸਿੰਘ ਸਹੋਤਾ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਮਜੀਠਾ, ਸਕੱਤਰ ਅਮਰਿੰਦਰ ਸਿੰਘ ਛੀਨਾ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ, ਸੀਨੀ: ਸਹਾਇਕ ਸੁਖਬੀਰ ਸਿੰਘ ਸੋਹੀਆਂ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਡੀਜੀਐੱਸਈ ਸਿੱਖਿਆ ਵਿਭਾਗ ਪੰਜਾਬ ਅਜੀਤਗੜ੍ਹ, ਮਾਨਯੋਗ ਡੀਪੀਆਈ (ਐਲੀ:ਸਿੱ/ਸੈਂ:ਸਿੱ) ਅਜੀਤਗੜ੍ਹ ਪਾਸੋਂ ਜ਼ੋਰਦਾਰ ਚਿਰੋਕਣੀ ਮੰਗ ਕੀਤੀ ਹੈ ਕਿ ਆਰਟੀਈ ਐਕਟ 2009 ਨੂੰ ਲਾਗੂ ਕਰਦੇ ਹੋਏ ਫੌਰੀ ਅਧਿਆਪਕ ਰੈਸ਼ਨੇਲਾਈਜ਼ੇਸ਼ਨ ਨੀਤੀ ਸਕੂਲਾਂ ਅੰਦਰ ਲਾਗੂ ਕੀਤੀ ਜਾਵੇ ਤਾਂ ਕਿ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਪੂਰੀ ਹੋ ਸਕੇ ਅਤੇ ਫਿਰ ਖਾਲੀ ਰਹਿੰਦੇ ਸਕੂਲਾਂ ਅੰਦਰ ਨਵੇਂ ਅਧਿਆਪਕਾਂ ਭਰਤੀ ਕੀਤੀ ਜਾਵੇ। ਜਿਸ ਨਾਲ ਬੇਰੁਜ਼ਗਾਰ ਟੀਚਰਾਂ ਨੂੰ ਰੁਜ਼ਗਾਰ ਮਿਲੇ ਅਤੇ ਸਿੱਖਿਆ ਦਾ ਬੁਨਿਆਦੀ ਢਾਂਚਾ ਚੁਸਤ-ਦਰੁਸਤ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਪਰੋਕਤ ਜਥੇਬੰਦਕ ਆਗੂਆਂ ਨੇ ਸਰਕਾਰ ਪਾਸੋਂ ਸਕੂਲਾਂ ਦੀ ਨਾਮਾਤਰ ਹੁੰਦੀ ਚੈਕਿੰਗ ਵਧਾਉਣ ਦੀ ਵੀ ਮੰਗ ਕੀਤੀ ਹੈ। ਤਾਂ ਜੋ ਟੀਚਰਾਂ ਦੀ ਹਾਜ਼ਰੀ ਸਕੂਲਾਂ ਵਿੱਚ ਯਕੀਨੀ ਬਣਾ ਕੇ ਵਿੱਦਿਆ ਦਾ ਮਿਆਰ (ਉੱਤਮ) ਉੱਚਾ ਚੁੱਕਿਆ ਜਾਵੇ।

## ਲੰਗਰ ਲਈ ਲਾਡਵਾਂ ਦੀ ਸੰਗਤ ਵੱਲੋਂ 100 ਕੁਇੰਟਲ ਕਣਕ ਭੇਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਹਰਿਆਣਾ ਦੇ ਪਿੰਡ ਲਾਡਵਾਂ ਦੀ ਸੰਗਤ ਵੱਲੋਂ 100 ਕੁਇੰਟਲ ਕਣਕ ਭੇਟ ਕਰਕੇ ਸ਼ਰਧਾ ਪ੍ਰਗਟਾਈ ਗਈ। ਕਣਕ ਲੈ ਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾਂ ਨੇ ਕਿਹਾ ਕਿ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸੰਗਤ ਪ੍ਰਸ਼ਾਦਾ ਛਕਦੀ ਹੈ। ਸੰਗਤਾਂ ਵੱਲੋਂ ਆਪਣੀ ਕਮਾਈ ਵਿੱਚੋਂ ਲੰਗਰ ਸੇਵਾਵਾਂ ਵਿਚ ਹਿੱਸਾ ਪਾ ਕੇ ਗੁਰੂ ਸਾਹਿਬ ਲਈ ਸ਼ਰਧਾ ਪ੍ਰਗਟਾਈ ਜਾਂਦੀ ਹੈ। ਇਸੇ ਤਹਿਤ ਹਰਿਆਣੇ ਦੇ ਪਿੰਡ ਲਾਡਵਾਂ ਦੀਆਂ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਕਣਕ ਭੇਟ ਕੀਤੀ ਗਈ ਹੈ। ਸੰਗਤਾਂ ਪਾਸੋਂ ਇਹ ਸੇਵਾ ਇਕੱਤਰ ਕਰਕੇ ਸ੍ਰੀ ਦਰਬਾਰ ਸਾਹਿਬ ਪਹੁੰਚਾਉਣ ਲਈ ਗੁਰਦੁਆਰਾ ਸਿੰਘ ਸਭਾ ਲਾਡਵਾਂ ਦੇ ਪ੍ਰਧਾਨ ਸੁਰਿੰਦਰ ਸਿੰਘ, ਜਥੇਦਾਰ ਪ੍ਰੇਮ ਸਿੰਘ, ਪਰਮਜੀਤ ਸਿੰਘ ਦੁਨੀਆਮਾਜਰਾ ਸਾਬਕਾ ਮੀਤ ਸਕੱਤਰ ਦਾ ਵੱਡਾ ਸਹਿਯੋਗ ਰਿਹਾ ਹੈ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸ੍ਰੀ ਦਰਬਾਰ ਸਾਹਿਬ ਵੱਲੋਂ ਹਰਭਜਨ ਸਿੰਘ ਮਸਾਣਾਂ ਅਤੇ ਨਾਲ ਆਈਆਂ ਸੰਗਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਵੋਟ ਪਾਉਣਾ ਸੰਵਿਧਾਨਕ ਅਧਿਕਾਰ ਤੇ ਅਹਿਮ ਜ਼ਿੰਮੇਵਾਰੀ ਹੈ : ਸਲਾਰੀਆ



**ਦੀਨਾਨਗਰ (ਸੰਜੀਵ)**-ਵਿਸ਼ਵ ਪ੍ਰਸਿੱਧ ਸੰਸਥਾ ਪੀਸੀਟੀ ਹਿਊਮੈਨਿਟੀ ਦੇ ਸੰਸਥਾਪਕ ਜੋਗਿੰਦਰ ਸਿੰਘ ਸਲਾਰੀਆ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇੱਕ ਇਮਾਨਦਾਰ ਸਰਕਾਰ ਨੂੰ ਚੁਣਨ ਦੀ ਜ਼ਿੰਮੇਵਾਰੀ ਸੰਵਿਧਾਨ ਨੇ ਮਤਦਾਤਿਆਂ ਨੂੰ ਦਿੱਤੀ ਹੈ ਅਤੇ ਉਨ੍ਹਾਂ ਨੂੰ ਬਿਨਾਂ ਲੋਭ-ਲਾਲਚ ਦੇ ਮਤਦਾਨ ਕਰਨਾ ਚਾਹੀਦਾ ਹੈ। ਮੇਰਾ ਮਕਸਦ 'ਮੇਰਾ ਵੋਟ ਮੇਰਾ ਅਧਿਕਾਰ' ਦੇ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ।ਸਲਾਰੀਆ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ 40 ਫੀਸਦੀ ਵੋਟਰ ਆਪਣੇ ਮਤ ਦਾ ਇਸਤੇਮਾਲ ਨਹੀਂ ਕਰਦੇ, ਜਿਸ ਨਾਲ ਲੋਕਤੰਤਰ ਕਮਜ਼ੋਰ ਹੁੰਦਾ ਹੈ। ਉਨ੍ਹਾਂ ਨੇ ਸਾਰੇ ਮਤਦਾਤਿਆਂ ਨੂੰ ਆਪਣੇ ਮਤ ਦਾ ਇਸਤੇਮਾਲ ਕਰਨ ਦੀ ਅਪੀਲ ਕੀਤੀ ਤਾਂ ਜੋ ਸਾਡਾ ਦੇਸ਼ ਸ਼ਕਤੀਸ਼ਾਲੀ ਬਣ ਕੇ ਲਕਸ਼ਾਂ ਨੂੰ ਪ੍ਰਾਪਤ ਕਰ ਸਕੇ। ਉਨ੍ਹਾਂ ਨੇ ਮਤਦਾਨ ਨੂੰ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਆਪਣੀ ਸਰਕਾਰ ਚੁਣਨ ਦਾ ਤਿਉਹਾਰ ਦੱਸਿਆ।ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਨੇ ਜੋ ਮਤਦਾਨ ਦਾ ਅਧਿਕਾਰ ਦਿੱਤਾ ਹੈ, ਉਸ ਉੱਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਲੋਭ-ਲਾਲਚ ਦੇ ਮਤਦਾਨ ਕਰਨਾ ਚਾਹੀਦਾ ਹੈ।ਮਤਦਾਤਿਆਂ ਨੂੰ ਸਮਝਦਾਰੀ ਨਾਲ ਇੱਕ ਚੰਗੇ ਉਮੀਦਵਾਰ ਦਾ ਚੋਣ ਕਰਕੇ ਮਤ ਪਾਉਣਾ ਚਾਹੀਦਾ ਹੈ। ਹਰ ਵਿਅਕਤੀ ਨੂੰ ਮਤਦਾਨ ਕਰਨਾ ਚਾਹੀਦਾ ਹੈ ਕਿਉਂਕਿ ਇਹ ਉਸਦਾ ਮੌਲਿਕ ਅਧਿਕਾਰ ਹੈ।ਜੇ ਵੋਟਰ ਆਪਣੇ ਵੋਟ ਦਾ ਇਸਤੇਮਾਲ ਨਹੀਂ ਕਰਦੇ ਤਾਂ ਇਸ ਨਾਲ ਸਰਕਾਰ ਅਤੇ ਲੋਕਤੰਤਰ ਨੂੰ ਕਈ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ।

1-Jun-PAGE-12.qxd 5/31/2024 8:54 PM Page 1



# ਐੱਲ ਪੀ ਯੂ ਵੱਲੋਂ ਨੇਤਾਵਾਂ ਲਈ ਨਿੱਜੀ ਬ੍ਰਾਂਡਿੰਗ ਤੇ ਪ੍ਰਿੰਸੀਪਲ ਦੇ ਸੰਮੇਲਨ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)** - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਲੀਡਰਸ ਲਈ ਨਿੱਜੀ ਬ੍ਰਾਂਡਿੰਗ ਉੱਤੇ ਇੱਕ ਬਹੁਤ ਹੀ ਸਫਲ ਇੱਕ-ਰੋਜ਼ਾ ਪ੍ਰਿੰਸੀਪਲ ਸੰਮੇਲਨ ਦਾ ਆਯੋਜਨ ਕੀਤਾ। ਕਰੀਅਰ ਗਾਈਡੈਂਸ ਵਿਭਾਗ ਦੁਆਰਾ ਆਯੋਜਿਤ ਸੰਮੇਲਨ ਦਾ ਉਦੇਸ਼ ਵਿਦਿਅਕ ਨੇਤਾਵਾਂ ਨੂੰ ਆਕਰਸ਼ਕ ਨਿੱਜੀ ਬ੍ਰਾਂਡ ਬਣਾਉਣ ਲਈ ਕੀਮਤੀ ਰਣਨੀਤੀਆਂ ਬਾਰੇ ਜਾਣਕਾਰੀ ਦੇਣੀ ਜੋ ਸਿੱਖਿਆ ਦੇ ਖੇਤਰ ਵਿੱਚ ਉਹਨਾਂ ਦੇ ਪ੍ਰਭਾਵ ਅਤੇ ਪ੍ਰਭਾਵ ਨੂੰ ਵਧਾਉਂਦੇ ਹਨ । ਇਸ ਸਮਾਗਮ ਵਿੱਚ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਅਧੀਨ ਚੱਲ ਰਹੀਆਂ 42 ਸੰਸਥਾਵਾਂ ਦੇ ਪ੍ਰਿੰਸੀਪਲਾਂ ਦੇ ਨਾਲ-ਨਾਲ ਆਈਸੀਐਸਈ ਅਤੇ ਸੀਬੀਐਸਈ ਸਕੂਲਾਂ ਦੇ ਪ੍ਰਿੰਸੀਪਲ ਅਤੇ ਡਾਇਰੈਕਟਰ ਆਫ਼ ਐਜੂਕੇਸ਼ਨ, ਅਸਿਸਟੈਂਟ ਡਾਇਰੈਕਟਰਾ ਨੇ ਸ਼ਿਰਕਤ ਕੀਤੀ ।ਡਾ. ਰਾਜੇਸ਼ ਵਰਮਾ, ਪ੍ਰੋਫੈਸਰ ਅਤੇ ਸੀਨੀਅਰ ਡੀਨ, ਮਿੱਤਲ ਸਕੂਲ ਆਫ਼ ਬਿਜ਼ਨਸ, ਨੇ ਆਪਣੇ ਸੈਸ਼ਨ ਦੌਰਾਨ ਪ੍ਰਿੰਸੀਪਲਾਂ ਨੂੰ ਇੱਕ ਮਜ਼ਬੂਤ ਨਿੱਜੀ ਬ੍ਰਾਂਡ ਵਿਕਸਤ ਕਰਨ ਦੀਆਂ ਵੱਖ-ਵੱਖ ਰਣਨੀਤੀਆਂ ਬਾਰੇ ਜਾਣਕਾਰੀ ਦਿੱਤੀ ਜੋ ਉਹਨਾਂ ਨੂੰ ਵਿਦਿਅਕ ਨੇਤਾਵਾਂ ਵਜੋਂ ਵੱਖਰਾ ਕਰਦੀ ਹੈ।ਸੈਸ਼ਨ ਨੇ ਸਕੂਲ ਦੇ ਭਵਿੱਖ ਲਈ ਇੱਕ ਸਪੱਸ਼ਟ ਦ੍ਰਿਸ਼ਟੀਕੋਣ, ਇੱਕ ਵਿਲੱਖਣ ਮੁੱਲ ਪ੍ਰਸਤਾਵ, ਇਕਸਾਰ ਸੰਦੇਸ਼, ਇੱਕ ਮਜ਼ਬੂਤ ਆਨਲਾਈਨਮੌਜੂਦਗੀ, ਸਰਗਰਮ ਨੈੱਟਵਰਕਿੰਗ ਅਤੇ ਚੱਲ ਰਹੇ ਪੇਸ਼ੇਵਰ ਵਿਕਾਸ ਦੀ ਮਹੱਤਤਾ ਤੇ ਜ਼ੋਰ ਦਿੱਤਾ।

ਡਾ. ਸਚਿਨ ਸਿੱਧਰਾ, ਸਹਾਇਕ ਪ੍ਰੋਫੈਸਰ ਅਤੇ ਐਚ.ਓ.ਡੀ., ਸਾਫਟ ਸਕਿੱਲਜ਼ ਨੇ ਬਿਲਡਿੰਗ ਕੋਹੇਸਿਵ ਟੀਮਾਂ ਸਿਰਲੇਖ ਦੇ ਆਪਣੇ ਸੈਸ਼ਨ ਵਿੱਚ ਵਿਦਿਅਕ ਸੰਸਥਾਵਾਂ ਵਿੱਚ ਟੀਮ ਦੇ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਸਨੇ ਸਫਲ ਟੀਮ-ਨਿਰਮਾਣ ਦੇ ਮੁੱਖ ਤੱਤਾਂ ਨੂੰ ਉਜਾਗਰ ਕੀਤਾ, ਜਿਸ ਵਿੱਚ ਖੁੱਲਾ ਸੰਚਾਰ, ਵਿਸ਼ਵਾਸ, ਆਪਸੀ ਸਤਿਕਾਰ, ਸਪਸ਼ਟ ਟੀਚੇ, ਸਹਿਯੋਗ, ਸਾਂਝੇ ਮੁੱਲ ਅਤੇ ਚੱਲ ਰਹੇ ਸਮਰਥਨ ਸ਼ਾਮਲ ਹਨ। ਆਪਣੀਆਂ ਟੀਮਾਂ ਦੇ ਅੰਦਰ ਸਵੈ-ਅਗਵਾਈ ਨੂੰ ਉਤਸ਼ਾਹਿਤ ਕਰਕੇ, ਪ੍ਰਿੰਸੀਪਲ ਆਪਣੀਆਂ ਸੰਸਥਾਵਾਂ ਦੇ ਸੁਚਾਰੂ ਸੰਚਾਲਨ ਅਤੇ ਸਫਲਤਾ ਨੂੰ ਯਕੀਨੀ ਬਣਾ ਸਕਦੇ ਹਨ । ਕਨਕਲੇਵ ਦੀ ਸਮਾਪਤੀ ਰਜਿਸਟਰਾਰ ਅਤੇ ਕਾਰਜਕਾਰੀ ਡੀਨ ਡਾ: ਮੋਨਿਕਾ ਗੁਲਾਟੀ ਨੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ। ਇਸ ਸਹਿਯੋਗ ਦੇ ਹਿੱਸੇ ਵਜੋਂ, ਐਲਪੀਯੂਜ਼ੂਨ 2024 ਵਿੱਚ 47 ਸਕੂਲਾਂ ਦੇ 1000 ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਦੇਵੇਗਾ, ਉਹਨਾਂ ਨੂੰ ਕੀਮਤੀ ਹੁਨਰ ਸੁਧਾਰ ਸੈਸ਼ਨ ਪ੍ਰਦਾਨ ਕਰੇਗਾ । ਇਸ ਤੋਂ ਇਲਾਵਾ, ਐਲਪੀਯੂ ਵਿਦਿਆਰਥੀਆਂ ਲਈ ਹੁਨਰ ਸੁਧਾਰ ਸੈਸ਼ਨਾਂ ਦਾ ਆਯੋਜਨ ਕਰੇਗਾ, ਜੋ ਸਾਲ ਭਰ ਉਨ੍ਹਾਂ ਦੇ ਸਮੁੱਚੇ ਵਿਕਾਸ ਵਿੱਚ ਸਹਾਇਤਾ ਕਰੇਗਾ।।

## ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ 'ਚ ਮਨਾਇਆ ਵਿਸ਼ਵ ਤੰਬਾਕੂ ਰਹਿਤ ਦਿਵਸ

**ਮੋਹਾਲੀ, (ਕ੍ਰਿਸ਼ਨ ਗਰਗ )** ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ, ਜਿਸ ਦੌਰਾਨ ਮਰੀਜ਼ਾਂ ਅਤੇ ਹੋਰ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਤੰਬਾਕੂ ਨੋਡਲ ਅਫ਼ਸਰ ਡਾ. ਨਵਦੀਪ ਸਿੰਘ ਨੇ ਦਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੇ ਲੋਕਾਂ ਨੂੰ ਦਸਿਆ ਕਿ ਸਿਗਰਟ, ਬੀੜੀ, ਜ਼ਰਦਾ, ਪਾਨ ਮਸਾਲਾ, ਈ ਸਿਗਰਟ, ਚਿਲਮ ਆਦਿ ਤੰਬਾਕੂ ਪਦਾਰਥ ਮਨੁੱਖੀ ਸਰੀਰ ਲਈ ਬੇਹੱਦ ਖ਼ਤਰਨਾਕ ਹਨ। ਇਹ ਮਿੱਠਾ ਜ਼ਹਿਰ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਲੈਂਦਾ ਹੈ, ਇਸ ਲਈ ਤੰਬਾਕੂ ਦਾ ਖਹਿੜਾ ਛੱਡ ਕੇ ਚੰਗੀ ਜ਼ਿੰਦਗੀ ਦਾ ਪੱਲਾ ਫੜਿਆ ਜਾਵੇ।

ਸਿਹਤ ਅਧਿਕਾਰੀਆਂ ਨੇ ਕਿਹਾ ਕਿ ਤੰਬਾਕੂ ਦੀ ਵਰਤੋਂ ਕਈ ਬੀਮਾਰੀਆਂ ਦਾ ਕਾਰਨ ਹੈ ਜਿਵੇਂ ਕੈਂਸਰ, ਸਾਹ ਦੀ ਸਮੱਸਿਆ, ਦਿਲ ਦੀਆਂ ਬੀਮਾਰੀਆਂ, ਸ਼ੱਕਰ ਰੋਗ, ਦੰਦ ਦੀਆਂ ਬੀਮਾਰੀਆਂ, ਸੁਣਨ ਦੀ ਸਮੱਸਿਆ, ਨਿਗ੍ਹਾ ਦੀ ਕਮੀ ਆਦਿ। ਡਾਕਟਰੀ ਸਲਾਹ ਲਈ ਵਿਸ਼ੇਸ਼ ਤੌਰ 'ਤੇ ਮੋਹਾਲੀ ਦੇ ਸੈਕਟਰ 66 ਦੇ ਨਸ਼ਾ ਛੁਡਾਊ ਕੇਂਦਰ ਵਿਚ ਤੈਨਾਤ ਮਾਹਰ ਡਾਕਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਿਥੇ ਕਿਸੇ ਵੀ ਤਰ੍ਹਾਂ ਦਾ ਨਸ਼ਾ ਛੁਡਾਉਣ ਲਈ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਜਾ ਕੇ ਇਲਾਜ ਸ਼ੁਰੂ ਕਰਵਾਇਆ ਜਾ ਸਕਦਾ ਹੈ। ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਿਹਤ ਸਟਾਫ਼ ਨੇ ਜ਼ਿੰਦਗੀ ਵਿਚ ਕਦੇ ਵੀ ਤੰਬਾਕੂ ਦੀ ਵਰਤੋਂ ਨਾ ਕਰਨ ਦਾ ਅਹਿਦ ਵੀ ਲਿਆ।

# ਰਾਜਸੀ ਪਾਰਟੀਆਂ ਦੇ ਚੋਣ ਵਾਅਦੇ ਕਾਨੂੰਨੀ ਦਸਤਾਵੇਜ਼ ਹੋਣ : ਕੇਂਦਰੀ ਸਭਾ

**ਚੰਡੀਗੜ੍ਹ, (ਗੁਰਜੀਤ ਬਿੱਲਾ):** ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਜਾਰੀ ਬਿਆਨ ਵਿਚ ਕਿਹਾ ਹੈ ਗਿਆ ਹੈ ਕਿ ਪੰਜਾਬ ਸਮੇਤ ਪੂਰੇ ਮੁਲਕ ਵਿਚ ਜਦੋਂ ਰਾਜ ਸਤਾ ਹਥਿਆਉਣ ਲਈ ਰਾਜਨੀਤਕ ਪਾਰਟੀਆਂ ਹਰ ਹਰਬਾ ਵਰਤ ਰਹੀਆਂ ਹਨ ਤਾਂ ਕਿਸੇ ਵੀ ਰਾਜਸੀ ਧਿਰ ਕੋਲ ਆਮ ਬੰਦੇ ਦੀ ਬੁਨਿਆਦ ਨਾਲ ਜੁੜੇ ਸਿਹਤ, ਸਿਖਿਆ ਅਤੇ ਰੁਜ਼ਗਾਰ ਨਾਲ ਜੁੜੇ ਚੁਣਾਵੀਂ ਮੁੱਦੇ ਨਹੀਂ ਹਨ।ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਰਨਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਸਭ ਤੋਂ ਵੱਡੇ ਲੋਕ-ਤੰਤਰਿਕ ਹੱਕ ਦੇ ਇਸਤੇਮਾਲ ਤੋਂ ਪਹਿਲਾਂ ਵੋਟਰਾਂ ਨੂੰ ਚੋਣ ਲੜ ਰਹੀਆਂ ਪਾਰਟੀਆਂ, ਧਾਰਮਿਕਵਾਦ, ਫਿਰਕੂਵਾਦ ਅਤੇ ਜਾਤੀਵਾਦ ਵਿਚ ਵੰਡਣ ਦੇ ਨਾਲ ਨਾਲ ਮੁਫ਼ਤਖੋਰ ਸਕੀਮਾਂ ਦੇ ਛਲਾਵੇ ਹੇਠ ਭਰਮਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੀਆਂ ਧਿਰਾਂ ਦੇ ਚੋਣ ਵਾਅਦੇ ਕਾਨੂੰਨੀ ਦਸਤਾਵੇਜ਼ ਹੋਣੇ ਚਾਹੀਦੇ ਹਨ ਤਾਂ ਜੋ ਇਹ ਧਿਰਾਂ ਲੋਕ ਕਚਹਿਰੀ ਵਿਚ ਜੁਆਬਦੇਹ ਹੋਵਣ।ਉਨ੍ਹਾਂ ਕਿਹਾ ਕਿ ਖਿੱਤੇ ਦੀ ਆਰਥਿਕ, ਸਭਿਆਚਾਰਕ ਅਤੇ ਭਾਸ਼ਾਈ ਖੁਸ਼ਹਾਲੀ ਅਤੇ ਤਰੱਕੀ ਲਈ ਇਨ੍ਹਾਂ ਪਾਰਟੀਆਂ ਨੂੰ ਆਮ ਲੋਕਾਂ ਨੂੰ ਫੋਕੀਆਂ ਗੱਲਾਂ 'ਚ ਉਲਝਾਉਣ ਦੀ ਬਜਾਏ ਸੂਬੇ ਅੰਦਰ ਰੁਜ਼ਗਾਰ ਦੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਜਿਹੜੀ ਰੋਜ਼ੀ ਰੋਟੀ ਦੀ ਤਲਾਸ਼ ਵਿਚ ਵਿਦੇਸ਼ਾਂ ਨੂੰ ਭੱਜ ਰਹੀ ਹੈ, ਉਹ ਆਪਣੀ ਜ਼ੁਬਾਨ ਅਤੇ ਜ਼ਮੀਨ ਨਾਲ ਜੁੜੀ ਰਹੇ।ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਅਹੁਦੇਦਾਰਾਂ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ ਰਜਿੰਦਰ ਰਾਜਨ , ਮੱਖਣ ਸਿੰਘ ਕੁਹਾੜ, ਗੁਰਭੇਜ ਸਿੰਘ ਗੁਰਾਇਆ, ਡਾ. ਉਮਿੰਦਰ ਜੌਹਲ, ਡਾ. ਸ਼ਿੰਦਰਪਾਲ ਸਿੰਘ, ਡਾ. ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵਸੀ, ਹਰਪਾਲ ਨਾਗਰਾ, ਗੁਰਪ੍ਰੀਤ ਸਿੰਘ ਰੰਗੀਲਪੁਰ, ਗੁਰਮੀਤ ਬਾਜਵਾ, ਦੀਪਕ ਸ਼ਰਮਾ ਚਨਾਰਥਲ, ਬਲਵਿੰਦਰ ਸੰਧੂ, ਅਮਰਜੀਤ ਸਿੰਘ ਜੀਤ, ਗੁਰਬਿੰਦਰ ਸਿੰਘ ਮਾਣਕ, ਡਾ. ਹਰਪ੍ਰੀਤ ਸਿੰਘ ਰਾਣਾ, ਯਤਿੰਦਰ ਕੌਰ ਮਾਹਲ, ਜਸਵੰਤ ਰਾਏ, ਜਸਵੀਰ ਰਾਣਾ,ਮਨਜਿੰਦਰ ਧਨੋਆ , ਰਿਸ਼ੀ ਹਿਰਦੇ ਪਾਲ, ਸੁਰਿੰਦਰਜੀਤ ਚੌਹਾਨ, ਡਾ. ਦੇਵਿੰਦਰ ਸੈਫੀ, ਗੁਰਸੇਵਕ ਸਿੰਘ ਢਿੱਲੋਂ, ਸੰਪੂਰਨ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਸੁਰਿੰਦਰ ਸਿੰਘ ਖੀਵਾ ਮਦਨ ਵੀਰਾ, ਵਿਸ਼ਾਲ ਅਨਿਲ ਫਤਿਹਗੜ੍ਹ ਜੱਟਾ, ਐਸ ਨਸੀਮ ਅਤੇ ਡਾ ਕਰਮਜੀਤ ਸਿੰਘ ਨੇ ਵੀ ਸਮੂਹ ਪੰਜਾਬੀ ਵੋਟਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਦਿਆਂ ਮਾਂ-ਭਾਸ਼ਾ ਪੰਜਾਬੀ ਵਿਚ ਹੀ ਦਸਤਖ਼ਤ ਕਰਨ।

## ਸੀਟੀ ਗਰੁੱਪ ਦੇ ਵਿਦਿਆਰਥੀਆਂ ਵੱਲੋਂ ਵਾਟਰ ਵਾਰੀਅਰਜ਼ ਡਰਾਈਵ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)** - ਸੀਟੀ ਗਰੁੱਪ ਦੇ ਵਿਦਿਆਰਥੀਆਂ ਨੇ ਆਪਣੀ ਵਾਟਰ ਵਾਰੀਅਰਜ਼ ਡਰਾਈਵ ਰਾਹੀਂ ਫਰੰਟਲਾਈਨ ਨਾਇਕਾਂ ਦੀ ਸੇਵਾ ਕਰਨ ਲਈ ਕਦਮ ਰੱਖਿਆ । ਵਿਦਿਆਰਥੀ ਭਲਾਈ ਵਿਭਾਗ ਦੁਆਰਾ ਆਯੋਜਿਤ, ਇਸ ਪਹਿਲਕਦਮੀ ਦਾ ਉਦੇਸ਼ ਭਿਆਨਕ ਗਰਮੀ ਵਿੱਚ ਫਰੰਟਲਾਈਨ ਵਰਕਰਾਂ ਦੇ ਦ੍ਰਿੜ ਯਤਨਾਂ ਨੂੰ ਪਛਾਣਨਾ ਅਤੇ ਸਮਰਥਨ ਕਰਨਾ ਹੈ । ਵਿਦਿਆਰਥੀ ਭਲਾਈ ਵਿਭਾਗ ਦੁਆਰਾ ਆਯੋਜਿਤ ਵਾਟਰ ਵਾਰੀਅਰਜ਼ ਡਰਾਈਵ ਵਿੱਚ ਵਿਦਿਆਰਥੀਆਂ ਨੇ ਸੇਵਾ ਕਰ ਸ਼ਹਿਰ ਭਰ ਵਿੱਚ ਮੋਹਰੀ ਨਾਇਕਾਂ ਨੂੰ ਪਾਣੀ ਅਤੇ ਰਿਫਰੈਸ਼ਮੈਂਟ ਵੰਡੀ। ਇਹ ਦੋ ਮੁੱਖ ਉਦੇਸ਼ਾਂ ਨਾਲ ਆਯੋਜਿਤ ਕੀਤਾ ਗਿਆ ਸੀ - ਫਰੰਟਲਾਈਨ ਨਾਇਕਾਂ ਦੀ ਸੇਵਾ ਕਰਨਾ ਅਤੇ ਵਿਦਿਆਰਥੀਆਂ ਵਿੱਚ ਸੇਵਾ ਅਤੇ ਹਮਦਰਦੀ ਦੀਆਂ ਕਦਰਾਂ ਕੀਮਤਾਂ ਨੂੰ ਪੈਦਾ ਕਰਨਾ । ਬੀਐਮਸੀ ਚੌਕ ਤੋਂ ਬੀਐਸਐਫ ਚੌਕ, ਰਵੀਦਾਸ ਚੌਕ ਅਤੇ ਕਮਿਸ਼ਨਰ ਦਫ਼ਤਰ ਤੱਕ, ਵਿਦਿਆਰਥੀਆਂ ਨੇ ਸੀਟੀ ਗਰੁੱਪ ਦੇ ਪੀ.ਆਰ ਅਫਸਰ ਕੌਸ਼ਲ ਗੌਤਮ ਦੇ ਨਾਲ, ਉਨ੍ਹਾਂ ਲੋਕਾਂ ਦਾ ਧੰਨਵਾਦ ਅਤੇ ਇਕਮੁੱਠਤਾ ਪ੍ਰਗਟ ਕਰਨ ਲਈ ਵੱਖ-ਵੱਖ ਸਥਾਨਾਂ ਦਾ ਦੌਰਾ ਕੀਤਾ ਜੋ ਸਾਡੇ ਭਾਈਚਾਰੇ ਦੀ ਅਣਥੱਕ ਸੁਰੱਖਿਆ ਅਤੇ ਸੇਵਾ ਕਰਦੇ ਹਨ । ਇਸ ਪਹਿਲਕਦਮੀ ਬਾਰੇ ਬੋਲਦਿਆਂ, ਵਿਦਿਆਰਥੀ ਭਲਾਈ ਦੇ ਡੀਨ, ਡਾ. ਅਰਜਨ ਸਿੰਘ ਨੇ ਟਿੱਪਣੀ ਕੀਤੀ, ਪਾਣੀ ਅਤੇ ਤਾਜ਼ਗੀ ਦੇ ਨਾਲ ਫਰੰਟਲਾਈਨ ਨਾਇਕਾਂ ਦੀ ਸੇਵਾ ਕਰਕੇ, ਉਹ ਨਾ ਸਿਰਫ਼ ਇਹਨਾਂ ਰੱਖਿਅਕਾਂ ਦੇ ਨਿਰੰਤਰ ਸਮਰਪਣ ਨੂੰ ਸਵੀਕਾਰ ਕਰਦੇ ਹਨ, ਸਗੋਂ ਆਪਣੇ ਅੰਦਰ ਸੇਵਾ ਦੀ ਭਾਵਨਾ ਵੀ ਪੈਦਾ ਕਰਦੇ ਹਨ ।

# ਦੇਸ਼ ਤੇ ਨੌਜਵਾਨਾਂ ਦੇ ਭਵਿੱਖ ਲਈ ਖਤਰਨਾਕ ਹੈ ਅਗਨੀਵੀਰ ਯੋਜਨਾ : ਸਾਬਕਾ ਫੌਜੀ





**ਜਲੰਧਰ - (ਇਕਬਾਲ ਸਿੰਘ ਉਭੀ)** - ਸਥਾਨਕ ਬੀ ਐੱਸ ਐੱਫ ਚੌਕ ਨੇੜੇ ਸਥਿਤ ਹੋਟਲ ਵਿਚ ਪੱਤਰਕਾਰ ਵਾਰਤਾ ਦੌਰਾਨ ਗੱਲਬਾਤ ਕਰਦਿਆ ਸੇਵਾ ਮੁਕਤ ਲੈਫਟੀਨੈਂਟ ਹਰਵੰਤ ਸਿੰਘ, ਲੈਫਟੀਨੈਂਟ ਜਨਰਲ ਜਸਬੀਰ ਸਿੰਘ ਧਾਲੀਵਾਲ ਅਤੇ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਅਗਨੀ ਵੀਰ ਯੋਜਨਾ ਬਾਰੇ ਕਿਹਾ ਕਿ ਭਾਜਪਾ ਸਰਕਾਰ ਵਲੋਂ ਇਸ ਯੋਜਨਾ ਨੂੰ ਲਿਆਉਣ ਦਾ ਬਿਨਾਂ ਸੋਚੇ ਸਮਝੇ ਜਲਦਬਾਜ਼ੀ ਵਿਚ ਲਿਆ ਗਿਆ ਫੈਸਲਾ ਹੈ । ਉਨ੍ਹਾਂ ਕਿਹਾ ਕਿ ਜਿਥੇ ਇਸ ਯੋਜਨਾ ਨਾਲ ਨੌਜਵਾਨਾਂ ਨੂੰ ਵਕਤੀ ਤੌਰ 'ਤੇ ਫੌਜ ਵਿਚ ਭਰਤੀ ਕਰਕੇ ਮੁੜ ਤੋਂ ਬੇਰੁਜ਼ਗਾਰ ਬਣਾਇਆ ਜਾ ਰਿਹਾ ਹੈ, ਉਥੇ ਹੀ ਇਹ ਦੇਸ਼ ਦੀ ਕੌਮੀ ਸੁਰੱਖਿਆ ਲਈ ਵੀ ਖ਼ਤਰਾ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜ 'ਚ ਹਰ ਸਾਲ 66000 ਫੌਜੀ ਸੇਵਾ ਮੁਕਤ ਹੋ ਰਹੇ ਹਨ ਜਦ ਕਿ ਅਗਨੀਵੀਰ ਯੋਜਨਾ ਰਾਹੀਂ 20000 ਫੌਜੀ ਭਰਤੀ ਹੋ ਰਹੇ ਹਨ। ਇਸ ਕਰਕੇ ਹਰ ਸਾਲ ਫ਼ੌਜ ਵਿੱਚੋਂ 46000 ਫੌਜੀਆਂ ਦੀ ਕਟੌਤੀ ਹੋ ਰਹੀ ਹੈ। ਧਾਲੀਵਾਲ ਨੇ ਕਿਹਾ ਕਿ ਇਸ ਯੋਜਨਾ ਨਾਲ 25 ਫੀਸਦੀ ਅਗਨੀ ਵੀਰਾਂ ਨੂੰ ਮੁੜ ਫੌਜ ਵਿੱਚ ਭਰਤੀ ਕੀਤੇ ਜਾਣ ਨਾਲ ਵੀ ਸੇਵਾ ਮੁਕਤੀ ਤੇ ਫੌਜੀ ਵਾਲੀਆਂ ਸਹੂਲਤਾਂ ਨਹੀਂ ਪ੍ਰਾਪਤ ਨਹੀਂ ਕਰ ਸਕੇਗਾ ਅਤੇ ਪੈਂਨਸ਼ਨ ਵੀ ਨਹੀਂ ਲੈ ਸਕੇਗਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਵਲੋਂ ਫੌਜ ਲਈ ਬਜਟ ਵਿੱਚ ਸਿਰਫ 1.5 ਫੀਸਦੀ ਰੱਖਿਆ ਜਾਂਦਾ ਹੈ ਪਰ ਸਰਕਾਰ ਨੂੰ ਫੌਜ ਲਈ ਬਜਟ ਵਿੱਚ ਵਾਧਾ ਕਰਕੇ 3 ਫੀਸਦੀ ਕਰਨਾ ਚਾਹੀਦਾ ਹੈ ਜਿਸ ਨਾਲ ਫੌਜ ਦੇ ਖਰਚੇ ਤੋਂ ਇਲਾਵਾ ਲੋੜੀਂਦਾ ਫੌਜੀ ਸਾਜ਼ੋ ਸਾਮਾਨ ਵੀ ਫੌਜ ਨੂੰ ਮੁਹੱਈਆ ਕੀਤਾ ਜਾ ਸਕੇ। ਇਸ ਮੌਕੇ ਲੈਫ ਜਨਰਲ ਹਰਵੰਤ ਸਿੰਘ ਨੇ ਕਿਹਾ ਕਿ ਚਾਰ ਸਾਲ ਬਾਅਦ ਨੌਕਰੀ ਤੋਂ ਬਾਹਰ ਹੋਣ ਵਾਲੇ ਅਗਨੀਵੀਰ ਬੇਰੁਜ਼ਗਾਰੀ ਤੋਂ ਤੰਗ ਹੋ ਕੇ ਗਲਤ ਰਾਹ ਅਖਤਿਆਰ ਕਰਨਗੇ ਅਤੇ ਗੈਂਗਸਟਰਾਂ ਜਾਂ ਵਿਰੋਧੀ ਅਨਸਰਾਂ ਦੇ ਹੱਥਾਂ ਵਿਚ ਆ ਕੇ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣ ਸਕਦੇ ਹਨ ।ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਕੇਂਦਰੀ ਸਰਕਾਰ ਨੇ ਅਗਨੀਵੀਰ ਯੋਜਨਾ ਲਿਆਉਣ ਤੋਂ ਪਹਿਲਾਂ ਫੌਜਾਂ ਦੇ ਮੁੱਖੀਆਂ ਨੂੰ ਇਕ ਬਾਰ ਵੀ ਭਰੋਸੇ ਵਿੱਚ ਨਹੀਂ ਲਿਆ ਗਿਆ ਅਤੇ ਨਾ ਹੀ ਇਸ ਨੂੰ ਲਾਗੂ ਕਰਨ ਲਈ ਕੋਈ ਸਲਾਹ ਲਈ ਗਈ। ਉਨ੍ਹਾਂ ਕਿਹਾ ਕਿ ਜਿਥੇ ਅਗਨੀਵੀਰ ਯੋਜਨਾ ਨਾਲ ਨੌਜਵਾਨਾਂ ਦਾ ਭਵਿੱਖ ਖਰਾਬ ਹੋ ਰਿਹਾ ਹੈ ਉਥੇ ਹੀ ਉਨ੍ਹਾਂ ਦੇ ਪਰਵਾਰਾਂ ਨੂੰ ਫੌਜੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਵਾਂਝੇ ਰਹਿਣਾ ਪਵੇਗਾ। ਇਸ ਮੌਕੇ ਫੌਜ ਮੁਖੀਆਂ ਨਾਲ ਹਾਜ਼ਰ ਕਾਂਗਰਸ ਪਾਰਟੀ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਡੀ ਸਰਕਾਰ ਬਣਨ 'ਤੇ ਇਹ ਯੋਜਨਾ ਖਤਮ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਦੇਸ਼ ਦੇ ਕਿਸਾਨਾਂ ਅਤੇ ਜਵਾਨਾਂ ਲਈ ਗਰੰਟੀ ਦਿੱਤੀ ਗਈ ਹੈ ਇਸ ਵਿਚ ਕਿਸਾਨਾਂ ਨੂੰ ਫਸਲਾਂ ਤੇ ਐਮ ਐਸ ਪੀ ਦੇਣਾ ਅਤੇ ਜਵਾਨਾਂ ਲਈ ਅਗਨੀਵੀਰ ਯੋਜਨਾ ਖਤਮ ਕਰਨ ਦੀ ਗਰੰਟੀ ਹੈ, ਕਿਉਂਕਿ ਇਸ ਨਾਲ ਦੇਸ਼ ਦਾ ਭਵਿੱਖ ਅਤੇ ਨੌਜਵਾਨ ਖ਼ਤਰੇ ਵਿਚ ਹਨ।

## ਗੁਰੂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਨਾਮ-ਸਿਮਰਨ ਦੀ ਕਮਾਈ ਜ਼ਰੂਰੀ: ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪਰਮਾਤਮਾ ਸਰਬ ਸ਼ਕਤੀਮਾਨ ਹੈ ਤੇ ਇਸ ਸ੍ਰਿਸ਼ਟੀ ਦੇ ਕਣ ਕਣ ਵਿੱਚ ਵਸਦਾ ਹੈ। ਉਸ ਪਰਮਾਤਮਾ ਦੇ ਅਨੇਕਾਂ ਰੂਪ ਹਨ ਉਹ ਇਨਸਾਨ ਵਿੱਚ ਵੀ ਵਸਦਾ ਹੈ ਅਤੇ ਜੀਵ ਜੰਤੂ ਵਿਚ ਵੀ ਵੱਸਦਾ ਹੈ। ਦਾਨ ਪੁੰਨ ਕਰਨ ਨਾਲ ਤੁਹਾਡੇ ਚੰਗੇ ਕਰਮ ਤਾਂ ਲਿਖੇ ਜਾਂਦੇ ਹਨ ਪਰ ਉਸ ਨਾਲ ਪਰਮਾਤਮਾ ਨਹੀਂ ਮਿਲਦਾ। ਜੇਕਰ ਪ੍ਰਮਾਤਮਾ ਨੂੰ ਪਾਉਣਾ ਹੈ ਅਤੇ ਇਸ ਦੁਨੀਆਂ ਦੇ ਆਵਾਗਵਣ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣਾ ਹੈ ਤਾਂ ਸਾਨੂੰ ਗੁਰੂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਨਾਮ-ਸਿਮਰਨ ਦੀ ਕਮਾਈ ਕਰਨੀ ਜਰੂਰੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਾਵਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ ਵਿੱਚ ਹਾਜਰ ਸੰਗਤ ਨੂੰ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕਿਹਾ ਕਿ ਪਰਮਾਤਮਾ ਨੂੰ ਹਾਸਲ ਕਰਨ ਲਈ ਨਾਮ ਸਿਮਰਨ ਦੀ ਕਮਾਈ ਕਰਦੇ ਹੋਏ ਆਪਣੇ ਅੰਦਰ ਪ੍ਰਭੂ ਨੂੰ ਪਾਉਣ ਦੀ ਕਸ਼ਿਸ਼ ਪੈਦਾ ਕਰਨੀ ਹੋਵੇਗੀ। ਸਾਨੂੰ ਆਪਣੇ ਅੰਦਰੋਂ ਹੰਕਾਰ ਦਾ ਤਿਆਗ ਕਰਕੇ ਨਿਮਰਤਾ ਦਾ ਰਸਤਾ ਅਪਣਾਉਣਾ ਹੋਵੇਗਾ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਚੱਲਦਾ ਰਿਹਾ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵਿਕਾ, ਰਾਜੇਸ ਜਸਰਾ, ਅਜੀਤ ਸਿੰਘ, ਬੀਬੀ ਜਸਵਿੰਦਰ ਕੌਰ, ਹਰਵਿੰਦਰ ਸਿੰਘ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਹਾਜਰੀ ਲਗਵਾਈ।

# 'ਭਾਜਪਾ ਭਜਾਓ, ਸਬਕ ਸਿਖਾਓ' ਮਾਰਚ ਕੱਢਿਆ



**ਬੰਗਾ (ਅਵਤਾਰ ਕਲੇਰ)** ਸੰਯੁਕਤ ਕਿਸਾਨ ਮੋਰਚੇ ਅਤੇ ਟਰੇਡ ਯੂਨੀਅਨਾਂ ਦੇ 'ਭਾਜਪਾ ਭਜਾਓ, ਸਬਕ ਸਿਖਾਓ' ਦੇ ਸਾਂਝੇ ਸੱਦੇ ਦੀ ਹਮਾਇਤ 'ਚ ਕਸਬਾ ਔੜ ਵਿਖੇ ਸਾਂਝਾ ਮਾਰਚ ਕੀਤਾ ਗਿਆ। ਜਿਸ ਨੇ ਇਲਾਕੇ ਦੇ ਲੋਕਾਂ ਨੂੰ ਚੋਣਾਂ ਦੌਰਾਨ ਭਾਜਪਾ ਦਾ ਵਿਰੋਧ ਕਰਨ ਅਤੇ ਬਾਕੀ ਪਾਰਟੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਸਵਾਲ ਕਰਨ ਦਾ ਸੱਦਾ ਦਿੱਤਾ ਅਤੇ ਨਾਲ ਹੀ ਇਲਾਕੇ 'ਚ ਨਸ਼ਿਆਂ ਦੇ ਬੇਰੋਕ-ਟੋਕ ਵਧਾਰੇ-ਪਸਾਰੇ ਦਾ ਵੀ ਗੰਭੀਰ ਨੋਟਿਸ ਲਿਆ। ਇਕੱਠ 'ਚ ਇਲਾਕੇ ਦੇ ਤਿੰਨ ਦਰਜਨ ਪਿੰਡਾਂ ਨਾਲ ਸੰਬੰਧਤ ਨੌਜਵਾਨਾਂ ਗਰੁੱਪਾਂ, ਸਪੋਰਟ ਕਲੱਬਾਂ ਅਤੇ ਹੋਰ ਮੋਹਤਬਰ ਜਾਗਰੂਕ ਨਾਗਰਿਕਾਂ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਨੇ ਵੀ ਹਿੱਸਾ ਲਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਮ ਕੁਮਾਰ ਮਾਹਲ ਖੁਰਦ, ਬੂਟਾ ਸਿੰਘ ਮਹਿਮੂਦਪੁਰ, ਬੀ ਕੇ ਯੂ (ਲੱਖੋਵਾਲ) ਦੇ ਆਗੂ ਰਣਜੀਤ ਸਿੰਘ ਰਟੈਂਡਾ, ਦੋਆਬਾ ਕਿਸਾਨ ਯੂਨੀਅਨ ਦੇ ਆਗੂ ਅਮਰਜੀਤ ਸਿੰਘ ਬੁਰਜ, ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਬਲਕਾਰ ਸਿੰਘ ਢੀਂਡਸਾ, ਕੇਸਰ ਸਿੰਘ ਮੱਲ੍ਹੀ, ਕਿਸ਼ਨ ਲਾਲ ਮਾਹੀ, ਨਸ਼ਾ ਰੋਕੂ ਕਮੇਟੀ ਦੇ ਆਗੂ ਕਮਲਜੀਤ ਸਾਜਨ, ਬਚਿੱਤਰ ਸਿੰਘ ਮਹਿਮੂਦਪੁ ਅਤੇ ਹੋਰ ਆਗੂਆਂ ਨੇ ਕਿਹਾ ਕਿ ਭਾਜਪਾ ਸਿਰਫ਼ ਕਿਸਾਨ ਵਿਰੋਧੀ ਹੀ ਨਹੀਂ, ਇਸ ਦੀ ਨੀਤੀ ਸਮਾਜ ਦੇ ਸਾਰੇ ਮਿਹਨਤਕਸ਼ ਤੇ ਕਾਰੋਬਾਰੀ ਵਰਗਾਂ ਲਈ ਘਾਤਕ ਹੈ। ਤੀਜੀ ਵਾਰ ਸਰਕਾਰ ਬਣਾ ਕੇ ਭਾਜਪਾ ਦੇਸ਼ ਨੂੰ ਆਰਥਕ ਗ਼ੁਲਾਮੀ ਅਤੇ ਫਿਰਕਾਪ੍ਰਸਤ ਤਬਾਹੀ ਦੇ ਮੂੰਹ ਧੱਕ ਦੇਵੇਗੀ। ਜਿੱਥੇ ਭਾਜਪਾ ਨੂੰ ਹਰਾਉਣ ਲਈ ਹੰਭਲਾ ਮਾਰਨਾ ਜ਼ਰੂਰੀ ਹੈ ਉੱਥੇ ਬਾਕੀ ਵਾਅਦਾਖਿਲਾਫ਼ੀ ਕਰਨ ਵਾਲੀਆਂ ਪਾਰਟੀਆਂ ਨੂੰ ਵੀ ਸਵਾਲ ਕਰਨੇ ਜ਼ਰੂਰੀ ਹਨ ਤਾਂ ਜੋ ਵਾਅਦਾਖਿਲਾਫ਼ੀ ਕਰਨ ਗਿੱਝੀਆਂ ਰਾਜਨੀਤਕ ਪਾਰਟੀਆਂ ਵੋਟਰਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਾ ਕਰ ਸਕਣ। ਪੰਜਾਬ ਦੇ ਲੋਕਾਂ ਨੂੰ ਇਸ ਸਿਆਸਤ ਦੇ ਭਰਮਾਊ ਪ੍ਰਚਾਰ ਨੂੰ ਰੱਦ ਕਰਕੇ ਪੰਜਾਬ ਦੇ ਅਸਲ ਮੁੱਦੇ ਉਭਾਰਨੇ ਚਾਹੀਦੇ ਹਨ।

# 45 ਡਿਗਰੀ ਤਾਪਮਾਨ ਦੇ ਬਾਵਜੂਦ 64 ਦਾਨੀਆਂ ਨੇ ਕੀਤਾ ਖੂਨਦਾਨ

**ਪੰਚਕੂਲਾ ( ਕ੍ਰਿਸ਼ਨ ਗਰਗ)** ਕੜਾਕੇ ਦੀ ਗਰਮੀ ਅਤੇ 45 ਡਿਗਰੀ ਤਾਪਮਾਨ ਕਾਰਨ ਹਸਪਤਾਲਾਂ ਵਿੱਚ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਗੁਰੂਦੇਵ ਸ੍ਰੀ ਸਵਾਮੀ ਵਿਸ਼ਵਾਸ ਜੀ ਦੇ ਆਸ਼ੀਰਵਾਦ ਨਾਲ ਵਿਸ਼ਵਾਸ ਫਾਊਂਡੇਸਨ ਪੰਚਕੂਲਾ ਵੱਲੋਂ ਦੋ ਖੂਨਦਾਨ ਕੈਂਪ ਲਗਾਏ ਗਏ। ਕੈਂਪ ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਜ਼ਿਲ੍ਹਾ ਸਾਖਾ ਪੰਚਕੂਲਾ ਨੇ ਅਹਿਮ ਭੂਮਿਕਾ ਨਿਭਾਈ। ਵਿਸ਼ਵਾਸ ਫਾਊਂਡੇਸਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਖਾਦੀ ਭਵਨ ਦੇ ਸਾਹਮਣੇ ਸੈਕਟਰ-2 ਪੰਚਕੂਲਾ ਵਿੱਚ ਪਹਿਲਾ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਵਿੱਚ ਬਲੱਡ ਬੈਂਕ ਕਮਾਂਡ ਹਸਪਤਾਲ ਚੰਡੀਮੰਦਰ ਪੰਚਕੂਲਾ ਦੀ ਟੀਮ ਨੇ ਡਾ: ਕੈਪਟਨ ਮੋਹੰਮਦ ਅਨਸ ਸੇਖ ਦੀ ਦੇਖ-ਰੇਖ ਹੇਠ 37 ਯੂਨਿਟ ਖੂਨ ਇਕੱਤਰ ਕੀਤਾ। ਫੋਰਗੋ ਫਾਰਮਾਸਿਊਟੀਕਲਜ ਦੇ ਡਾਇਰੈਕਟਰ ਆਸੀਸ ਮਿੱਤਲ ਵੱਲੋਂ ਆਪਣੇ ਪੁੱਤਰ ਯਸ ਮਿੱਤਲ ਦੀ ਯਾਦ ਵਿੱਚ ਪਲਾਟ ਨੰਬਰ 92 ਇੰਡਸਟਰੀਅਲ ਏਰੀਆ ਫੇਜ 2 ਵਿਖੇ ਦੂਜਾ ਖੂਨਦਾਨ ਕੈਂਪ ਲਗਾਇਆ ਗਿਆ। ਬਲੱਡ ਬੈਂਕ ਪੰਚਕੂਲਾ ਚੈਰੀਟੇਬਲ ਟਰੱਸਟ ਦੀ ਟੀਮ ਨੇ ਡਾ: ਨੀਨਾ ਗੋਇਲ ਦੀ ਦੇਖ-ਰੇਖ ਹੇਠ 27 ਯੂਨਿਟ ਖੂਨ ਇਕੱਤਰ ਕੀਤਾ । ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਇੰਨੀ ਕੜਾਕੇ ਦੀ ਗਰਮੀ ਅਤੇ 45 ਡਿਗਰੀ ਤਾਪਮਾਨ ਵਿੱਚ ਵੀ ਖੂਨਦਾਨੀਆਂ ਨੇ ਖੂਨਦਾਨ ਕਰਨ ਵਿੱਚ ਭਾਰੀ ਉਤਸਾਹ ਦਿਖਾਇਆ ਅਤੇ ਇਸ ਨੇਕ ਕਾਰਜ ਲਈ ਸਾਰੇ ਖੂਨਦਾਨੀਆਂ ਦਾ ਧੰਨਵਾਦ ਕੀਤਾ। ਇਸ ਖੂਨਦਾਨ ਕੈਂਪ ਵਿੱਚ ਆਏ ਸਾਰੇ ਖੂਨਦਾਨੀਆਂ ਨੂੰ ਪ੍ਰਸੰਸਾ ਪੱਤਰ ਅਤੇ ਤੋਹਫੇ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਵਿਸ਼ਵਾਸ ਫਾਊਂਡੇਸਨ ਦੇ ਸ਼ਿਆਮ ਸੁੰਦਰ ਸਾਹਨੀ, ਸੱਤਿਆ ਭੂਸ਼ਨ ਖੁਰਾਣਾ, ਸ਼ਤਰੂਘਨ ਕੁਮਾਰ, ਨੀਰਜ ਯਾਦਵ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

# ਜਲੰਧਰ ਹਾਈਟਸ 1 ਫੁਟਸਲ ਟੀਮ ਨੇ ਆਪਣੀ ਜੇਤੂ ਲੈਅ ਬਰਕਰਾਰ ਰੱਖੀ

**ਜਲੰਧਰ ( ਰਾਜੇਸ਼ ਥਾਪਾ )** ਜਲੰਧਰ ਹਾਈਟਸ 1, ਫੁਟਸਲ ਟੀਮ ਨੇ ਆਪਣੇ ਪ੍ਰਸਿੱਧ ਖਿਡਾਰੀ ਸ਼ੁਬਰਾਜ ਸਿੰਘ ਅਤੇ ਮਿਸਟਰ ਅਧਿਕਸ਼ਿਤ ਦੀ ਮਦਦ ਨਾਲ ਏਜੀਆਈ ਗੋਲਡਨ ਫੁਟਸਲ ਲੀਗ ਚੈਂਪੀਅਨਸ਼ਿਪ ਦੇ ਤੀਜੇ ਦਿਨ ਵੀ ਦਬਦਬਾ ਬਣਾਇਆ, ਜੋ ਕਿ ਜਲੰਧਰ ਹਾਈਟਸ 1, 66 ਫੁੱਟ ਰੋਡ ਦੇ ਟੀ ਬਲਾਕ ਫੁੱਟਬਾਲ ਗਰਾਊਂਡ 'ਤੇ ਚੱਲ ਰਹੀ ਹੈ।ਚੈਂਪੀਅਨਸ਼ਿਪ ਦੇ ਤੀਜੇ ਦੌਰ ਦੇ ਮੈਚਾਂ ਵਿੱਚ ਜਲੰਧਰ ਹਾਈਟਸ 1 ਦੀ ਟੀਮ ਨੇ ਮੈਕਸਿਮਾ ਫੁਟਸਲ ਦੀ ਟੀਮ ਨੂੰ 2-0 ਨਾਲ ਹਰਾਇਆ। ਪਹਿਲਾ ਗੋਲ ਸ਼ੁਬਰਾਜ ਨੇ ਪਹਿਲੇ ਹਾਫ ਦੇ 8ਵੇਂ ਮਿੰਟ ਵਿੱਚ ਕੀਤਾ ਅਤੇ ਦੂਜਾ ਗੋਲ ਅਧੀਕਸ਼ਿਤ ਨੇ ਦੂਜੇ ਹਾਫ ਦੇ 7ਵੇਂ ਮਿੰਟ ਵਿੱਚ ਕੀਤਾ।ਸਮਾਰਟ ਹੋਮਜ਼ ਫੁਟਸਲ ਟੀਮ ਅਤੇ ਜਲੰਧਰ ਹਾਈਟਸ 2 ਵਿਚਕਾਰ ਹੋਏ ਵਧੀਆ ਮੁਕਾਬਲੇ ਵਿੱਚ, ਜੇਐਚ 2 ਦੀ ਟੀਮ ਨੇ ਸਮਾਰਟ ਹੋਮਜ਼ ਦੀ ਟੀਮ ਨੂੰ 2-1 ਨਾਲ ਹਰਾਇਆ। ਜਲੰਧਰ ਹਾਈਟਸ 2 ਦੇ ਮੋਨਿਕ ਨੇ ਸਮਾਰਟ ਹੋਮਜ਼ ਦੀ ਟੀਮ ਖਿਲਾਫ ਦੋ ਗੋਲ ਕੀਤੇ। ਮੋਨਿਕ ਨੇ ਪਹਿਲੇ ਹਾਫ ਦੇ 9ਵੇਂ ਮਿੰਟ 'ਚ ਪਹਿਲਾ ਅਤੇ 14ਵੇਂ ਮਿੰਟ 'ਚ ਦੂਜਾ ਗੋਲ ਕੀਤਾ। ਸਮਾਰਟ ਹੋਮਜ਼ ਵੱਲੋਂ ਇਕਲੌਤਾ ਗੋਲ ਮਿਸਟਰ ਵੰਸ਼ ਨੇ ਦੂਜੇ ਹਾਫ ਦੇ ਛੇਵੇਂ ਮਿੰਟ ਵਿੱਚ ਡਿਫਲੈਕਸ਼ਨ ਰਾਹੀਂ ਕੀਤਾ।ਮੈਕਸਿਮਾ ਫੁਟਸਲ ਦੀ ਟੀਮ ਨੇ ਸਕਾਈ ਗਾਰਡਨ ਦੀ ਟੀਮ ਨੂੰ 1-0 ਨਾਲ ਹਰਾਇਆ।





ਮੈਕਸਿਮਾ ਫੁਟਸਲ ਟੀਮ ਦੇ ਆਰਵ ਨੇ ਪਹਿਲੇ ਹਾਫ ਦੇ 11ਵੇਂ ਮਿੰਟ 'ਚ ਇਕਲੌਤਾ ਗੋਲ ਕੀਤਾ।ਤੀਜੇ ਗੇੜ ਦੇ ਅੰਕਾਂ ਅਨੁਸਾਰ, ਜਲੰਧਰ ਹਾਈਟਸ 1, ਜਲੰਧਰ ਹਾਈਟਸ 2 ਅਤੇ ਮੈਕਸਿਮਾ ਨੇ ਛੇ-ਛੇ ਅੰਕ ਪ੍ਰਾਪਤ ਕੀਤੇ।ਸਕਾਈ ਗਾਰਡਨ ਟੀਮ ਅਤੇ ਸਮਾਰਟ ਹੋਮ ਟੀਮ ਨੇ 1-1 ਅੰਕ ਪ੍ਰਾਪਤ ਕੀਤਾ ਅਤੇ ਜਲੰਧਰ ਹਾਈਟਸ 3 ਫੁਟਸਲ ਟੀਮ ਜ਼ੀਰੋ ਪੁਆਇੰਟ 'ਤੇ ਆਪਣਾ ਖਾਤਾ ਨਹੀਂ ਖੋਲ੍ਹ ਸਕੀ।ਪੰਕਜ ਸ਼ਰਮਾ ਸਾਬਕਾ ਰਾਸ਼ਟਰੀ ਪੱਧਰ ਦੇ ਟੇਬਲ ਟੈਨਿਸ ਖਿਡਾਰੀ ਅਤੇ ਪੰਜਾਬ ਟੇਬਲ ਟੈਨਿਸ ਐਸੋਸੀਏਸ਼ਨ ਦੇ ਸਕੱਤਰ ਦੀ ਜਾਣ-ਪਛਾਣ ਭਾਗ ਲੈਣ ਵਾਲੀਆਂ ਟੀਮਾਂ ਨਾਲ ਕੀਤੀ ਗਈ ਅਤੇ ਉਹਨਾਂ ਨੇ ਏਜੀਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ ਵੱਲੋਂ ਅਜਿਹੇ ਟੂਰਨਾਮੈਂਟ ਕਰਵਾਉਣ ਲਈ ਕੀਤੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।

# ਬਾੜੇ 'ਚ ਅੱਗ ਲੱਗਣ ਨਾਲ ਹਜ਼ਾਰਾਂ ਰੁਪਏ ਦੀ ਤੂੜੀ ਤੇ ਬਾਲਣ ਹੋਇਆ ਸੁਆਹ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ )**-ਪਿੰਡ ਤਖਤਗੜ੍ਹ ਵਿਖੇ ਇਕ ਗਰੀਬ ਵਿਅਕਤੀ ਦੇ ਬਾੜੇ 'ਚ ਅਚਾਨਕ ਅੱਗ ਲੱਗਣ ਨਾਲ ਪਸ਼ੂਆਂ ਦੇ ਚਾਰੇ ਵਜੋਂ ਰੱਖੀ ਕਈ ਕੁਇੰਟਲ ਤੂੜੀ ਅਤੇ ਘਰ ਦੇ ਇਸਤੇਮਾਲ ਲਈ ਰੱਖਿਆ ਬਾਲਣ (ਲੱਕੜਾਂ) ਅੱਗ ਭੇਟ ਚੜ੍ਹ ਗਿਆ। ਜ਼ਿਕਰਯੋਗ ਹੈ ਕਿ ਬਲਵੀਰ ਸਿੰਘ ਪੁੱਤਰ ਰਾਮ ਸਰੂਪ ਦੇ ਘਰ ਦੇ ਸਾਹਮਣੇ ਸਥਿਤ ਉਨ੍ਹਾਂ ਦੇ ਪਸ਼ੂਆਂ ਵਾਲੇ ਬਾੜੇ 'ਚ ਅਚਾਨਕ ਅੱਗ ਲੱਗ ਗਈ । ਪਿੰਡ 'ਚ ਤੇਜ਼ੀ ਨਾਲ ਫੈਲ ਰਹੇ ਧੂੰਏ ਨੂੰ ਦੇਖ ਕੇ ਲੋਕਾਂ ਅਤੇ ਉਕਤ ਪੀੜਤ ਪਰਵਾਰ ਨੂੰ ਅੱਗ ਲੱਗਣ ਸੰਬੰਧੀ ਪਤਾ ਚੱਲਿਆ । ਜਿਸ 'ਤੇ ਇਕੱਠੇ ਹੋਏ ਆਸ-ਪਾਸ ਦੇ ਲੋਕਾਂ ਨੇ ਮਿਲ ਕੇ ਅੱਗ 'ਤੇ ਕਾਬੂ ਪਾਇਆ । ਜਦਕਿ ਇਸ ਦੌਰਾਨ ਬਾੜੇ 'ਚ ਬੰਨ੍ਹੀ ਮੱਝ ਨੂੰ ਬਚਾ ਲਿਆ ਗਿਆ ਜੋ ਅੱਗ ਦਾ ਸੇਕ ਲੱਗਣ ਕਾਰਣ ਜਖਮੀਂ ਹੋ ਗਈ ।

ਸੁਰਿੰਦਰ ਕੌਰ ਪਤਨੀ ਬਲਵੀਰ ਸਿੰਘ ਨੇ ਦੱਸਿਆ ਕਿ ਇਸ ਅੱਗ ਦੌਰਾਨ ਉਸ ਵੱਲੋਂ ਪਸ਼ੂਆਂ ਦੇ ਚਾਰੇ ਲਈ ਖਰੀਦ ਕੀਤੀ ਗਈ ਕਰੀਬ 30 ਕੁਇੰਟਲ ਤੂੜੀ ਅੱਗ ਦੀ ਭੇਂਟ ਚੜ੍ਹ ਗਈ । ਜਦਕਿ ਘਰ 'ਚ ਇਸਤੇਮਾਲ ਕੀਤੇ ਜਾਣ ਲਈ ਰੱਖਿਆ ਕਰੀਬ 6-7 ਕੁਇੰਟਲ ਬਾਲਣ (ਲੱਕੜਾਂ) ਵੀ ਰਾਖ ਹੋ ਗਿਆ । ਇਸ ਤੋਂ ਇਲਾਵਾ ਬਿਜਲੀ ਵਾਲਾ ਮੀਟਰ, ਪਾਣੀ ਵਾਲੀ ਟੈਂਕੀ ਅਤੇ ਹੋਰ ਸਮਾਨ ਵੀ ਅੱਗ ਦੀ ਲਪੇਟ 'ਚ ਆ ਗਿਆ । ਪਿੰਡ ਵਾਸੀਆਂ ਅਤੇ ਗ੍ਰਾਮ ਪੰਚਾਇਤ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ ਕਿ ਉਕਤ ਗਰੀਬ ਪਰਵਾਰ ਦੇ ਨੁਕਸਾਨ ਦਾ ਜਾਇਜ਼ਾ ਲੈ ਕੇ ਉਸਨੂੰ ਲੋੜੀਂਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇ ।

## ਮੰਤਰੀ ਬਲਕਾਰ ਸਿੰਘ ਨੇ ਸਮਾਜ ਨੂੰ ਸ਼ਰਮਸ਼ਾਰ ਕੀਤਾ : ਜਸਲੀਨ ਸੇਠੀ

**ਜਲੰਧਰ -( ਇਕਬਾਲ ਸਿੰਘ ਉਭੀ )-**

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਸਮਾਜ ਨੂੰ ਸ਼ਰਮਸਾਰ ਕੀਤਾ ਹੈ ,ਅਜਿਹੇ ਵਿਅਕਤੀ ਨੂੰ ਮੰਤਰੀ ਪਦ 'ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।ਇਹ ਗੱਲ ਸਾਬਕਾ ਕੌਂਸਲਰ ਜਸਲੀਨ ਸੇਠੀ ਨੇ ਮਹਿਲਾਵਾਂ ਦੇ ਇਕੱਠ ਦੌਰਾਨ ਕਹੀ। ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਵਾਇਰਲ ਹੋਈ ਕਥਿਤ ਅਸ਼ਲੀਲ ਵੀਡਓ ਨੂੰ ਲੈ ਕੇ ਮਹਿਲਾਵਾਂ ਨੇ ਕੰਪਨੀ ਬਾਗ ਦੇ ਬਾਹਰ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਮਹਿਲਾਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਈ ਵਿਧਾਇਕਾਂ 'ਤੇ ਪਹਿਲਾਂ ਹੀ ਗੰਭੀਰ ਦੋਸ਼ ਲੱਗ ਚੁੱਕੇ ਹਨ ਜਦ ਕਿ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਵਿਡੀਓ ਤੋਂ ਬਾਅਦ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।ਸੇਠੀ ਨੇ ਕਿਹਾ ਕਿ ਕੌਮੀ ਮਹਿਲਾ ਕਮਿਸ਼ਨ ਨੇ ਤਾਂ ਨੋਟਿਸ ਲੈ ਕੇ ਪੰਜਾਬ ਦੇ ਡੀ.ਜੀ.ਪੀ ਨੂੰ ਲਿਖਿਆ ਹੈ ਪਰ ਪੰਜਾਬ ਦਾ ਮਹਿਲਾ ਕਮਿਸ਼ਨ ਕਿੱਥੇ ਸੁੱਤਾ ਪਿਆ ਹੈ।ਮਹਿਲਾਵਾਂ ਨੇ ਮੰਗ ਕੀਤੀ ਕਿ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਤੇ ਐਫ.ਆਈ.ਆਰ ਦਰਜ ਕਰ ਗ੍ਰਿਫਤਾਰ ਕੀਤਾ ਜਾਵੇ।



## ਵੈਗਨਰ ਤੇ ਥਾਰ ਗੱਡੀ ਦੇ ਚਾਲਕ ਵਿਚਕਾਰ ਝਗੜੇ ਦੌਰਾਨ ਭੰਨ ਤੋੜ ਤੇ ਨਕਦੀ ਖੋਹੀ

**ਕਾਲਾ ਸੰਘਿਆਂ (ਮਨਜੀਤ ਮਾਨ )** ਕਪੂਰਥਲਾ- ਨਕੋਦਰ ਰੋਡ 'ਤੇ ਵੈਗਨਰ ਅਤੇ ਥਾਰ ਗੱਡੀ ਦੇ ਚਾਲਕ ਵਿਚਕਾਰ ਹੋਏ ਝਗੜੇ ਦੌਰਾਨ ਥਾਰ ਗੱਡੀ ਚਾਲਕ ਵੱਲੋਂ ਆਪਣੇ ਹੋਰ ਕਰੀਬੀਆਂ ਨੂੰ ਬੁਲਾ ਕੇ ਵੈਗਨਰ ਗੱਡੀ ਵਿੱਚ ਸਵਾਰ ਚਾਲਕ ਸਮੇਤ ਹੋਰਨਾਂ ਨਾਲ ਕੁੱਟਮਾਰ ਕਰਦੇ ਹੋਏ ਉਨ੍ਹਾਂ ਪਾਸੋਂ ਗੱਡੀ ਦਾ ਸ਼ੀਸ਼ਾ ਤੋੜ ਕੇ ਪੈਸੇ ਖੋਹਣ ਅਤੇ ਪਿਸਤੌਲ ਨਾਲ ਗੋਲੀ ਮਾਰ ਕੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਰਾਜੀਵ ਕੁਮਾਰ ਵਾਸੀ ਪਿੰਡ ਸਿੱਧਵਾਂ ਦੋਨਾ ਥਾਣਾ ਸਦਰ ਕਪੂਰਥਲਾ ਨੇ ਦਸਿਆ ਕਿ ਉਹ 27 ਮਈ ਨੂੰ ਆਪਣੇ ਭਰਾ ਮਨੋਜ ਕੁਮਾਰ, ਲਵਲੇਸ਼ ਸ਼ਰਮਾ ਤੇ ਪੰਜ ਸਾਲ ਦੇ ਭਤੀਜਾ ਰਘੁਨੰਦਨ ਸ਼ਰਮਾ ਨਾਲ ਸਵਾਰ ਹੋ ਕੇ ਪਿੰਡ ਤੋਂ ਮਹਿਤਪੁਰ ਨੂੰ ਇੱਕ ਡੀਲਰ ਕੋਲ ਗੱਡੀ ਦੇਖਣ ਲਈ ਜਾ ਰਿਹਾ ਸੀ, ਜਦੋਂ ਉਹ ਨਕੋਦਰ ਰੋਡ 'ਤੇ ਪੈਂਦੇ ਪਿੰਡ ਮੱਲ੍ਹੀਆਂ ਅਤੇ ਟੁੱਟਾਂ ਦੇ ਵਿਚਕਾਰ ਪਿੰਡ ਖੋਸੇ ਕੋਲ ਪਹੁੰਚੇ ਤਾਂ ਅੱਗੇ ਇੱਕ ਟਰੱਕ ਜਾ ਰਿਹਾ ਸੀ, ਜਿਸਨੂੰ ਉਹ ਓਵਰਟੇਕ ਕਰਨ ਲੱਗੇ ਤਾਂ ਅੱਗੇ ਤੋਂ ਇੱਕ ਥਾਰ ਗੱਡੀ ਨੰ: ਪੀ.ਬੀ 08 ਈ.ਯੂ 8787 ਨਕੋਦਰ ਵਾਲੀ ਸਾਈਡ ਤੋਂ ਆ ਰਹੀ ਸੀ, ਜਿਸ ਨਾਲ ਉਨ੍ਹਾਂ ਦੀ ਟੱਕਰ ਹੋਣ ਤੋਂ ਬਚਾਅ ਹੋ ਗਿਆ ਪਰ ਥਾਰ ਗੱਡੀ ਦੇ ਚਾਲਕ ਵੱਲੋਂ ਗੱਡੀ ਮੋੜ ਕੇ ਉਨ੍ਹਾਂ ਦੀ ਗੱਡੀ ਅੱਗੇ ਲਗਾ ਲਈ ਅਤੇ ਆਪਣੇ ਸਾਥੀਆਂ ਨੂੰ ਮੌਕੇ 'ਤੇ ਬੁਲਾ ਲਿਆ ਤੇ ਉਨ੍ਹਾਂ ਦੀ ਕੁੱਟਮਾਰ ਕਰਦੇ ਹੋਏ ਉਨ੍ਹਾਂ ਦੀ ਗੱਡੀ ਦਾ ਸ਼ੀਸ਼ਾ ਤੋੜ ਕੇ ਗੱਡੀ ਦੇ ਡੈਸ਼ਬੋਰਡ 'ਤੇ ਪਿਆ ਪਰਸ ਕੱਢ ਲਿਆ, ਜਿਸ 'ਚ 37000 ਰੁਪਏ ਸਨ ਅਤੇ ਥਾਰ ਚਾਲਕ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਗੱਡੀ ਵਿੱਚੋਂ ਪਿਸਤੌਲ ਕੱਢ ਕੇ ਲਿਆਓ ਇਨ੍ਹਾਂ ਨੂੰ ਇਥੇ ਹੀ ਖਤਮ ਕਰ ਦਿੰਦੇ ਹਾਂ, ਜਿਸ ਤੋਂ ਬਾਅਦ ਉਹ ਡਰ ਗਏ ਅਤੇ ਆਪਣੀ ਗੱਡੀ ਨਕੋਦਰ ਵੱਲ ਨੂੰ ਭਜਾ ਲਈ ਅਤੇ ਹਮਲਾਵਰਾਂ ਵੱਲੋਂ ਉਨ੍ਹਾਂ ਦਾ ਪਿੱਛਾ ਕੀਤਾ ਗਿਆ, ਜਿਸ 'ਤੇ ਉਨ੍ਹਾਂ ਵੱਲੋਂ ਇਸਦੀ ਸੂਚਨਾ 112 ਨੰਬਰ 'ਤੇ ਪੁਲਸ ਕੰਟਰੋਲ ਰੂਮ ਨੂੰ ਦਿੱਤੀ ਗਈ ਅਤੇ ਨਾਲ ਹੀ ਇਸਦੀ ਸ਼ਿਕਾਇਤ ਥਾਣਾ ਨਕੋਦਰ ਨੂੰ ਦਿੱਤੀ ਗਈ। ਰਾਜੀਵ ਕੁਮਾਰ ਨੇ ਕਿਹਾ ਕਿ ਪਲਿਸ ਵੱਲੋਂ ਅਜੇ ਤੱਕ ਮੁਲਜਮਾਂ ਨੂੰ ਕਾਬੂ ਨਹੀਂ ਕੀਤਾ ਗਿਆ। ਦੂਜੇ ਪਾਸੇ ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਸਦਰ ਨਕੋਦਰ ਦੇ ਏਐਸਆਈ ਮੇਜਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੋ ਵੀ ਦੋਸ਼ੀ ਪਾਇਆ ਗਿਆ ਉਸਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

## ਫਲਾਹੀ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ, ਡਾ. ਸੈਲਾ ਕਨਵਰ ਡਿਸਟ੍ਰਿਕਟ ਡੈਂਟਲ ਹੈਲਥ ਅਫਸਰ ਹੁਸ਼ਿਆਰਪੁਰ ਅਤੇ ਐਸ. ਐਮ. ਉ. ਡਾ. ਮਨਪ੍ਰੀਤ ਬੈਂਸ ਸੀ. ਐਚ ਸੀ. ਹਾਰਟਾ ਬਡਲਾ ਦੀ ਅਗਵਾਈ ਹੇਠਾਂ ਵਿਸ਼ਵ ਤੰਬਾਕੂ ਰਹਿਤ ਦਿਵਸ ਫਲਾਹੀ ਜਵਾਹਰ ਨਵੋਦਿਆ ਵਿਦਿਆਲਿਯ ਵਿਖੇ ਮਨਾਇਆ ਗਿਆ। ਐਨ ਸੀ ਸੀ ਦੇ ਬੱਚਿਆਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵ ,ਮੂੰਹ ਦੇ ਕੈਂਸਰ ਅਤੇ ਸਮੋਕਿੰਗ ਨਾਲ ਹੋਣ ਵਾਲੀਆਂ ਬੀਮਾਰੀਆਂ ਵਾਰੇ ਜਾਣਕਾਰੀ ਦਿੱਤੀ ਗਈ ।ਡਾ. ਸੰਦੀਪ ਡੁਮਾਣਾ ਮੈਡੀਕਲ ਅਫਸਰ ਡੈਂਟਲ ਨੇ ਬੱਚਿਆਂ ਨੂੰ ਤੰਬਾਕੂ ਦੇ ਸਰੀਰ 'ਤੇ ਪੈ ਰਹੇ ਮਾੜੇ ਪ੍ਰਭਾਵ ਵਾਰੇ ਜਾਗਰੂਕ ਕਰਵਾਉਂਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਤੰਬਾਕੂ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਵੱਧ ਤੋਂ ਵੱਧ ਜਾਗਰੂਕ ਕਰਨ ਦੀ ਲੋੜ ਹੈ । ਇਸ ਮੌਕੇ ਕਰਨਲ ਜੇ ਐਸ ਮਾਨ , ਕਾਂਤਾ ਸਟਾਫ ਨਰਸ, ਪਰਵੀਨ ਕੁਮਾਰ ਹੈਲਥ ਵਰਕਰ ਅਤੇ ਹੋਰ ਸਟਾਫ ਵੀ ਹਾਜਰ ਸੀ।

## ਔਰਤਾਂ ਡਾ. ਅੰਬੇਡਕਰ ਦੇ ਸਨਮਾਨ ਲਈ ਵੋਟ ਪਾਉਣ : ਸੰਤੋਸ਼ ਕੁਮਾਰੀ



**ਹੁਸ਼ਿਆਰਪੁਰ (ਓ ਪੀ ਰਾਣਾ )** ਸੰਤੋਸ਼ ਕੁਮਾਰੀ ਪੰਜਾਬ ਪ੍ਰਧਾਨ ਗਲੋਬਲ ਰਿਪਬਲਿਕਨ ਪਾਰਟੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੇ ਪਰ ਉਪਕਾਰਾਂ ਦਾ ਕਰਜ ਚੁਕਾਉਣ ਲਈ ਔਰਤਾਂ ਇਕ ਜੂਨ ਨੂੰ ਡਾ. ਅੰਬੇਡਕਰ ਸਾਹਿਬ ਦੇ ਪੋਤੇ ਭੀਮ ਰਾਓ ਜਸਵੰਤ ਅੰਬੇਡਕਰ ਨੂੰ ਜਿਤਾ ਕੇ ਪਾਰਲੀਮੈਂਟ ਭੇਜਣ ਤਾਂ ਕਿ ਦੇਸ਼, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਇਆ ਜਾ ਸਕੇ। ਗਲੋਬਲ ਰੀਪਬਲਿਕ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਜਸਵੰਤ ਅੰਬੇਡਕਰ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਸ਼ੰਤੋਸ਼ ਕੁਮਾਰੀ ਨੇ ਕਿਹਾ ਕਿ ਸੰਵਿਧਾਨ, ਲੋਕਤੰਤਰ ਲਈ ਭਾਰੀ ਸੰਕਟ ਪੈਦਾ ਹੋ ਗਿਆ ਹੈ ਇਸ ਲਈ ਇੱਕ ਜੂਨ ਨੂੰ ਸੰਵਿਧਾਨ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਕਾਂਗਰਸ,ਭਾਜਪਾ ਤੇ ਆਪ ਪਾਰਟੀ ਨੂੰ ਹਰਾ ਕੇ ਸੱਤਾ ਤੋਂ ਬਾਹਰ ਕੀਤਾ ਜਾਵੇ। ਉਨ੍ਹਾਂ ਕਿਹਾ ਸੰਵਿਧਾਨ ਅਤੇ ਦੇਸ਼ ਨੂੰ ਬਚਾਉਣ ਲਈ ਭਾਜਪਾ, ਕਾਂਗਰਸ ਤੇ ਆਪ ਵਰਗੀਆਂ ਮਜ਼ਦੂਰ, ਕਿਸਾਨ, ਛੋਟਾ ਵਪਾਰੀ ਵਿਰੋਧੀ ਸੋਚ ਵਾਲੀਆਂ ਪਾਰਟੀਆਂ ਨੂੰ ਹਰਾਉਣਾ ਬਹੁਤ ਜਰੂਰੀ ਹੈ। ਸਿੱਖਿਆ ਦੇ ਮਿਆਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ,ਸਿਹਤ ਸਹੂਲਤਾਂ ਯਕੀਨੀ ਅਤੇ ਮੁਫਤ ਕਰਨ, ਜਾਤਿਗਤ ਰਾਖਵਾਂਕਰਨ ਬੈਕਲਾਗ ਪੂਰਾ ਕਰਨ, ਘਰੇਲੂ ਗੈਸ ਸਿਲੰਡਰ 450 ਰੁਪਏ ਕਰਨ, ਪੰਜਾਬ ਅੰਦਰ ਨਸ਼ੇ ਦੇ ਕਾਰੋਬਾਰ ਨੂੰ ਖਤਮ ਕਰਨ, ਉਦਯੋਗਾਂ ਨੂੰ ਸਿੰਗਲ ਵਿੰਡੋ ਨਾਲ ਜੋੜ ਕੇ ਇੰਸਪੈਕਟਰੀ ਰਾਜ ਖਤਮ ਕਰਨ ਵਰਗੇ ਅਹਿਮ ਮਸਲਿਆਂ ਤੇ ਜਸਵੰਤ ਡੱਟ ਕੇ ਪਹਿਰਾ ਦੇਣਗੇ। ਇਸ ਲਈ ਗੈਸ ਸਿਲੰਡਰ ਨੂੰ ਵੋਟਾਂ ਪਾ ਕੇ ਦੇਸ਼,ਸੰਵਿਧਾਨ, ਲੋਕਤੰਤਰ ਨੂੰ ਬਚਾਉਣ ਲਈ ਆਪਣਾ ਫਰਜ ਨਿਭਾਓ।

# ਦੁਕਾਨਦਾਰ ਦਾ ਮੋਟਰਸਾਈਕਲ ਲੈ ਕੇ ਨੌਜਵਾਨ ਫਰਾਰ

**ਫਗਵਾੜਾ,(ਇੰਦਰਜੀਤ ਸਿੰਘ ਮਠਾੜੂ )**-ਇਥੋਂ ਦੇ ਪਲਾਹੀ ਰੋਡ ਵਿਖੇ ਇੱਕ ਦੁਕਾਨਦਾਰ ਪਾਸੋਂ ਮੋਟਰਸਾਈਕਲ ਖਰੀਦਣ ਆਇਆ ਗਾਹਕ ਟਰਾਈ ਲੈਣ ਦੇ ਬਹਾਨੇ ਮੋਟਰਸਾਈਕਲ ਲੈ ਕੇ ਫਰਾਰ ਹੋ ਗਿਆ। ਗੁਰਮੇਲ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਵਿਸ਼ਵਕਰਮਾ ਨਗਰ ਨੇ ਦੱਸਿਆ ਕਿ ਉਸਦਾ ਪਲਾਹੀ ਰੋਡ 'ਤੇ ਸੱਗੂ ਕਾਰ ਬਾਜਾਰ ਹੈ ਤੇ ਦੁਪਿਹਰ ਇੱਕ ਨੌਜਵਾਨ ਆਇਆ ਤੇ ਉਸਨੇ ਸਪਲੈਂਡਰ ਮੋਟਰਸਾਈਕਲ ਖਰੀਦਣ ਲਈ ਕਿਹਾ ਤੇ ਬਾਅਦ 'ਚ ਯਾਹਮਾ ਦਾ ਸਪੋਰਟਸ ਮੋਟਰਸਾਈਕਲ ਟਰਾਈ ਲੈਣ ਲਈ ਲੈ ਗਿਆ ਤੇ ਵਾਪਸ ਨਹੀਂ ਆਇਆ। ਇਸ ਸੰਬੰਧੀ ਪੁਲਸ ਨੂੰ ਇਤਲਾਹ ਦੇ ਦਿੱਤੀ ਗਈ ਹੈ।



**ਜਨਮ ਦਿਨ ਮੁਬਾਰਕ**

ਰੂਥ ਮਸੀਹ (ਕਪੂਰਥਲਾ)

## ਵੋਟਰਾਂ ਦੀ ਸਹੂਲਤ ਵਾਸਤੇ ਵਟਸਐਪ ਨੰਬਰ ਜਾਰੀ

**ਬੰਗਾ (ਅਵਤਾਰ ਕਲੇਰ)** 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਸੰਬੰਧ ਦੇ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਬੀ ਐਲ ਓ ਅਤੇ ਵੋਟਰਾਂ ਦੀ ਸਹੂਲਤ ਦੇ ਵਾਸਤੇ ਵਟਸਐਪ ਨੰਬਰ 7447447217 ਜਾਰੀ ਕੀਤਾ ਗਿਆ ਹੈ, ਜਿਸ ਉੱਪਰ ਨਾਗਰਿਕ ਵਟਸਐਪ ਚੈਟ ਕਰਕੇ ਇਹ ਪਤਾ ਕਰ ਸਕਦੇ ਹਨ ਕਿ ਜਿਸ ਬੂਥ 'ਤੇ ਉਹਨਾਂ ਨੇ ਵੋਟ ਪਾਉਣ ਲਈ ਜਾਣਾ ਹੈ ਉਸ ਬੂਥ 'ਤੇ ਕਿੰਨੀ ਲੰਬੀ ਲਾਈਨ ਲੱਗੀ ਹੋਈ ਹੈ। ਇਹ ਜਾਣਕਾਰੀ ਦਿੰਦੇ ਹੋਏ ਬਲਾਕ ਨੋਡਲ ਅਫਸਰ ਡਾਕਟਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਚੋਣ ਕਮਿਸ਼ਨ ਨੇ ਇੱਕ ਕਿਊ ਮੈਨੇਜਮੈਂਟ ਐਪ ਵੀ ਜਾਰੀ ਕੀਤਾ ਹੈ ਇਸ ਐਪ 'ਚ ਹਰ ਬੀ ਐਲ ਓ ਨੇ 15 ਮਿੰਟ ਬਾਅਦ ਲਾਈਨ 'ਚ ਲੱਗੇ ਹੋਏ ਲੋਕਾਂ ਦੀ ਗਿਣਤੀ ਭਰਨੀ ਹੈ ਤਾਂ ਜੋ ਭੀੜ ਦਾ ਪਤਾ ਲੱਗ ਸਕੇ।

## ਅੱਜ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ ਵੋਟਿੰਗ

**ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** :-ਲੋਕ ਸਭਾ ਹਲਕਾ 04-ਜਲੰਧਰ (ਅ.ਜ.) ਦੀ ਕੱਲ੍ਹ 1 ਜੂਨ ਨੂੰ ਹੋਣ ਜਾ ਰਹੀ ਚੋਣ ਲਈ 1951 ਪੋਲਿੰਗ ਪਾਰਟੀਆਂ ਸ਼ੁੱਕਰਵਾਰ ਨੂੰ ਡਿਸਪੈਚ ਸੈਂਟਰਾਂ ਤੋਂ ਈ.ਵੀ.ਐਮ. ਮਸ਼ੀਨਾਂ ਸਮੇਤ ਪੋਲਿੰਗ ਬੂਥਾਂ ਲਈ ਰਵਾਨਾ ਹੋਈਆਂ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਸ ਕਮਿਸ਼ਨਰ ਰਾਹੁਲ ਐਸ. ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਭਰ ਵਿੱਚ ਸ਼ਾਂਤਮਈ ਤੇ ਨਿਰਪੱਖ ਢੰਗ ਨਾਲ ਵੋਟਾਂ ਪਵਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ, ਜਿੱਥੇ 16.54 ਲੱਖ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰ ਸਕਣਗੇ।ਡਾ. ਅਗਰਵਾਲ ਨੇ ਦੱਸਿਆ ਕਿ ਪੋਲਿੰਗ ਪਾਰਟੀਆਂ ਲਈ ਰਿਸੀਟ ਸੈਂਟਰਾਂ ਅਤੇ ਪੋਲਿੰਗ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ, ਖਾਣਾ, ਚਾਹ, ਮੈਡੀਕਲ ਸਹਾਇਤਾ ਸਮੇਤ ਹੋਰ ਲੋੜੀਂਦੀਆਂ ਸੁਵਿਧਾਵਾਂ ਯਕੀਨੀ ਬਣਾਈਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਵਿੱਚ ਕੁੱਲ 16,54,005 ਵੋਟਰ ਹਨ, ਜਿਨ੍ਹਾਂ ਵਿੱਚ 8,59,688 ਮਰਦ ਅਤੇ 7,94,273 ਮਹਿਲਾ ਅਤੇ 44 ਥਰਡ ਜੈਂਡਰ ਵੋਟਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹੇ ਭਰ ਵਿੱਚ 1951 ਪੋਲਿੰਗ ਬੂਥ ਬਣਾਏ ਗਏ ਹਨ। ਪੋਲਿੰਗ ਪ੍ਰਕਿਰਿਆ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ 9424 ਪੋਲਿੰਗ ਸਟਾਫ਼ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ 419 ਮਾਈਕਰੋ ਆਬਜ਼ਰਵਰ ਵੀ ਪੋਲਿੰਗ ਬੂਥਾਂ 'ਤੇ ਤਾਇਨਾਤ ਕੀਤੇ ਗਏ ਹਨ।ਚੋਣਾਂ ਦੌਰਾਨ ਪ੍ਰਸ਼ਾਸਨ ਵੱਲੋਂ ਅਮਨ-ਕਾਨੂੰਨ ਦੀ ਸਥਿਤੀ 'ਤੇ ਨਜ਼ਰ ਰੱਖਣ ਲਈ ਡਰੋਨ ਤਾਇਨਾਤ ਕੀਤੇ ਗਏ ਹਨ। ਇਹ ਡਰੋਨ ਚੋਣਾਂ ਦੌਰਾਨ ਪੈਸੇ ਦੀ ਵਰਤੋਂ ਨੂੰ ਰੋਕਣ ਵਿੱਚ ਲੱਗੀਆਂ ਚੈਕਿੰਗ ਟੀਮਾਂ ਦੀ ਮਦਦ ਕਰਨਗੇ।ਡਾ. ਅਗਰਵਾਲ ਨੇ ਇਹ ਵੀ ਦੱਸਿਆ ਕਿ ਸੁਤੰਤਰ ਤੇ ਪਾਰਦਰਸ਼ੀ ਚੋਣਾਂ ਯਕੀਨੀ ਬਣਾਉਣ ਲਈ ਸਮੁੱਚੇ 1951 ਪੋਲਿੰਗ ਬੂਥਾਂ ਦੀ ਵੈੱਬਕਾਸਟਿੰਗ ਕਰਵਾਈ ਜਾ ਰਹੀ ਹੈ, ਜਿਸ ਦੇ ਲਈ ਸਾਰੀਆਂ ਪੋਲਿੰਗ ਲੋਕੇਸ਼ਨਾਂ 'ਤੇ ਕੁੱਲ 2113 ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਵੈਬਕਾਸਟਿੰਗ ਦੀ ਨਜ਼ਰਸਾਨੀ ਲਈ ਸਥਾਨਕ ਸੀ.ਟੀ. ਇੰਸਟੀਚਿਊਟ ਵਿਖੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿਥੇ 90 ਕੰਪਿਊਟਰਾਂ, 5 ਪ੍ਰਾਜੈਕਟਰਾਂ ਅਤੇ 120 ਵਿਅਕਤੀਆਂ ਵਾਲੇ ਸਟਾਫ਼ ਦੀ ਮਦਦ ਨਾਲ ਪੋਲਿੰਗ ਸਟੇਸ਼ਨਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਵੇਗੀ।

# ਬਾਬਾ ਜੰਮੂ ਸ਼ਾਹ ਹੁਜਰਾ ਪੀਰ ਦਰਬਾਰ ਦਾ ਸਾਲਾਨਾ ਮੇਲਾ 2 ਤੇ 3 ਨੂੰ

**ਆਦਮਪੁਰ, (ਪਰਮਜੀਤ ਸਿੰਘ)** - ਪਿੰਡ ਖਿੱਚੀਪੁਰ ਅਤੇ ਨਰੰਗਪੁਰ ਵਿਚ ਹਰ ਸਾਲ ਬਾਬਾ ਜੰਮੂ ਸ਼ਾਹ ਹੁਜਰਾ ਪੀਰ ਦਰਬਾਰ 'ਤੇ ਮਨਾਇਆ ਜਾਣ ਵਾਲਾ ਮੇਲਾ ਇਸ ਸਾਲ ਵੀ 2 ਤੇ 3 ਜੂਨ ਨੂੰ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਸੰਦੀਪ ਸਿੰਘ ਅਤੇ ਸਵਰਨਾ ਰਾਮ ਨੇ ਦੱਸਿਆ ਕਿ ਇਹਨਾਂ ਸਮਾਗਮਾਂ ਦੌਰਾਨ 2 ਜੂਨ ਨੂੰ ਚਿਰਾਗ ਰੌਸ਼ਨ ਕੀਤੇ ਜਾਣਗੇ। ਬੀਬੀ ਸ਼ਰੀਫਾਂ ਜੀ ਉਦੇਸੀਆਂ ਵਾਲੇ ਉਚੇਚੇ ਤੌਰ 'ਤੇ ਪੁੱਜਣਗੇ। ਸਰਬੱਤ ਦੇ ਭਲੇ ਦੀ ਬੇਨਤੀ ਕੀਤੀ ਜਾਵੇਗੀ। ਤਿੰਨ ਜੂਨ ਨੂੰ ਸੂਫੀਆਨਾ ਮਹਿਫਲ ਲਗਾਈ ਜਾਵੇਗੀ, ਜਿਸ ਪੰਜਾਬੀ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਸਰਬਜੀਤ ਫੁੱਲ, ਜਸਵਿੰਦਰ ਗੁਲਾਮ, ਸੁਖਦੇਵ ਗਿੱਲ, ਚਰਨਜੀਤ ਚੰਨੀ, ਅਮਰੀਕ ਮਾਈਕਲ, ਮਮਤਾ ਮਹਿਰਾ, ਐਸ ਬੰਗਾ, ਹਰੇਕ ਨੂਰ, ਮੀਨਾ ਮੱਟੂ, ਆਰਤੀ ਅਨਮੋਲ ਚੰਡੀਗੜ੍ਹ, ਸੂਫੀ ਗਾਇਕ ਰਿੰਪੀ ਭੱਟੀ, ਚੰਨੀ ਗਿੱਲ, ਬੀ.ਕੇ ਮਾਨ ਮਿਊਜ਼ੀਕਲ ਗਰੁੱਪ ਵੱਲੋਂ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ। ਸਟੇਜ ਸਕੱਤਰ ਦੀ ਭੂਮਿਕਾ ਦਿਨੇਸ਼ ਵੱਲੋਂ ਨਿਭਾਈ ਜਾਵੇਗੀ।

# ਆਈ ਏ ਐੱਸ ਤੇ ਐੱਚ ਸੀ ਐੱਸ ਅਧਿਕਾਰੀਆਂ ਨੂੰ ਕੈਸ਼ਲੈਸ ਸਿਹਤ ਸਹੂਲਤ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਹਰਿਆਣਾ ਸਰਕਾਰ ਨੇ ਸਾਰੇ ਆਈਏਐਸ ਅਤੇ ਐਚਸੀਐਸ ਅਧਿਕਾਰੀਆਂ ਨੂੰ ਵਿਆਪਕ ਕੈਸ਼ਲੈਸ ਸਿਹਤ ਸਹੂਲਤਾ ਯੋਜਨਾ (ਸੀਸੀਐਚਐਫ) ਕਾਰਡ ਬਨਾਉਣ ਲਈ ਜਲਦੀ ਤੋਂ ਜਲਦੀ ਇੰਟਰਾ ਹਰਿਆਣਾ ਪੋਰਟਲ 'ਤੇ ਆਪਣੇ ਪਰਵਾਰ ਦਾ ਵੇਰਵਾ ਭਰਨ ਦਾ ਨਿਰਦੇਸ਼ ਦਿੱਤਾ ਹੈ। ਮੁੱਖ ਸਕੱਤਰ ਵੱਲੋਂ ਅਧਿਕਾਰੀਆਂ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਰਾਜ ਸਰਕਾਰ ਵੱਲੋਂ ਜਨਵਰੀ, 2024 ਨੂੰ ਵਿਆਪਕ ਕੈਸ਼ਲੈਸ ਸਿਹਤ ਸਹੂਲਤ ਸ਼ੁਰੂ ਕੀਤੀ ਗਈ ਸੀ। ਜਿਸ ਦੇ ਤਹਿਤ ਰਾਜ ਦੇ ਕਰਮਚਾਰੀਆਂ, ਸਿਰਫ ਮੱਛੀ ਪਾਲਣ ਅਤੇ ਬਾਗਬਾਨੀ ਕਰਮਚਾਰੀਆਂ ਦੇ ਆਸ਼ਰਿਤਾਂ, ਸਾਰੇ ਆਈਏਐਸ, ਆਈਪੀਐਸ ਅਤੇ ਆਈਐਫਓਐਸ ਅਧਿਕਾਰੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਸਿਹਤ ਕੈਸ਼ਲੈਸ ਸਿਹਤ ਦਾ ਲਾਭ ਮਿਲਨਾ ਹੈ।

ਪੱਤਰ ਵਿਚ ਸਾਰੇ ਆਈਏਐਸ/ਐਚਸੀਐਸ ਅਧਿਕਾਰੀਆਂ ਨੂੰ ਇੰਟਰਾ ਹਰਿਆਣਾ ਪੋਰਟਲ 'ਤੇ ਆਪਣੇ ਪਰਵਾਰ ਦਾ ਵੇਰਵਾ ਸਾਵਧਾਨੀਪੂਰਵਕ ਭਰਨ ਲਈ ਕਿਹਾ ਗਿਆ ਹੈ, ਜਿਸ ਦੇ ਬਾਅਦ ਮੁੱਖ ਸਕੱਤਰ ਦਫਤਰ ਦੇ ਚੈਕਰ ਸਬੰਧਿਤ ਵੱਲੋਂ ਭਰੇ ਗਏ ਐਚਆਰਐਮਐਸ ਪੋਰਟਲ 'ਤੇ ਸਿਰਫ ਪਰਵਾਰਕ ਵੇਰਵਾ ਨੂੰ ਤਸਦੀਕ ਜਾਂ ਅਨੁਮੋਦਿਤ ਕਰਨਗੇ। ਇੰਟਰਾ ਹਰਿਆਣਾ ਪੋਰਟਲ 'ਤੇ ਉਨ੍ਹਾਂ ਦੇ ਪਰਵਾਰ ਦਾ ਵੇਰਵਾ ਭਰਨ ਲਈ ਸਬੰਧਿਤ ਅਧਿਕਾਰੀ ਪੂਰੀ ਤਰ੍ਹਾਂ ਨਾਲ ਜਿਮੇਵਾਰ ਹੋਵੇਗਾ।